
ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਮਈ-ਜੂਨ 2015



20/-

ਅੰਤਰ ਝਾਤ

ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸ ਦੇ ਇੱਕ ਸਾਵੀ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵੱਧ ਜਾਂਦੇ ਹਨ ...ਫਰਾਇਡ

ਮੈਂ ਤੁਹਾਡਾ ਮੁਜਰਮ ਜੇ

ਮੇਰੇ ਦੇਸ਼ ਦਿਓ ਮਜ਼ਦੂਰੋ
ਫ਼ਜਰੇ ਸ਼ਿਖਰ ਦੁਪਹਿਰੇ ਸ਼ਾਮੀਂ
ਮੁਰਦਾ ਵਿੱਚ ਮਸ਼ੀਨਾਂ ਦੇ
ਜਾਨਾਂ ਪਾਵਣ ਵਾਲਿਓ ਲੋਕੋ
ਮਿੱਟੀ ਸੋਨਾ ਕਰਨਿਉਂ ਲੋਕੋ
ਫਿਰ ਵੀ ਭੁੱਖੇ ਮਰਨਿਉਂ ਲੋਕੋ
ਮੇਰਾ ਇੱਕ ਐਲਾਨ ਸੁਣੋ
ਪੂਰੇ ਨਾਲ ਧਿਆਨ ਸੁਣੋ
ਸਨ੍ਹੀਆਂ, ਥੌੜੇ, ਰੰਬੇ, ਕਹੀਆਂ
ਕਾਂਡੀ, ਤੇਸੀ, ਗੈਂਤੀ ਛੱਡੋ
ਡਾਂਗਾਂ, ਸੋਟੇ, ਛਾਂਟੇ, ਛਮਕਾਂ,
ਇੱਟਾਂ, ਵੱਟੇ
ਜੋ ਵੀ ਲੱਭੇ
ਮੇਰੇ ਵਲੇ ਲੈ ਕੇ ਨੱਠੋ
ਮੈਨੂੰ ਆ ਕੇ ਮਾਰੋ ਕੁੱਟੋ
ਮੇਰੇ ਚਿੱਟੇ ਕਾਗਜ਼ ਪਾੜੋ
ਮੇਰੀਆਂ ਸੱਭੇ ਲਿਖਤਾਂ ਸਾੜੋ
ਮੇਰਾ ਜੁਰਮ ਵੀ ਸੁਣ ਲੋ ਮੈਥੋਂ
ਮੈਂ ਤੁਹਾਡੇ ਵਿੱਚੋਂ ਹੋ ਕੇ
ਤੁਹਾਡੇ ਵੱਲ ਦੀ
ਗੱਲ ਨਹੀਂ ਕਰਦਾ
ਮੈਂ ਤੁਹਾਡਾ ਮੁਜਰਮ ਜੇ
ਮੈਂ ਤੁਹਾਡਾ ਮੁਜਰਮ ਜੇ



ਬਾਬਾ ਨਜ਼ਮੀ

7 ਦਿਨਾਂ ਕਲਾ ਵਰਕਸ਼ਾਪ

ਤਰਕਸ਼ੀਲ ਸੋਚ ਦੇ ਨਾਟਕਾਂ, ਵੀਡੀਓਜ਼ ਤੇ ਕਲਾ ਦੇ ਹੋਰਨਾਂ ਰੂਪਾਂ ਵਿੱਚ ਮੁਹਾਰਤ ਦੇਣ ਲਈ ਜੂਨ ਦੇ ਤੀਸਰੇ ਹਫ਼ਤੇ ਸਭਿਆਚਾਰਕ ਵਿਭਾਗ ਦੀ ਪਹਿਲ ਕਦਮੀ ਤੇ ਨਾਟਕ ਤੇ ਕਲਾ ਟੀਮਾਂ ਦੀ ਤਿਆਰੀ ਸਬੰਧੀ ਜੂਨ ਦੇ ਆਖਰੀ ਹਫ਼ਤੇ ਸਮਰਾਲਾ ਵਿਖੇ 7 ਦਿਨਾਂ ਰਿਹਾਇਸ਼ੀ ਕਲਾ ਵਰਕਸ਼ਾਪ ਲਗਾਈ ਜਾ ਰਹੀ ਹੈ। ਜਿਸ ਵਿੱਚ ਹਰੇਕ ਜ਼ੋਨ ਵਿੱਚੋਂ ਕਲਾਤਮਕ ਰੁਚੀਆਂ ਵਾਲੇ ਘੱਟੋ ਘੱਟ 9 ਮੈਂਬਰਾਂ ਦੀ ਟੀਮ ਉਸਾਰਨ ਦਾ ਟੀਚਾ ਹੈ। ਇਸ ਵਰਕਸ਼ਾਪ 'ਚ ਭਾਗ ਲੈਣ ਵਾਲੇ ਤਰਕਸ਼ੀਲ ਮੈਂਬਰ ਤੇ ਸਨੇਹੀ 31 ਮਈ ਤੋਂ ਪਹਿਲਾਂ ਆਪਣੇ ਜ਼ੋਨ ਮੁਖੀਆਂ ਰਾਹੀਂ ਜਰੂਰ ਸੂਚਿਤ ਕਰਨ।

ਮਾ. ਤਰਲੋਚਨ ਸਮਰਾਲਾ, ਮੁਖੀ, ਸਭਿਆਚਾਰਕ ਵਿਭਾਗ, ਸੰਪਰਕ- 94632 03360

ਮੁੱਖ ਦਫਤਰ 'ਚ ਮਾਨਸਿਕ ਸਿਹਤ ਚੇਤਨਾ ਕੇਂਦਰ ਸਥਾਪਤ

ਤਰਕਸ਼ੀਲ ਭਵਨ ਬਰਨਾਲਾ ਵਿਖੇ ਸਥਿਤ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਮੁੱਖ ਦਫਤਰ 'ਚ ਹਫਤੇ ਦੇ ਹਰੇਕ ਮੰਗਲਵਾਰ ਮਾਨਸਿਕ ਮਨੋਰੋਗੀਆਂ ਲਈ ਮਾਨਸਿਕ ਸਿਹਤ ਚੇਤਨਾ ਕੇਂਦਰ ਸਵੇਰੇ 10-00 ਵਜੇ ਤੋਂ ਦੁਪਿਹਰ 2-00 ਵਜੇ ਤੱਕ ਨਿਸ਼ਚਿਤ ਰੂਪ 'ਚ ਕੰਮ ਕਰਿਆ ਕਰੇਗਾ। ਜਿਸ ਦੇ ਇੰਚਾਰਜ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਹੋਣਗੇ ਤੇ ਰਜਿੰਦਰ ਭਦੌੜ ਸਹਾਇਕ ਦੇ ਤੌਰ 'ਤੇ ਕੰਮ ਕਰਨਗੇ। ਲੋੜਵੰਦ ਸੱਜਣ ਨਿਸ਼ਚਿਤ ਦਿਨ 'ਤੇ ਆ ਕੇ ਸਹਿਯੋਗ ਪ੍ਰਾਪਤ ਕਰ ਸਕਦੇ ਹਨ।

ਜਿਹੜਾ ਤਰਕ ਵਰਤਦਾ ਨਹੀਂ ਉਹ ਕੱਟੜਪੰਥੀ ਹੈ, ਜਿਹੜਾ ਤਰਕ ਵਰਤ ਨਹੀਂ ਸਕਦਾ ਉਹ ਮੂਰਖ ਹੈ ਤੇ ਜਿਹੜਾ ਤਰਕ ਵਰਤਣ ਦਾ ਹੌਸਲਾ ਨਹੀਂ ਕਰਦਾ ਉਹ ਗੁਲਾਮ ਹੈ। ...ਵਿਲੀਅਮ ਡਰੰਮੰਡ

ਚੰਦਾ
ਸਲਾਨਾ : 100/- ਰੁਪਏ
ਵਿਦੇਸ਼ : 25 ਯੂ.ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਐਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਕਿਸੇ ਸਾਹਿਤਕਾਰ ਦਾ ਮੁੱਖ ਸਰੋਕਾਰ ਸਮਾਜਕ, ਰਾਜਨੀਤਕ ਅਤੇ ਆਰਥਿਕ ਯਥਾਰਥ ਦੇ ਕੋਡ ਖੋਲ੍ਹਣਾ ਅਤੇ ਕਲਾ ਦੀ ਮਾਨਵਕਾਰੀ ਪ੍ਰਵਿਰਤੀ ਨੂੰ ਸਮਝਦਿਆਂ, ਲੋਕ ਚੇਤਨਾ ਨੂੰ ਤਿੱਖਾ ਕਰਨਾ ਅਤੇ ਇੱਕ ਅਜਿਹੀ ਜੰਗ ਲਈ ਤਿਆਰ ਕਰਨਾ ਹੁੰਦਾ ਜੋ ਸਮਾਜ ਵਿੱਚੋਂ ਲੁੱਟ, ਦਾਬੇ, ਵਖਰੇਵਿਆਂ ਨੂੰ ਖ਼ਤਮ ਕਰਕੇ ਲੋਕ ਪੱਖੀ ਸਮਾਜ ਸਿਰਜਦੀ ਹੈ। ਸਮੇਂ ਦਾ ਸੱਚ ਬਹੁਤ ਕੁੱਝ ਮੰਗਦਾ ਹੈ। ਸਾਹਿਤ ਦੀ ਸਰਵ-ਸ੍ਰੇਸ਼ਟਤਾ ਵੀ ਇਸੇ ਵਿੱਚ ਹੁੰਦੀ ਹੈ ਕਿ ਉਹ ਕਿਸੇ ਅਜਿਹੇ ਸੌਂਦਰਯ ਨੂੰ ਰੂਪਮਾਨ ਕਰੇ, ਜਿਸਦੀ ਕ੍ਰਿਆਸ਼ੀਲਤਾ ਸਿੱਧੀ ਰੇਖਾ ਵਾਂਗੂੰ, ਅਕ੍ਰਿਤੀਆਂ ਵਿਚਲੇ ਸੱਚ ਨੂੰ ਸਹਿਜ ਬਣਾ ਸਕਦੀ ਹੋਵੇ। ਅਸੀਂ ਆਪਣੀਆਂ ਅੱਖਾਂ ਸਾਹਮਣੇ ਜਿਸ ਢੰਗ ਨਾਲ ਰਾਜ ਸਤਾ ਹਥਿਆਈ ਜਾਂਦੀ, ਦੌਲਤ ਵੰਡੀ ਜਾਂਦੀ, ਮਿਹਨਤ ਲੁੱਟੀ ਜਾਂਦੀ, ਸਮਾਜ ਬੀਮਾਰ ਰੁਚੀਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਵੇਖ ਰਹੇ ਹਾਂ। ਅਜਿਹੇ ਵਰਤਾਰੇ ਨੇ ਲੇਖਕਾਂ/ਕਲਾਕਾਰਾਂ ਵਿੱਚ ਦੋ ਤਰ੍ਹਾਂ ਦੀਆਂ ਪ੍ਰਵਿਰਤੀਆਂ ਨੂੰ ਜਨਮ ਦਿੱਤਾ ਹੈ-ਇੱਕ, ਪੀੜਤ ਤੋਂ ਅਲੱਗ ਥਲੱਗ (Alienated) ਹੋਈ, ਸਿਰਫ਼ ਇਸ ਵਰਤਾਰੇ ਤੇ ਰਸਮੀ ਅੱਥਰੂ ਵਹਾਉਣ ਦੀ, ਇਹ ਨਿਰਾਸ਼ਾਵਾਦੀ ਹੈ। ਦੂਜੀ, ਉਹ ਜਿਹੜੀ ਲੋਕ ਪੱਖੀ ਪ੍ਰੀਵਰਤਨ ਲਈ ਸੰਘਰਸ਼ਸ਼ੀਲ ਹੈ, ਜਿਸਨੇ ਉਚੇਰੀਆਂ ਸੰਭਾਵਨਾਵਾਂ ਉਸਾਰਨ ਦਾ ਝੰਡਾ ਚੁੱਕਿਆ ਹੋਇਆ ਹੈ। ਥੱਬਿਆਂ ਦੇ ਥੱਬੇ ਕਾਲੇ ਕੀਤੇ ਕਾਗਜਾਂ ਨੇ ਖ਼ਤਮ ਹੋ ਜਾਣਾ ਹੁੰਦਾ ਹੈ, ਉਹ ਸ਼ਬਦ/ਕ੍ਰਿਤਾਂ/ਰਚਨਾਵਾਂ ਹੀ ਜਿਉਂਦੀਆਂ ਰਹਿੰਦੀਆਂ ਹਨ, ਉਹਨਾਂ ਨੂੰ ਹੀ ਸਮਾਜ ਅਤੇ ਇਤਿਹਾਸ ਮਾਨਤਾ ਦਿੰਦਾ ਹੈ, ਲੋਕ ਮਨਾਂ ਦਾ ਹਿੱਸਾ ਬਣਦੀਆਂ ਹਨ ਜੋ ਸਮਕਾਲੀ ਯਥਾਰਥ ਦੀ ਮੁਖ ਧਾਰਾ ਵਿੱਚ ਵਿਆਪਕ ਦਖਲ ਦੇ ਕੇ ਬੁਨਿਆਦੀ ਤਬਦੀਲੀ ਲਈ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ ਅਤੇ ਸਮਾਜ ਅੰਦਰ ਲੋਕ-ਜੰਗ ਲਈ ਮਾਹੌਲ ਤਿਆਰ ਕਰਦੀਆਂ ਹਨ। ਉਰਦੂ ਦਾ ਪ੍ਰਸਿੱਧ ਸਾਹਿਤਕਾਰ ਅਹਿਮਦ ਨਦੀਮ ਕਾਸਮੀ ਆਪਣੀ ਕਹਾਣੀ 'ਹੀਰੋਸੀਮਾ ਤੋਂ ਪਹਿਲਾਂ, ਹੀਰੋਸੀਮਾ ਤੋਂ ਪਿੱਛੋਂ' ਵਿੱਚ ਆਖਦਾ ਹੈ : 'ਜੰਗ ਸਿਰਫ਼ ਤੋਪ ਤੇ ਬੰਦੂਕ ਦੀ ਹੀ ਤਾਂ ਮੁਥਾਜ ਨਹੀਂ ਹੁੰਦੀ, ਭੁੱਖ ਦੀ ਵੀ ਜੰਗ ਹੁੰਦੀ ਹੈ-ਗੁਲਾਮੀ ਦੀ ਵੀ ਜੰਗ ਹੁੰਦੀ ਹੈ। ਜੰਗ ਤਾਂ ਹਰ ਥਾਂ ਹੋ ਰਹੀ ਏ... ਇਹ ਸਦੀਵੀਂ ਜੰਗ ਕਦੇ ਖਤਮ ਨਹੀਂ ਹੋਵੇਗੀ। ਜਿਹੜੀ ਗਰੀਬਾਂ ਦੇ ਖੱਦਰ ਵਿੱਚ ਜੂੰਆਂ ਪਾਉਂਦੀ ਹੈ, ਜਿਹੜੀ ਅਮੀਰਾਂ ਦੇ ਰੇਸ਼ਮ ਹੇਠ ਗਠੀਏ ਦੀ ਸੂਰਤ ਵਿੱਚ ਪ੍ਰਵਾਨ ਚੜ੍ਹਦੀ ਏ... ਜੰਗ ਹਰ ਥਾਂ ਜਾਰੀ ਏ'। ਸਾਹਿਤਕਾਰ ਦੋਸਤੋ, ਅੱਜ ਰੁਮਾਂਟਿਕ ਜਿਹੀਆਂ ਗੱਲਾਂ ਲਿਖਣ ਦੀ ਥਾਂ, ਸਿਰਫ਼ ਬੰਦ ਕਮਰਿਆਂ ਅੰਦਰ ਗੋਸ਼ਟੀਆਂ, ਕਵੀ ਦਰਬਾਰਾਂ ਰਾਹੀਂ ਸਵੈ-ਸੰਤੁਸ਼ਟੀ ਕਰਨ ਦੀ ਥਾਂ, ਲੋੜ ਹੈ-ਲੋਰਕਾ, ਪਾਬਲੋ ਨਰੂਦਾ, ਨਾਜ਼ਮ ਹਿਕਮਤ, ਧੂਮਿਲ, ਉਦਾਸੀ, ਪਾਸ਼ ਦੀ ਵਿਰਾਸਤ ਨੂੰ ਹੋਰ ਅੱਗੇ ਤੋਰਣ ਦੀ, ਪ੍ਰਚੰਡ ਕਰਨ ਦੀ। ਸਿਰਫ਼ ਲੋਹੇ ਦੀ ਗੱਲ ਕਰਕੇ ਨਹੀਂ ਸਰਨਾ, ਲੋਹਾ ਖਾਣਾ ਪੈਣਾ ਹੈ। ਫਿਰ ਹੀ ਤੁਸੀਂ ਕਹਾ ਸਕਦੇ ਹੋ-ਖੇਤਾਂ ਦੇ ਪੁੱਤ, ਲੋਕ ਕਵੀ, ਲੋਕ ਸਾਹਿਤਕਾਰ।

ਧਾਰਾ 66-ਏ ਨੂੰ ਰੱਦ ਕਰਦਾ ਸੁਪਰੀਮ ਕੋਰਟ ਦਾ ਫੈਸਲਾ



ਹੇਮ ਰਾਜ ਸਟੈਨੋ

24 ਮਾਰਚ, 2015 ਨੂੰ ਸੁਪਰੀਮ ਕੋਰਟ ਨੇ ਸੂਚਨਾ ਅਤੇ ਤਕਨਾਲੋਜੀ ਐਕਟ ਦੀ ਧਾਰਾ 66-ਏ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਖਤਮ ਕਰ ਦਿੱਤਾ ਹੈ। ਇਹ ਮਸਲਾ ਕੀ ਸੀ ਅਤੇ ਇਸ ਤੋਂ ਕੀ ਸਿੱਟੇ ਨਿਕਲਦੇ ਹਨ, ਇਸ ਬਾਰੇ ਵਿਚਾਰ ਕਰਦੇ ਹਾਂ।

ਇਹ ਧਾਰਾ ਸੂਚਨਾ ਅਤੇ ਤਕਨਾਲੋਜੀ ਐਕਟ 'ਚ ਸਾਲ 2009 'ਚ ਸ਼ਾਮਲ ਕੀਤੀ ਗਈ ਸੀ। ਇਸ ਧਾਰਾ 'ਚ ਸੰਚਾਰ ਸੇਵਾਵਾਂ ਆਦਿ ਰਾਹੀਂ ਅਪਰਾਧਿਕ ਸੁਨੇਹਾ ਭੇਜਣ ਦੀ ਸ਼ਜ਼ਾ ਬਾਰੇ ਵਿਵਸਥਾ ਸੀ। ਇਸ ਵਿੱਚ ਦਰਜ ਸੀ ਕਿ ਕੋਈ ਵਿਅਕਤੀ ਜੋ ਕੰਪਿਊਟਰ ਸਾਧਨ ਜਾਂ ਕਿਸੇ ਹੋਰ ਸਾਧਨ ਵਾਲੇ ਯੰਤਰ ਰਾਹੀਂ:

ਏ: ਕੋਈ ਵੀ ਸੂਚਨਾ ਜੋ ਪੂਰਨ ਰੂਪ ਵਿੱਚ ਅਪਰਾਧਿਕ ਜਾਂ ਧਮਕਾਉਣ ਵਾਲੀ ਕਿਸਮ ਦੀ ਹੈ;

ਬੀ: ਕੋਈ ਵੀ ਸੂਚਨਾ ਜਿਸ ਬਾਰੇ ਉਹ ਜਾਣਦਾ ਹੈ ਕਿ ਉਹ ਝੂਠੀ ਹੈ, ਪੰਤੂ ਉਹ ਸੂਚਨਾ ਲਗਾਤਾਰ ਤੰਗ ਕਰਨ ਵਾਲੀ, ਤਕਲੀਫ ਦੇਣ ਵਾਲੀ, ਖਤਰੇ ਵਾਲੀ, ਰੁਕਾਵਟ ਪਾਉਣ ਵਾਲੀ, ਦੁਸ਼ਮਣੀ ਵਾਲੀ, ਬੇਇੱਜ਼ਤੀ ਕਰਨ ਵਾਲੀ, ਨੁਕਸਾਨ ਪਹੁੰਚਾਉਣ ਵਾਲੀ, ਘ੍ਰਿਣਾ ਜਾਂ ਨਫਰਤ ਵਾਲੀ, ਲਗਾਤਾਰ ਜ਼ੋਰ ਦੇ ਕੇ ਕਹਿਣ ਵਾਲੀ ਹੈ;

ਸੀ: ਕੋਈ ਬਿਜਲਈ ਡਾਕ ਜਾਂ ਬਿਜਲਈ ਡਾਕ-ਸੁਨੇਹਾ ਜੋ ਕਿ ਜਿਸਨੂੰ ਭੇਜਿਆ ਗਿਆ ਹੋਵੇ ਜਾਂ ਪ੍ਰਾਪਤ-ਕਰਤਾ ਨੂੰ ਤੰਗ ਕਰਨ ਜਾਂ ਅਸੁਵਿਧਾ ਪਹੁੰਚਾਉਣ ਜਾਂ ਧੋਖਾ ਕਰਨ ਜਾਂ ਗੁੰਮਰਾਹ ਕਰਨ ਵਾਲਾ ਹੋਵੇ;

ਤਾਂ ਅਜਿਹਾ ਜੁਰਮ ਜੁਰਮਾਨੇ ਸਮੇਤ ਤਿੰਨ ਸਾਲ ਤੱਕ ਦੀ ਕੈਦ ਕਰਨ ਨਾਲ ਸਜਾ ਯੋਗ ਹੋਵੇਗਾ।

ਇਸ ਧਾਰਾ ਅਧੀਨ 2012 'ਚ ਜਾਵਦਪੁਰ ਯੂਨੀਵਰਸਿਟੀ ਦੇ ਪ੍ਰੋਫੈਸਰ ਅੰਬੀਕੇਸ਼ ਮਹਾਪਾਤਰਾ ਅਤੇ ਉਸਦੇ ਗੁਆਂਢੀ ਸੁਬਗਾਤਾ ਸੇਨ ਗੁਪਤਾ ਨੂੰ ਗ੍ਰਿਫਤਾਰ ਕੀਤਾ ਗਿਆ। ਦੋਸ਼ ਲਾਇਆ ਗਿਆ ਕਿ ਉਨ੍ਹਾਂ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸਬੰਧੀ ਇੱਕ ਕਾਰਟੂਨ ਬਣਾਇਆ ਹੈ। ਇਸੇ ਤਰ੍ਹਾਂ ਅਸੀਮ ਤ੍ਰੀਵੇਦੀ ਕਾਰਟੂਨਿਸਟ ਨੂੰ ਗ੍ਰਿਫਤਾਰ ਕੀਤਾ ਗਿਆ ਕਿ ਉਸਨੇ ਪਾਰਲੀਮੈਂਟ ਭ੍ਰਿਸ਼ਟ ਹੋਣ ਦਾ ਮਜ਼ਾਕ ਉਡਾਉਂਦਾ ਕਾਰਟੂਨ ਬਣਾਇਆ ਹੈ। ਯੂ.ਪੀ. ਦੇ ਗਿਆਰਵੀਂ ਜਮਾਤ 'ਚ ਪੜ੍ਹਦੇ ਵਿਦਿਆਰਥੀ ਨੇ ਆਪਣੀ ਫੇਸ-ਬੁੱਕ ਰਾਹੀਂ ਯੂ.ਪੀ. ਦੇ ਮੰਤਰੀ ਆਜਮ ਖਾਨ ਨੂੰ ਲਿਖ ਦਿੱਤਾ ਕਿ ''ਹਿੰਦੂ ਸਿਆਸਤਦਾਨ ਜਦੋਂ ਚਾਹੁਣ ਟੋਪੀ ਪਹਿਨ ਲੈਂਦੇ ਹਨ, ਪ੍ਰੰਤੂ ਅਸੀਂ ਮੁਸਲਿਮ ਲੀਡਰ ਕਦੇ 'ਤਿਲਕ' ਨਹੀਂ ਲਗਾਉਂਦੇ। ਹਿੰਦੂ ਨਮਾਜ ਨੂੰ ਅਦਬ ਦੇ ਸਕਦੇ ਹਨ ਪ੍ਰੰਤੂ ਮੁਸਲਿਮ ਬੰਦੇ ਮਾਤਰਮ ਦਾ ਬਾਈਕਾਟ ਕਰਨਗੇ ਕਿਉਂਕਿ ਇਸਲਾਮ 'ਚ ਧਰਮ-ਨਿਰਪੇਖਤਾ ਅਤੇ ਦੇਸ਼-ਭਗਤੀ 'ਹਰਾਮ' ਹੈ।'' ਬਸ, ਇਸੇ 'ਤੇ ਹੀ ਉਸਨੂੰ ਧਾਰਾ 66-ਏ ਅਧੀਨ ਗ੍ਰਿਫਤਾਰ ਕਰ ਲਿਆ ਗਿਆ। 2012 'ਚ ਜਦੋਂ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਦੀ ਮੌਤ ਹੋਈ ਤਾਂ ਸ਼ਹੀਨ ਨਾਮੀ ਵਿਦਿਆਰਥਣ ਨੇ ਆਪਣੀ ਫੇਸ-ਬੁੱਕ 'ਤੇ ਲਿਖ ਦਿੱਤਾ ਕਿ ''ਹਰ ਰੋਜ਼ ਹਜ਼ਾਰਾਂ ਲੋਕ ਮਰਦੇ ਹਨ। ਪ੍ਰੰਤੂ ਦੁਨੀਆਂ ਚੱਲਦੀ ਰਹਿੰਦੀ ਹੈ...ਸਿਰਫ ਇੱਕ ਸਿਆਸਤਦਾਨ ਮਰਿਆ ਹੈ ਅਤੇ ਉਹ ਵੀ ਕੁਦਰਤੀ ਮੌਤ। ਹਰ ਕੋਈ ਝੱਲਾ ਹੋਇਆ ਪਿਆ ਹੈ...ਸਤਿਕਾਰ ਕਮਾਇਆ ਜਾਂਦਾ ਹੈ, ਦਿੱਤਾ ਨਹੀਂ ਜਾਂਦਾ, ਅਤੇ ਨਿਸ਼ਚਿਤ ਤੌਰ 'ਤੇ ਥੋਪਿਆ ਤਾਂ ਬਿਲਕੁਲ ਨਹੀਂ ਜਾਂਦਾ। ਅੱਜ ਮੁੰਬਈ ਬੰਦ ਹੋਈ ਹੈ, ਸਤਿਕਾਰ ਵਜੋਂ ਨਹੀਂ ਬਲਕਿ ਭੈਅ ਕਰਕੇ।'' ਦੂਸਰੀ ਵਿਦਿਆਰਥਣ ਰੀਨੂ ਜਿਸਨੇ ਇਸ ਨੂੰ ''ਪਸੰਦ(**like**)'' ਕੀਤਾ ਉਸਨੇ ਟਿੱਪਣੀ ਕੀਤੀ:''ਹਰ ਕੋਈ ਜਾਣਦਾ ਹੈ ਕਿ ਇਹ ਭੈਅ ਕਾਰਨ ਹੋਇਆ ਹੈ। ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਉਸਨੇ ਬਹੁਤ ਗੱਲਾਂ ਚੰਗੀਆਂ ਕੀਤੀਆਂ, ਅਸੀਂ ਉਸਦਾ ਸਤਿਕਾਰ ਕਰਦੇ ਹਾਂ ਪ੍ਰੰਤੂ ਸਭ ਕੁੱਝ ਬੰਦ ਕਰ ਦੇਣਾ ਕੋਈ ਸਮਝਦਾਰੀ (**sense**) ਨਹੀਂ ਹੈ! ਸਤਿਕਾਰ ਹੋਰ ਕਿੰਨੇ ਹੀ ਤਰੀਕਿਆਂ ਨਾਲ ਦਿਖਾਇਆ ਜਾ ਸਕਦਾ ਹੈ!'' ਇਨ੍ਹਾਂ ਦੋਨੋਂ ਵਿਦਿਆਰਥਣਾਂ 'ਤੇ ਪਹਿਲਾਂ ਭਾਰਤੀ ਦੰਡ ਸਹਿੰਤਾ ਅਧੀਨ ਨਫਰਤ ਫੈਲਾਉਣ ਦਾ ਦੋਸ਼ ਲਗਾਇਆ ਗਿਆ ਅਤੇ ਫਿਰ ਧਾਰਾ 66-ਏ ਲਗਾ ਦਿੱਤੀ ਗਈ। ਇਸੇ ਤਰ੍ਹਾਂ ਜੂਨ 2014 'ਚ ਸ੍ਰੀ ਕਰਿਸ਼ਨਾ ਕਾਲਜ, ਥਰੀਸੁਰ ਅਤੇ ਉਨ੍ਹਾਂ ਦੇ ਪ੍ਰਿੰਸੀਪਲ ਨੂੰ ਆਪਣੇ ਕਾਲਜ ਦੇ ਮੈਗਜ਼ੀਨ ''ਨੇਮ'' ਵਿੱਚ ਮੋਦੀ ਬਾਰੇ ਇੱਕ ਪਹੇਲੀ ਛਾਪਣ 'ਤੇ ਇਸੇ ਧਾਰਾ ਤਹਿਤ ਗ੍ਰਿਫਤਾਰ ਕਰ ਲਿਆ ਗਿਆ। ਹੋਰ ਬਹੁਤ ਉਦਾਹਰਣਾਂ ਹੋ ਸਕਦੀਆਂ ਹਨ। ਸੋ ਇਨ੍ਹਾਂ ਕੁੱਝ ਕੁ ਉਦਾਹਰਣਾਂ ਤੋਂ ਦੇਖਿਆ ਜਾ ਸਕਦਾ ਹੈ ਕਿ ਕਿਸੇ ਨੇ ਕਿਸੇ ਨਾਲ ਕੁੱਝ ਵੀ ਸਾਂਝਾ ਕਰ ਲਿਆ, ਬਸ ਉਸੇ ਨੂੰ ਕਿਵੇਂ ਨਾ ਕਿਵੇਂ ਕੋਈ ਜੁਰਮ ਗਰਦਾਨਦਿਆਂ ਹਾਕਮ ਪਾਰਟੀਆਂ ਦੇ ਸਿਆਸਤਦਾਨ ਜੇਲ੍ਹ

ਭਿਜਵਾ ਦਿੰਦੇ ਹਨ।

ਸੂਚਨਾ ਅਤੇ ਤਕਨਾਲੋਜੀ ਐਕਟ ਦੀ ਧਾਰਾ 66-ਏ ਨੂੰ ਰੱਦ ਕਰਵਾਉਣ ਲਈ ਸੰਨ 2012 'ਚ ਸਭ ਤੋਂ ਪਹਿਲਾਂ ਜਨ-ਹਿਤ ਪਟੀਸ਼ਨ ਪਾਉਣ ਵਾਲੀ ਕਾਨੂੰਨ ਦੀ 24 ਸਾਲਾ ਵਿਦਿਆਰਥਣ ਸ਼ਰੇਆ ਸਿੰਘਲ ਸੀ। ਉੱਘੀ ਲੇਖਿਕਾ ਤਸਲੀਮਾ ਨਸਰੀਨ, ਆਜ਼ਾਦ ਰਾਜ ਸਭਾ ਐਮ.ਪੀ. ਰਾਜੀਵ ਚੰਦਰ ਸ਼ੇਖਰ ਨੇ ਵੀ ਇਸ ਧਾਰਾ ਨੂੰ ਰੱਦ ਕਰਨ ਲਈ ਪਟੀਸ਼ਨਾਂ ਪਾਈਆਂ।

ਸੁਪਰੀਮ ਕੋਰਟ ਨੇ ਧਾਰਾ 66-ਏ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਹ ਇੱਕ ਅਜਿਹੀ ਅਸ਼ਪੱਸ਼ਟ ਧਾਰਾ ਹੈ ਕਿ ਇਸ ਦੀ ਕੋਈ ਵੀ ਪ੍ਰੀਭਾਸ਼ਾ ਠੋਸ ਨਹੀਂ ਹੈ। ਭਾਵ ਕਿ ਕਿਸੇ ਨੂੰ ਵੀ ਕੋਈ ਵਿਚਾਰ ਪ੍ਰਗਟ ਕਰਨ ਕਰਕੇ ਉਸ 'ਤੇ ਮੁਕੱਦਮਾ ਬਣਾਕੇ ਜੇਲ੍ਹ ਭੇਜਿਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਦਰਜ ਕੀਤਾ ਹੈ ਕਿ ਜਿਹੜੀ ਗੱਲ ਕਿਸੇ ਇੱਕ ਨੂੰ ਤੰਗ ਜਾਂ ਔਖਿਆਈ ਦੇ ਸਕਦੀ ਹੈ ਜ਼ਰੂਰੀ ਨਹੀਂ ਉਹ ਦੂਸਰੇ ਲਈ ਵੀ ਇਉਂ ਹੋਵੇ। ਜਮਹੂਰੀਅਤ 'ਚ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਸੁਤੰਤਰਤਾ ਇੱਕ ਮੂਲ ਕਦਰ ਹੈ ਜਿਹੜੀ ਸਾਡੇ ਸੰਵਿਧਨ ਅੰਦਰ ਸਭ ਤੋਂ ਸ੍ਰਵਸ਼੍ਰੇਸ਼ਠ ਮਹੱਤਤਾ ਰੱਖਦੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਆਪਣੇ ਨੁੰਮਾਇੰਦੇ ਸਰਕਾਰੀ ਵਕੀਲ **(Additional Solicitor General)** ਰਾਹੀਂ ਇਸ ਧਾਰਾ ਨੂੰ ਬਣਾਈ ਰੱਖਣ ਦੇ ਹੱਕ 'ਚ ਦਿੱਤੀਆਂ ਸਾਰੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ।

ਸੁਪਰੀਮ ਕੋਰਟ ਦੇ ਇਸ ਫੈਸਲੇ ਸਬੰਧੀ ਬੜੀ ਚਰਚਾ ਹੋ ਰਹੀ ਹੈ ਜੋ ਸੁਭਾਵਿਕ ਵੀ ਹੈ ਕਿਉਂਕਿ ਇਹ ਨਵੀਂ ਕਿਸਮ ਦਾ ਫੈਸਲਾ ਹੈ। ਇਸ ਚਰਚਾ ਬਾਰੇ ਪਹਿਲਾਂ ਦੋ ਤਿੰਨ ਨੁਕਤਿਆਂ ਬਾਰੇ ਗੱਲ ਕਰਦੇ ਹਾਂ ਅਤੇ ਫਿਰ ਕਿਸੇ ਸਿੱਟੇ 'ਤੇ ਪਹੁੰਚਦੇ ਹਾਂ।

ਭਾਵੇਂ ਸੁਪਰੀਮ ਕੋਰਟ ਦਾ ਇਹ ਫੈਸਲਾ ਇੱਕ ਚੰਗਾ ਕਦਮ ਹੈ ਪਰ ਕੀ ਸੱਚੀਓਂ ਹੀ ਇਸ ਨਾਲ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਲਈ ਹਰ ਨਾਗਰਿਕ ਨੂੰ ਖੁੱਲ੍ਹ ਹੋਵੇਗੀ? ਨਹੀਂ। ਕਿਉਂ ਨਹੀਂ? ਆਓ ਦੇਖੀਏ।

ਮਾਨਯੋਗ ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਫੋਟੋਆਂ, ਪੇਂਟਿੰਗ, ਫਿਲਮਾਂ, ਕਾਰਟੂਨਾਂ ਆਦਿ ਰਾਹੀਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਵਾਲੇ ਨੁਕਤੇ ਨੂੰ ਨਹੀਂ ਛੂਹਿਆ। ਜਿਵੇਂ ਦੇਖਣ-ਸੁਣਨ ਵਿੱਚ ਆਮ ਆਉਂਦਾ ਰਹਿੰਦਾ ਹੈ ਕਿ ਜੇਕਰ ਕੋਈ ਪੇਟਿੰਗ ਬਣਾ ਦੇਵੇ ਤਾਂ ਕੋਈ ਧਿਰ ਇਹ ਕਹਿ ਦਿੰਦੀ ਹੈ ਕਿ ਇਸ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਸੋ ਚੰਗਾ ਹੁੰਦਾ ਜੇਕਰ ਸੁਪਰੀਮ ਕੋਰਟ ਨੇ ਇਸ ਨੂੰ ਛੋਹਿਆ ਹੁੰਦਾ। ਇਸ ਤੋਂ ਇਲਾਵਾ ਸ਼ਰੇਆ ਸਿੰਘਲ ਨੇ ਆਪਣੀ ਪਟੀਸ਼ਨ 'ਚ ਧਾਰਾ 69-ਏ ਨੂੰ ਖਤਮ ਕਰਨ ਦੀ ਮੰਗ ਕੀਤੀ ਸੀ। ਪਰ ਇਸ ਧਾਰਾ 69-ਏ ਨੂੰ ਰੱਦ ਨਹੀਂ ਕੀਤਾ ਗਿਆ। ਇਹ ਧਾਰਾ 69-ਏ ਕਹਿੰਦੀ ਹੈ ਕਿ ਕੰਪਿਊਟਰ ਜ਼ਰੀਏ ਕਿਸੇ ਸੂਚਨਾ ਦੀ ਸਰਵਜਨਿਕ ਪਹੁੰਚ ਨੂੰ ਰੋਕਣ ਲਈ ਸਰਕਾਰ ਨਿਰਦੇਸ਼ ਜਾਰੀ ਕਰ ਸਕਦੀ ਹੈ। ਸੋ ਇਸ ਤਰ੍ਹਾਂ ਨਾਲ ਦੇਖਿਆਂ ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਅਮਲ 'ਚ ਨਾਮ ਦੀ ਆਜ਼ਾਦੀ ਬਣਕੇ ਰਹਿ ਜਾਵੇਗੀ। ਹਾਂ, ਇਸ ਫੈਸਲੇ ਨਾਲ ਚੇਤੰਨ ਹਿੱਸੇ ਅੰਦਰ ਵਿਚਾਰ ਪ੍ਰਗਟਾਉਣ ਬਾਰੇ ਚਰਚਾ ਭਖ ਸਕਦੀ ਹੈ ਜੋ ਆਪਣੇ ਆਪ 'ਚ ਇੱਕ ਚੰਗੀ ਗੱਲ ਹੈ। ਪਰ ਹਾਲ ਦੀ ਘੜੀ ਹਕੂਮਤਾਂ ਜਦੋਂ ਚਾਹੁਣਗੀਆਂ ਆਪਣੀ ਮਨ-ਮਰਜ਼ੀ ਨਾਲ ਕਿਸੇ ਨਾ ਕਿਸੇ ਲੂਲ੍ਹੇ-ਲੰਗੜੇ- ਬਹਾਨੇ ਹੇਠ ਕਿਸੇ ਵੀ ਵਿਅਕਤੀ ਦੇ ਵਿਚਾਰ ਬਣਾਉਣ ਅਤੇ ਪ੍ਰਗਟ ਕਰਨ 'ਤੇ ਉਸਨੂੰ ਜੇਲ੍ਹ ਭੇਜ ਦਿਆ ਕਰਨਗੀਆਂ।

ਇਸ ਤੋਂ ਇਲਾਵਾ ਰਾਜ-ਸੱਤਾ ਦੇ ਵਿਰੁੱਧ ਬਗਾਵਤ, ਅਸ਼ਲੀਲਤਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਕਿਸੇ ਨੂੰ ਵੀ ਅੰਦਰ ਕੀਤਾ ਜਾ ਸਕਦਾ ਹੈ। ਕਿਸੇ ਨੂੰ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕਰਨ 'ਤੇ ਜੇਲ੍ਹ ਭੇਜਿਆ ਜਾ ਸਕਦਾ ਹੈ। ਇਹ ਠੀਕ ਹੈ ਕਿ ਇਹ ਸਾਰੀਆਂ ਗੱਲਾਂ ਕਰਕੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਈ ਜਾਣੀ ਚਾਹੀਦੀ, ਅਸੀਂ ਇਸ ਤਰ੍ਹਾਂ ਕਰਨ ਦੇ ਸਖਤ ਵਿਰੁੱਧ ਹਾਂ। ਪਰ ਸੁਆਲ ਹੋਰ ਹੈ। ਉਹ ਕੀ ਹੈ? ਇਹ ਦੇਖਣ ਤੋਂ ਪਹਿਲਾਂ ਅਸੀਂ ਇੱਕ ਹਕੀਕੀ ਕੇਸ ਦੀ ਮਿਸਾਲ ਦਿੰਦੇ ਹਾਂ।

ਬਰਨਾਲਾ ਦੇ ਇੱਕ ਪ੍ਰਕਾਸ਼ਨ ਨੇ ਬਾਬੂ ਰਜਬ ਅਲੀ ਦੀ ਪਹਿਲਾਂ ਹੀ ਛਪੀ ਕਿਤਾਬ, ਦੁਬਾਰਾ ਛਾਪ ਦਿੱਤੀ। ਉਸ ਕਿਤਾਬ 'ਚ ਅੱਜ ਦੇ ਦਲਿਤ ਭਾਈਚਾਰੇ ਨੂੰ ਸੰਬੋਧਨ ਹੋਣ ਵੇਲੇ ਉਦੋਂ ਦੇ ਸਮੇਂ ਬੋਲੇ ਜਾਂਦੇ ਸ਼ਬਦ ਦਰਜ ਸਨ, ਜੋ ਸੁਭਾਵਿਕ ਹੀ ਹੈ। ਇਸ 'ਤੇ ਪੰਜਾਬ ਦੀ ਹਾਕਮ ਧਿਰ ਨੇ ਉਸ ਨਾਲ ਆਪਣੀ ਕੋਈ ਕਿੜ ਕੱਢਣ ਲਈ ਉਸ 'ਤੇ ਐਸ.ਸੀ.ਐਸ.ਟੀ.ਐਕਟ ਲਗਾ ਕੇ ਉਨ੍ਹਾਂ ਨੂੰ ਜੇਲ੍ਹ 'ਚ ਡੱਕ ਦਿੱਤਾ। ਹੈਰਾਨਗੀ ਦੀ ਗੱਲ ਇਹ ਕਿ ਇਹੋ-ਜਿਹੇ ਸ਼ਬਦ ਕਈ ਧਾਰਮਿਕ ਗ੍ਰੰਥਾਂ 'ਚ ਵੀ ਦਰਜ ਹਨ। ਹੋਰ ਹੈਰਾਨਗੀ ਅਤੇ ਜ਼ੁਲਮ ਦੀ ਗੱਲ ਇਹ ਵੀ ਕਿ ਉਸਦੇ ਨਾਲ ਇੱਕ ਐਸ.ਸੀ. 'ਤੇ ਵੀ ਮੁਕੱਦਮਾ ਦਰਜ ਕਰਕੇ ਉਸਨੂੰ ਵੀ ਜੇਲ੍ਹ 'ਚ ਡੱਕ ਦਿੱਤਾ ਜਦੋਂ ਕਿ ਕਾਨੂੰਨ ਅਨੁਸਾਰ ਵੀ ਐਸ.ਸੀ.ਐਸ.ਟੀ. ਬਰਾਦਰੀ ਦੇ ਇਨਸਾਨ 'ਤੇ ਇਹ ਮੁਕੱਦਮਾ ਦਰਜ ਹੀ ਨਹੀਂ ਕੀਤਾ ਜਾ ਸਕਦਾ।

ਸੋ ਕਹਿਣ ਤੋਂ ਭਾਵ ਇਹ ਹੈ ਕਿ ਰਾਜ-ਸੱਤਾ ਦੇ

ਵਿਰੁੱਧ ਬਗਾਵਤ, ਅਸ਼ਲੀਲਤਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਅਤੇ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕਰਨ 'ਤੇ ਕਿਸੇ ਨੂੰ ਵੀ ਜੇਲ੍ਹ ਭੇਜਣ ਦਾ ਪੈਮਾਨਾ ਕੌਣ ਤੈਅ ਕਰਦਾ ਹੈ? ਇਹ ਹਕੂਮਤੀ ਕੁਰਸੀਆਂ 'ਤੇ ਬਿਰਾਜਮਾਨ ਹਾਕਮ ਤੈਅ ਕਰਦੇ ਹਨ ਤੇ ਭਵਿੱਖ 'ਚ ਵੀ ਇਹ ਹਾਕਮ ਹੀ ਤੈਅ ਕਰਦੇ ਰਹਿਣਗੇ। ਹੁਣ ਹੋਰ ਦੇਖੋ। ਇਹ ਹਾਕਮ ਕਹਿੰਦੇ ਹਨ ਕਿ ਸਾਡਾ ਦੇਸ਼ ਆਜ਼ਾਦ ਹੈ। ਚਲੋ ਜੇਕਰ ਅਸੀਂ ਆਜ਼ਾਦੀ ਵਾਲੀ ਇਨ੍ਹਾਂ ਦੀ ਗੱਲ ਮੰਨ ਵੀ ਲਈਏ ਤਾਂ ਕੀ ਇਹ ਹੈਰਾਨਗੀ ਅਤੇ ਨਾਲ ਹੀ ਸ਼ਰਮਨਾਕ ਗੱਲ ਨਹੀਂ ਕਿ ਆਜ਼ਾਦੀ ਦੇ 68 ਸਾਲ ਬਾਅਦ ਇਹ ਬਹਿਸ ਹੋ ਰਹੀ ਹੈ ਕਿ ਇੱਥੋਂ ਦੇ ਨਾਗਰਿਕਾਂ ਨੂੰ ਕਿਹੜੀਆਂ ਸ਼ਰਤਾਂ ਦੇ ਬੰਧਨ 'ਚ ਬੰਨਕੇ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਦਿੱਤੀ ਜਾਵੇ! ਕਿਸੇ ਵੀ ਨਾਗਰਿਕ 'ਤੇ ਇਹ ਸ਼ਰਤਾਂ ਮੜਨੀਆਂ ਕਿ ਉਹ ਇਸ ਜਾਂ ਉਸ ਦਾਇਰੇ 'ਚ ਰਹਿਕੇ ਹੀ ਆਪਣੇ ਵਿਚਾਰ ਬਣਾਵੇ ਤੇ ਖਾਸ ਰੂਪ 'ਚ ਹੀ ਪ੍ਰਗਟ ਕਰੇ, ਇਹ ਵਿਚਾਰ ਬਣਾਉਣ ਤੇ ਪ੍ਰਗਟ ਕਰਨ ਦੀ ਆਜ਼ਾਦੀ ਕਿਵੇਂ ਹੋਈ? ਕਿਵੇਂ ਵੀ ਨਹੀਂ।

ਸਭ ਨੂੰ ਪਤਾ ਹੈ ਕਿ ਅੰਗਰੇਜ਼ਾਂ ਨੂੰ ਦੇਸ਼ੋਂ ਬਾਹਰ ਕਰਨ ਲਈ ਉਨ੍ਹਾਂ ਦੀ ਰਾਜ-ਸੱਤਾ ਦੇ ਵਿਰੁੱਧ ਸਾਡੇ ਦੇਸ਼ ਅੰਦਰ ਹਿੰਸਕ ਕਹੀਆਂ ਜਾਂਦੀਆਂ ਕਾਰਵਾਈਆਂ ਵੀ ਹੋਈਆਂ ਅਤੇ ਸਿਵਲ ਨਾ-ਫੁਰਮਾਨੀ ਵਰਗੀਆਂ ਲਹਿਰਾਂ ਵੀ ਚੱਲੀਆਂ। ਪਰ ਹੁਣ ਦੇ ਦੇਸੀ ਹਾਕਮ ਰਾਜ-ਸੱਤਾ ਦੇ ਵਿਰੁੱਧ ਬਗਾਵਤ, ਅਸ਼ਲੀਲਤਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਕਿਸੇ ਨੂੰ ਵੀ ਅੰਦਰ ਕਰ ਦੇਣ ਨੂੰ ਠੀਕ ਠਹਿਰਾ ਰਹੇ ਹਨ। ਜਾਂ ਤਾਂ ਉਹ ਇਤਿਹਾਸ ਨੂੰ ਗਲਤ ਕਹਿਣ? ਪਰ ਉਹ ਨਹੀਂ ਕਹਿਣਗੇ। ਇੱਥੋਂ ਤਾਂ ਇਹੀ ਸਿੱਟਾ ਨਿਕਲਦਾ ਹੈ ਕਿ ਅੱਜ ਦੇ ਹਾਕਮ ਜਨਤਾ ਦੇ ਨੁਮਾਇਦੇ ਤੇ ਸੇਵਕ ਹੋਣ ਦੀ ਥਾਂ ਆਪਣੇ ਆਪਨੂੰ ਮਾਲਕ **(Master)** ਸਮਝ ਰਹੇ ਹਨ। ਉਹ ਨਾਗਰਿਕਾਂ ਦੀ ਜ਼ਬਾਨ 'ਤੇ ਜਿੰਦਰਾ ਲਾਈ ਰੱਖਣਾ ਚਾਹੁੰਦੇ ਹਨ। ਇਸੇ ਲਈ ਉਨ੍ਹਾਂ ਨੇ ਹਰ ਨਾਗਰਿਕ ਨੂੰ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦੇਣ ਵਾਲੀ ਸੰਵਿਧਾਨ ਦੀ ਧਾਰਾ 19(1) ਦੇ ਨਾਲ ਹੀ ਸੰਵਿਧਾਨ ਦੀ ਧਾਰਾ 19(2) ਵੀ ਬਣਾਈ ਰੱਖੀ ਹੈ। ਧਾਰਾ 19(2) ਵਿੱਚ ਦਰਜ ਹੈ ਕਿ ਕਿਸੇ ਨਾਗਰਿਕ ਦਾ ਵਿਚਾਰ ਜੇਕਰ ਭਾਰਤ ਦੀ ਖੁਦਮੁਖਤਿਆਰੀ ਅਤੇ ਏਕਤਾ, ਰਾਜ ਦੀ ਸੁਰੱਖਿਆ, ਅਦਾਲਤ ਦੀ ਤੌਹੀਨ ਕਰਨ, ਕਿਸੇ ਜੁਰਮ ਵਾਸਤੇ ਉਕਸਾਉਣ, ਵਗੈਰਾ ਵਗੈਰਾ ਦੀ ਗੱਲ ਕਰਦਾ ਹੈ ਤਾਂ ਉਸ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਸੋ ਕਿਹੜਾ ਕਾਨੂੰਨ ਬਣਾਇਆ ਜਾਵੇ ਅਤੇ ਕਿਹੜਾ ਖਤਮ ਕੀਤਾ ਜਾਵੇ ਅਤੇ ਇਨ੍ਹਾਂ ਕਾਨੂੰਨਾਂ ਨੂੰ ਆਪਣੇ ਹੱਕ 'ਚ ਵਰਤਣ ਲਈ ਇਸਦਾ ਕੰਨ ਕਿੱਧਰ ਦੀ ਫੜਿਆ ਜਾਵੇ, ਇਹ ਸਾਰਾ ਕੁੱਝ ਅੱਜ ਦੇ ਹਾਕਮਾਂ ਦੇ ਹੱਥ ਹੈ। ਰਾਜ-ਸੱਤਾ 'ਤੇ ਕਾਬਜ਼ ਹਾਕਮ ਕਾਨੂੰਨ ਨੂੰ ਤਾਕਤ ਦੇ ਕੇ ਇਸਦੀ ਵਰਤੋਂ ਆਪਣੇ ਹਿਤਾਂ ਲਈ ਕਰਦੇ ਹਨ। ਇਸੇ ਕਰਕੇ ਹੀ ਹਾਕਮ ਜਦੋਂ ਚਾਹੁਣ ਆਮ ਨਾਗਰਿਕਾਂ ਦੇ ਵਿਚਾਰਾਂ ਦੀ ਆਜ਼ਾਦੀ ਦੀ ਸੰਘੀ 'ਤੇ ਹੱਥ ਰੱਖਕੇ ਘੋਰੜੂ ਬੋਲਣ ਲਾ ਦਿੰਦੇ ਹਨ ਅਤੇ ਜੇਕਰ ਇਨ੍ਹਾਂ ਨੂੰ ਇਉਂ ਮਹਿਸੂਸ ਹੋਵੇ ਕਿ ਬੁੜ-ਬੁੜ ਹੋਈ ਜਾਣ ਦਿਓ ਤਾਂ ਇਹ ਸੰਘੀ 'ਤੇ ਹੱਥ ਕੁੱਝ ਰੈਲਾ ਕਰ ਲੈਂਦੇ ਹਨ। ਸੋ ਵਿਚਾਰਾਂ ਦੀ ਆਜ਼ਾਦੀ ਦੇਣ ਜਾਂ ਨਾ ਦੇਣ ਦੀ ਤਾਕਤ ਇਨ੍ਹਾਂ ਹਾਕਮਾਂ ਦੇ ਹੱਥ ਹੈ। ਪਹਿਲਾਂ ਅੰਗਰੇਜ਼ ਇਸੇ ਤਰ੍ਹਾਂ ਕਰਦੇ ਹੁੰਦੇ ਸੀ, ਹੁਣ ਸਾਡੇ ਦੇਸੀ ਹਾਕਮ ਇਹ ਕਰ ਰਹੇ ਹਨ।

ਇਸ ਲਈ ਜੇਕਰ ਹਰ ਨਾਗਰਿਕ ਨੂੰ ਆਪੋ-ਆਪਣਾ ਦਾਇਰਾ ਤੈਅ ਕਰਕੇ ਆਪੋ-ਆਪਣੀ ਕਲਾ ਅਨੁਸਾਰ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਦੇਣੀ ਹੈ ਤਾਂ ਇਸ 'ਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਖਤਮ ਕਰਨੀਆਂ ਹੋਣਗੀਆਂ ਅਤੇ ਸੰਵਿਧਾਨ 'ਚ ਇਨ੍ਹਾਂ ਪਾਬੰਦੀਆਂ ਵਾਲੀਆਂ ਸੰਵਿਧਾਨਕ ਧਾਰਾਵਾਂ ਨੂੰ ਖਤਮ ਕਰਨ ਪਵੇਗਾ। ਪਰ ਇਨ੍ਹਾਂ ਹਕੂਮਤਾਂ ਤੋਂ ਇਹੋ-ਜਿਹੀ ਝਾਕ ਕਰਨੀ ਸ਼ੇਖ-ਚਿੱਲੀ ਦਾ ਸੁਪਨਾ ਹੀ ਹੈ ਕਿਉਂਕਿ ਹਾਕਮ ਲੁਟੇਰੀਆਂ ਜਮਾਤਾਂ ਦੀ ਨੁਮਾਇੰਦਗੀ ਕਰਦੇ ਹਨ। ਇਸ ਦੀ ਪਰਖ ਕਰਨ ਲਈ ਦੋ ਉਦਾਹਰਣਾਂ ਲਵੋ- ਪਹਿਲੀ ਭੂਮੀ ਅਧਿਗ੍ਰਹਿਣ ਦੇ ਬਿਲ ਦੀ ਅਤੇ ਦੂਸਰੀ ਕਿਰਤ ਕਾਨੂੰਨ, ਜਿਹੜੀ ਕਿਰਤੀਆਂ ਨੂੰ ਮਾੜੀ-ਮੋਟੀ ਰਾਹਤ ਦਿੰਦੇ ਸਨ, ਨੂੰ ਖਤਮ ਕਰਨ ਦੀ। ਲਓ ਦੇਖੋ।

ਭੂਮੀ ਅਧਿਗ੍ਰਹਿਣ ਬਿਲ ਬਾਰੇ ਆਰਡੀਨੈਂਸ ਜਾਰੀ ਕਰ ਦਿੱਤਾ ਗਿਆ ਹੈ। ਇਹ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣ ਦਾ ਸੰਦ ਹੈ। ਸੋ ਇਹ ਬਿਲ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਘਰਾਣਿਆਂ ਦੇ ਪੱਖੀ ਹੋਇਆ। ਕਮਾਲ ਦੀ ਗੱਲ ਇਹ ਦੇਖੋ ਕਿ ਭਾਜਪਾ ਵਾਲੇ, ਜਿੰਨਾਂ ਦੀ ਅਗਵਾਈ ਹੇਠ ਕੇਂਦਰ 'ਚ ਐਨ.ਡੀ.ਏ. ਸਰਕਾਰ ਚੱਲਦੀ ਹੈ, ਇਸ ਸਬੰਧੀ ਬੜੀਆਂ ਥੋਥੀਆਂ ਦਲੀਲਾਂ ਦੇ ਰਹੇ ਹਨ। ਇੱਕ ਦਿਨ ਟੀ.ਵੀ. 'ਤੇ ਇੱਕ ਭਾਜਪਾਈ ਬੁਲਾਰਾ ਕਹਿ ਰਿਹਾ ਸੀ ਕਿ ਕਿਸਾਨ ਨੂੰ ਬਿਜਲੀ ਦੀ ਲੋੜ ਹੈ, ਇਸ ਲਈ ਬਿਜਲੀ ਬਣਾਉਣ ਲਈ ਕਾਰਖਾਨੇ ਲਾਉਣਾ ਜ਼ਰੂਰੀ ਹੈ ਅਤੇ ਕਾਰਖਾਨੇ ਲਾਉਣ ਲਈ ਜ਼ਮੀਨ ਦੀ ਲੋੜ ਪਵੇਗੀ। ਇਸ ਲਈ ਜ਼ਮੀਨ ਅਧਿਗ੍ਰਹਿਣ **(Acquire)** ਕਰਨੀ ਜ਼ਰੂਰੀ ਹੈ। ਪਰ ਉਹ ਇਹ ਗੱਲ ਭੁੱਲ ਗਿਆ ਕਿ ਜੇਕਰ ਕਿਸਾਨ ਦੀ ਜ਼ਮੀਨ ਹੀ ਖੁੱਸ

ਗਈ ਤਾਂ ਉਸਨੂੰ ਕਿਹੜੇ ਟਿਊਬਵੈੱਲ ਜਾਂ ਥਰੈਸ਼ਰ ਚਲਾਉਣ ਲਈ ਬਿਜਲੀ ਦੀ ਲੋੜ ਪਵੇਗੀ? ਇਸੇ ਤਰ੍ਹਾਂ ਮਜ਼ਦੂਰਾਂ ਨੂੰ ਮਾੜੀ-ਮੋਟੀ ਰਾਹਤ ਦੇਣ ਵਾਲੇ ਕਾਨੂੰਨ ਖਤਮ ਕੀਤੇ ਜਾ ਰਹੇ ਹਨ। ਇਹ ਕਿਸਦੇ ਪੱਖ 'ਚ ਭੁਗਤਦੇ ਹਨ? ਸਪੱਸ਼ਟ ਤੌਰ 'ਤੇ ਸਰਮਾਏਦਾਰਾਂ ਦੇ।

ਮੁਕਦੀ ਗੱਲ, ਜਦੋਂ ਤੋਂ ਮਨੁੱਖੀ ਸਮਾਜ ਆਪੋ-ਵਿੱਚ ਦੋ ਵਿਰੋਧੀ ਜਮਾਤਾਂ ਵਿੱਚ ਵੰਡਿਆ ਤੁਰਿਆ ਆ ਰਿਹਾ ਹੈ ਉਦੋਂ ਤੋਂ ਲੈ ਕੇ ਕਦੇ ਵੀ ਕੋਈ ਵਿਚਾਰ ਅਤੇ ਕਰਮ ਇੱਕ ਜਮਾਤ ਦੇ ਪੱਖ 'ਚ ਅਤੇ ਦੂਸਰੀ ਦੇ ਵਿਰੋਧ 'ਚ ਭੁਗਤਦਾ ਰਿਹਾ ਹੈ ਅਤੇ ਇਹ ਦੋ ਵਿਰੋਧੀ ਜਮਾਤਾਂ ਦੇ ਹੋਂਦ 'ਚ ਰਹਿਣ ਤੱਕ ਇਉਂ ਹੀ ਭੁਗਤਦਾ ਰਹੇਗਾ, ਉਹ ਭਾਵੇਂ ਕਾਨੂੰਨ ਹੋਵੇ ਜਾਂ ਕੋਈ ਹੋਰ ਵਿਚਾਰ ਅਤੇ ਕੋਈ ਕਰਮ।

ਸੋ ਸਾਰੀ ਵਿਚਾਰ-ਚਰਚਾ ਦੇ ਇਹ ਸਿੱਟੇ ਨਿਕਲਦੇ ਹਨ:

ਪਹਿਲਾ, ਜਿੱਥੇ ਅੱਜ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਸਬੰਧੀ ਹਰ ਉਸ ਵਿਅਕਤੀ, ਜੋ ਮਾੜਾ-ਮੋਟਾ ਵੀ ਇਸ ਦੇ ਹੱਕ 'ਚ ਹੈ, ਨੂੰ ਨਾਲ ਲੈ ਕੇ ਜੱਦੋਜਹਿਦ ਕਰਨ ਦੀ ਲੋੜ ਹੈ। ਇੱਥੇ ਇਹ ਤੱਥ ਵੀ ਨੋਟ ਕਰਨਾ ਬਣਦਾ ਹੈ ਕਿ ਕਿੰਨੇ ਤਬਕੇ ਅਜਿਹੇ ਹੋ ਸਕਦੇ ਹਨ ਜਿਹੜੇ ਲੋਕ-ਪੱਖੀ ਸ਼ਕਤੀਆਂ ਦਾ ਆਰਥਕ ਖੇਤਰ ਦੀਆਂ ਮੰਗਾਂ 'ਚ ਕੋਈ ਸਾਥ ਨਾ ਦੇਣ, ਜਾਂ ਜਿੰਨਾਂ ਦੀ ਆਪਣੀ ਕੋਈ ਆਰਥਕ ਮੰਗ ਦੀ ਚੋਭ ਉਵੇਂ ਤਿੱਖੀ ਨਾ ਹੋਵੇ ਜਿਵੇਂ ਕਿਰਤੀ ਵਰਗ ਦੀ ਹੈ, ਪਰ ਉਹ ਤਬਕੇ ਜਮਹੂਰੀ ਮਸਲਿਆਂ 'ਤੇ ਲੋਕ-ਪੱਖੀ ਸ਼ਕਤੀਆਂ ਦਾ ਪੂਰਾ ਜਾਂ ਕੁੱਝ ਹੱਦ ਤੱਕ ਸਾਥ ਦੇ ਸਕਦੇ ਹੁੰਦੇ ਹਨ। ਇਸ ਲਈ ਅਜਿਹੇ ਮਸਲਿਆਂ 'ਤੇ ਇਨ੍ਹਾਂ ਤੱਕ ਪਹੁੰਚ ਕਰਦਿਆਂ ਇਨ੍ਹਾਂ ਨੂੰ ਨਾਲ ਲੈਣਾ ਲੋਕ-ਪੱਖੀ ਸ਼ਕਤੀਆਂ ਦੀ ਜ਼ਿੰਮੇਵਾਰੀ ਬਣਦੀ ਹੈ; ਅਤੇ

ਦੂਸਰਾ, ਇਹ ਲੜਾਈ ਲੜਦਿਆਂ ਸਮੁੱਚੇ ਕਿਰਤੀ ਲੋਕਾਂ ਦਾ ਏਕਾ ਉਸਾਰਦਿਆਂ ਇੱਥੇ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਲੋੜ ਹੈ। ਇਸ ਸਮਾਜ ਦੇ ਉਸਰ ਜਾਣ 'ਤੇ ਹਰ ਇਨਸਾਨ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਬਰਾਬਰ ਦਾ ਅਧਿਕਾਰ ਹੋਵੇਗਾ ਅਤੇ ਉਦੋਂ ਹਰ ਕੋਈ ਹਰ ਸਹੀ ਵਿਚਾਰ ਨੂੰ ਖੁਸ਼ੀ ਖੁਸ਼ੀ ਕਬੂਲ ਕਰੇਗਾ ਕਿਉਂਕਿ ਉਦੋਂ ਕਿਸੇ ਨੂੰ, ਕਿਸੇ ਨੂੰ ਵੀ ਦਬਾਉਣ ਦੀ ਲੋੜ ਹੀ ਨਹੀਂ ਰਹੇਗੀ।

98769-53561

ਸੁੱਤੀ ਪਈ ਨੈਤਿਕਤਾ ਨੂੰ ਜਾਗਣ ਦੋ
ਦੂਰ ਹਨ੍ਹੇਰਾ ਜਾਵੇ, ਚਾਨਣ ਆਵਣ ਦੋ
-ਕਰਮ ਚੰਦ ਸਮਰਾਲਾ

ਹਾਲ ਫੰਡ

ਭਾਈ ਰੂਪਾ ਇਕਾਈ ਰਾਹੀਂ : ਮਨਜੀਤ ਸਿੰਘ ਕੁੱਕੂ, ਨਿਊ ਨੈਸ਼ਨਲ ਸਟੀਲ ਇੰਡਸਟਰੀ ਭਗਤਾ ਭਾਈਕਾ 1000

ਮਲਕੀਤ ਗਾਦੜੀਵਾਲਾ, ਇਕਾਈ ਜ਼ੀਰਾ 1000

ਚੰਨਣ ਸਿੰਘ ਚੀਮਾ, ਬਰੈਂਮਪਟਨ, ਅਨਟਾਰੀਓ, ਕੈਨੇਡਾ 5000

ਸ੍ਰੀਮਤੀ ਰਾਣੀ ਕੌਰ, ਪਟਿਆਲਾ (ਆਪਣੇ ਪਤੀ ਗੁਰਜੀਤ ਸਿੰਘ ਦੇ ਸ਼ਰਧਾਂਜਲੀ ਸਮਾਗਮ 'ਤੇ) 5000

ਪਾਲ ਬਦਵਾਲ, ਟਰਾਂਟੋ (ਕੈਨੇਡਾ) 5000

ਕੁਲਵੰਤ ਸਿੰਘ ਇਕਾਈ ਬਠਿੰਡਾ (ਸੇਵਾ ਮੁਕਤੀ ਤੇ) 1000

ਰਾਮਪੁਰਾ ਇਕਾਈ ਰਾਹੀਂ

(ਰਿਟਾਇਰਡ ਪ੍ਰਿੰਸੀਪਲ ਰਾਜ ਕੁਮਾਰ, ਰਾਮਪੁਰਾ)	5000
ਗਗਨਦੀਪ ਤੇ ਬੇਟਾ ਨਵਦੀਪ, ਰਾਮਪੁਰਾ	5000
ਮਾਸਟਰ ਸੁਰਿੰਦਰ, ਰਾਮਪੁਰਾ	5000
ਜੰਟਾ ਸਿੰਘ, ਰਾਮਪੁਰਾ	3100
ਪ੍ਰਹਲਾਦ ਕੁਮਾਰ, ਰਾਮਪੁਰਾ	2500
ਜਗਦੇਵ ਰਾਮਪੁਰਾ	2500
ਮਾ.ਸੁਖਮਿੰਦਰ ਸਿੰਘ, ਰਾਮਪੁਰਾ	2500
ਤੇਗ ਸਿੰਘ ਮਾਫੀਦਾਰ, ਰਾਮਪੁਰਾ	1000
ਮਾਸਟਰ ਰਾਮ ਸਿੰਘ, ਲਹਿਰਾ ਧੂਰਕੋਟ	1000
ਅਮਰਜੀਤ ਸਿੰਘ, ਰਾਮਪੁਰਾ	500
ਮੇਜਰ ਸਿੰਘ, ਰਾਮਪੁਰਾ	200
ਰਾਜੇਸ਼ ਕੁਮਾਰ, ਰਾਮਪੁਰਾ	100
ਇਸ ਅੰਕ ਦਾ ਜੋੜ:	**46,400**
ਪਿਛਲਾ ਜੋੜ:	**8,39,360**
ਕੁੱਲ ਜੋੜ :	**8,85,760**

ਇਕਾਈਆਂ ਨੂੰ ਸਹਾਇਤਾ

ਸੰਗਰੂਰ ਇਕਾਈ ਲਈ : ਸੁਭਾਸ਼ ਚੰਦ ਸੰਗਰੂਰ (ਆਪਣੀ ਬੇਟੀ ਨੈਨਸੀ ਦੀ ਸ਼ਾਦੀ 'ਤੇ) 500

ਇਕਾਈ ਭਦੌੜ : ਸੁਖਵਿੰਦਰ ਸਿੰਘ ਫਾਰਮਾਸਿਸਟ, ਪੱਖੋ ਕਲਾਂ (ਆਪਣੇ ਪੋਤੇ ਦੇ ਜਨਮ 'ਤੇ) 500

ਇਕਾਈ ਰਾਮਪੁਰਾ : (ਸੁਰਿੰਦਰ ਰਾਮਪੁਰਾ ਰਾਹੀਂ) ਪ੍ਰਿੰਸੀਪਲ ਰਾਜ ਕੁਮਾਰ (ਹਰ ਸਾਲ ਦੀ ਤਰ੍ਹਾਂ) 1000

ਮਾਸਟਰ ਰਾਮ ਸਿੰਘ ਲਹਿਰਾ ਧੂਰਕੋਟ (ਆਪਣੇ ਛੋਟੇ ਭਰਾ ਜਸਵੀਰ ਸਿੰਘ ਦੀ ਮੌਤ ਤੇ ਉਸਦੀ ਯਾਦ ਵਿੱਚ) 500


ਮਾਤਾ ਜੰਗੀਰ ਕੌਰ ਦੀ ਯਾਦ ਵਿੱਚ 500

ਵਿਗਿਆਨੀ ਨੂੰ ਕਿੱਤੇ ਪੱਖੋਂ ਹੀ ਨਹੀਂ, ਦ੍ਰਿਸ਼ਟੀਕੋਣ ਪੱਖੋਂ ਵੀ ਵਿਗਿਆਨੀ ਹੋਣਾ ਚਾਹੀਦਾ-ਡਾ. ਅਰਵਿੰਦ

(ਡਾ. ਅਰਵਿੰਦ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ (IISER) ਮੋਹਾਲੀ ਵਿੱਚ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਹਨ ਅਤੇ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹਨ। ਪੇਸ਼ ਹਨ, ਜਸਵੰਤ ਮੋਹਾਲੀ ਵੱਲੋਂ ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਅੰਸ਼)

? ਡਾ. ਸਾਹਬ ਆਪਣੇ ਪਿਛੋਕੜ ਯਾਨਿ ਬਚਪਨ ਤੇ ਪੜ੍ਹਾਈ ਬਾਰੇ ਦੱਸੋ।

– ਮੇਰਾ ਪਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਏਕਲਗੱਡਾ ਹੈ। ਮੁੱਢਲੀ ਪੜ੍ਹਾਈ ਵੀ ਏਥੋਂ ਹੀ ਕੀਤੀ। ਮੇਰੇ ਪਿਤਾ ਜੀ ਡਾਕਟਰ ਸਨ । ਉਹ 1971 'ਚ ਆਦਮਪੁਰ ਮੈਡੀਕਲ ਅਫਸਰ ਦੀ ਸਰਕਾਰੀ ਨੌਕਰੀ ਛੱਡਕੇ ਪਿੰਡ ਸੇਵਾ ਨੂੰ ਸਮਰਪਿਤ ਹੋ ਗਏ। ਉਹ ਬੜੇ ਜਾਗਰੂਕ ਇਨਸਾਨ ਸਨ। ਘਰੇਲੂ ਮਹੌਲ ਕਰਕੇ ਹੀ ਮੇਰੀ ਬਚਪਨ ਤੋਂ ਵਿਗਿਆਨ 'ਚ ਰੁਚੀ ਸੀ। ਬੀ. ਐਸ.ਸੀ. ਅੰਮ੍ਰਿਤਸਰ ਤੋਂ ਕੀਤੀ। ਆਈ.ਆਈ.ਟੀ. ਕਾਨਪੁਰ ਤੋਂ ਐਮ.ਐਸ.ਸੀ. ਫਿਜ਼ਿਕਸ ਕੀਤੀ। ਏਥੇ ਵਿਗਿਆਨ ਸਬੰਧੀ ਬਹੁਤ ਵਧੀਆ ਮਹੌਲ ਸੀ। ਇੰਡੀਅਨ ਇੰਸਟੀਚਿਊਟ ਸਾਇੰਸ ਬੰਗਲੌਰ ਤੋਂ ਪੀ.ਐਚ.ਡੀ. ਕੀਤੀ। ਮੈਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਆਈ.ਆਈ.ਟੀ. ਮਦਰਾਸ ਵਿੱਚ ਬਤੌਰ ਫੈਕਲਟੀ ਅਤੇ ਕਾਰਨੀਜੀਮੈਲਨ ਯੂਨੀਵਰਸਿਟੀ, ਅਮਰੀਕਾ ਵਿੱਚ ਬਤੌਰ ਸਪੈਸ਼ਲ ਫੈਕਲਟੀ ਕੰਮ ਕੀਤਾ।



? ਤੁਸੀਂ ਕਿਸੇ ਵਿਸ਼ੇ 'ਤੇ ਖ਼ੋਜ ਦਾ ਕੰਮ ਕਰ ਰਹੇ ਹੋ?

– ਬ੍ਰਹਿਮੰਡ ਬਹੁਤ ਸੂਖਮ ਕਣਾਂ ਤੋਂ ਬਣਿਆ ਹੋਇਆ ਹੈ। ਇਸ ਸੂਖਮ ਪੱਧਰ ਦੇ ਵਿਗਿਆਨ ਨੂੰ ਕੁਆਂਟਮ ਫਿਜ਼ਿਕਸ ਆਖਦੇ ਹਨ। ਇਸ ਵਿਗਿਆਨ ਦਾ ਆਰੰਭ 20ਵੀਂ ਸਦੀ ਦੇ ਸ਼ੁਰੂ ਵਿੱਚ ਹੋਇਆ ਅਤੇ ਅਜੇ ਤੱਕ ਇਸ ਵਿਸ਼ੇ ਤੇ ਖੋਜ ਚੱਲ ਰਹੀ ਹੈ। ਪਿਛਲੇ ਕੁੱਝ ਸਾਲਾਂ ਵਿੱਚ ਇਸ ਸੂਖਮ ਵਿਗਿਆਨ ਨੂੰ ਵਰਤ ਕੇ ਨਵੀਂ ਕਿਸਮ ਦੇ ਕੰਪਿਊਟਰ ਬਣਾਉਣ ਦੀ ਸੰਭਾਵਨਾ ਸਾਹਮਣੇ ਆਈ ਹੈ। ਆਪਣੇ ਮੁੱਖ ਖ਼ੋਜ ਕਾਰਜ ਵਿੱਚ ਮੈਂ ਕੁਆਂਟਮ ਵਿਗਿਆਨ ਦੀ ਤਹਿ ਵਿੱਚ ਜਾਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਕੁਆਂਟਮ ਕੰਪਿਊਟਰ ਬਣਾਉਣ ਦੀ ਸੰਭਾਵਨਾ ਨੂੰ ਅਸਲੀਅਤ ਵਿੱਚ ਤਬਦੀਲ ਕਰਨ ਦੇ ਉਪਰਾਲਿਆਂ ਵਿੱਚ ਹਿਸਾ ਪਾ ਰਿਹਾ ਹਾਂ।

? ਤੁਹਾਡਾ ਰੱਬ 'ਚ ਯਕੀਨ ਹੈ?

– ਰੱਬ ਨੇ ਲੋਕ ਬਣਾਏ ਨੇ ਇਹ ਤਾਂ ਨਹੀਂ ਮੰਨਦਾ ਪਰ ਲੋਕਾਂ ਨੇ ਰੱਬ ਬਣਾਇਆ ਇਹ ਮੰਨਦਾ ਹਾਂ।

? IISER ਵਿੱਚ ਦਾਖਲ ਹੁੰਦੇ ਬੱਚਿਆਂ ਵਿੱਚ ਪੰਜਾਬ ਦਾ ਸਥਾਨ ਕਿਹੋ ਜਿਹਾ ਹੈ?

- **IISER** ਵਿੱਚ ਦਾਖਲ ਹੋਣ ਵਾਲੇ ਹਰ ਬੱਚੇ ਨੂੰ ਪੜ੍ਹਾਈ ਦੌਰਾਨ 5000 ਰੁ. ਮਹੀਨਾ ਛੇ ਸਾਲ ਲਈ ਦਿੱਤਾ ਜਾਂਦਾ। ਇਸ ਤਰ੍ਹਾਂ ਪੜ੍ਹਾਈ ਦੇ ਨਾਲ–ਨਾਲ ਕਮਾਈ ਸ਼ੁਰੂ ਹੋ ਜਾਂਦੀ ਹੈ। ਸ਼ੁਰੂ 'ਚ ਜਦੋਂ ਮੈਂ ਏਥੇ ਆਇਆ ਤਾਂ ਸੌ 'ਚੋਂ ਪੰਜਾਬ ਦੇ ਦੋ ਜਾਂ ਤਿੰਨ ਬੱਚੇ ਹੁੰਦੇ ਸੀ। ਕੇਰਲਾ ਦੇ ਤੀਹ ਦੇ ਕਰੀਬ ਬੱਚੇ ਸਿਲੈਕਟ ਹੋਏ। ਫਿਰ ਅਸੀਂ ਕਾਫੀ ਉਪਰਾਲਾ ਕੀਤਾ ਕਿ ਸਾਇੰਸ ਵੱਲ ਬੱਚੇ ਆਉਣ। ਐਤਕੀਂ ਸਾਡੇ ਕੋਲ ਪੰਜਾਬ ਦੇ ਦਸ ਪੰਦਰਾਂ ਬੱਚੇ ਨੇ। ਪਹਿਲਾਂ ਨਾਲੋਂ ਠੀਕ ਐ ਪਰ ਹੋਰ ਬੱਚੇ ਆਉਣੇ ਚਾਹੀਦੇ ਨੇ। ਕੇਰਲਾ ਤੋਂ ਅਜੇ ਵੀ ਚਾਲੀ ਬੱਚੇ ਨੇ। ਉੱਥੇ ਵਿਗਿਆਨਕ ਲਹਿਰਾਂ ਕਾਫੀ ਤਾਕਤਵਰ ਰਹੀਆਂ ਨੇ। ਵੈਸੇ ਵੀ ਲਿਟਰੇਸੀ ਰੇਟ ਵੱਧ ਹੋਣ ਕਰਕੇ ਲੋਕਾਂ ਵਿੱਚ ਜਾਗ੍ਰਤੀ ਐ। ਪੰਜਾਬ 'ਚ ਅਜੇ ਸਾਇੰਸ ਪੜ੍ਹਣ 'ਚ ਰੁਚੀ ਘੱਟ ਐ। ਉਂਝ ਦਾਖਲਾ ਵੀ ਐਡਾ ਸੌਖਾ ਨੀ ਐਂ। ਹਰ ਬੋਰਡ ਦੇ ਪਹਿਲੇ ਇੱਕ ਪ੍ਰਤੀਸ਼ਤ ਬੱਚੇ ਹੀ ਸਾਡਾ ਇਮਤਿਹਾਨ ਦੇ ਸਕਦੇ ਐ। ਪੰਜਾਬੀਆਂ 'ਚ ਕਮਰਸ਼ੀਅਲ ਰੁਚੀਆਂ ਜ਼ਿਆਦਾ ਨੇ। ਲੋਕ ਸੋਚਦੇ ਐ ਬਈ ਝੱਟ ਹੀ ਸਾਨੂੰ ਇਹ ਪੈਕੇਜ ਮਿਲੇਗਾ। ਜਾਂ ਬਾਹਰ ਜਾਣ ਦੀ ਰੁਚੀ ਜ਼ਿਆਦਾ। ਮਾਪੇ ਵੀ ਇਹੀ ਚਾਹੁੰਦੇ ਐ।

? ਪਰ ਤਨਖਾਹ ਜਾਂ ਭਵਿੱਖ ਵੀ ਤਾਂ ਇਕ ਪੱਖ ਐ? ਇਸ ਨਜ਼ਰੀਏ ਤੋਂ ਵਿਗਿਆਨ ਦੇ ਖੇਤਰ ਵਿੱਚ ਭਵਿੱਖ ਕਿਹੋ ਜਿਹਾ ਹੈ?

– ਵਿਗਿਆਨ ਦੇ ਖੇਤਰ ਵਿੱਚ ਵੀ ਬੱਚੇ ਬਹੁਤ ਅੱਛੇ ਸੈਟਲ ਹੋ ਜਾਂਦੇ ਐ। ਜਿਹੜੇ ਵੱਧ ਰੁਚੀ ਰੱਖਦੇ ਐ ਉਹ ਤਾਂ ਖੋਜ ਕਾਰਜਾਂ ਵੱਲ ਚਲੇ ਜਾਂਦੇ ਨੇ। ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਨਾਲ ਵਜ਼ੀਫਾ

ਮਿਲਦਾ ਹੈ ਵੀਹ ਹਜ਼ਾਰ। ਬਾਹਰ ਜਾਣ ਦੇ ਵੀ ਮੌਕੇ ਐ। ਬਾਕੀ ਇੰਡਸਟਰੀ 'ਚ ਵੀ ਚੰਗੇ ਮੌਕੇ ਐ। ਸਗੋਂ ਦੂਜਿਆਂ ਨਾਲੋਂ ਵੱਧ ਕ੍ਰਿਏਟਿਵ ਕੰਮ ਐ।

? ਕਿਸੇ ਹੋਰ ਕਾਲਜ/ਯੂਨੀਵਰਸਿਟੀ ਤੇ ਤੁਹਾਡੀ ਸੰਸਥਾ ਵਿੱਚ ਕੀ ਫਰਕ ਐ?

– ਫਰਕ ਐ ਖ਼ੋਜ ਕਾਰਜਾਂ ਦਾ। ਦਰਅਸਲ ਸਾਇੰਸ ਦੀ ਪੜ੍ਹਾਈ ਖ਼ੋਜ ਤੋਂ ਬਿਨਾ ਨਹੀਂ ਹੋ ਸਕਦੀ। ਸਿਰਫ ਸਿਖਾਉਣਾ ਤਾਂ ਫਿਰ ਇਨਫਰਮੇਸ਼ਨ ਦੇਣ ਵਾਲੀ ਗੱਲ ਐ। ਜੇ ਸਾਡੇ ਕੋਲ ਪ੍ਰਯੋਗਸ਼ਾਲਾ ਹੀ ਨਹੀਂ ਹੈ ਕਿ ਅਸੀਂ ਨਵੀਂ ਸਾਇੰਸ ਬਣਾ ਸਕੀਏ ਜਾਂ ਪੁਰਾਣੀ ਨੂੰ ਟੈਸਟ ਕਰ ਸਕੀਏ, ਫਿਰ ਤਾਂ ਏਹੀ ਕਹਿਣਾ ਪਏਗਾ ਕਿ ਇਹ ਮੈਂ ਪੜ੍ਹਾ ਦਿੱਤਾ, ਇਹਨੂੰ ਮੰਨ ਲਉ। ਪੰਜਾਂ ਸਾਲਾਂ ਦੀ ਸਾਡੀ ਪੜਾਈ ਦਾ ਆਖਰੀ ਪੂਰਾ ਸਾਲ ਸਾਡਾ ਬੱਚਾ ਸਿਰਫ ਖ਼ੋਜ ਦਾ ਕੰਮ ਕਰਦਾ। ਉਂਞ ਦੂਜੇ ਸਾਲ ਤੋਂ ਹੀ ਖੋਜ ਕਾਰਜ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਚੱਲ ਰਹੇ ਖੋਜ ਕਾਰਜ ਵਿੱਚ ਵੀ ਉਨ੍ਹਾਂ ਦੀ ਲੋੜ ਹੁੰਦੀ ਹੈ।

? ਮੈਂ, ਵਿਗਿਆਨੀ, ਉਸਦੇ ਕੰਮ ਤੇ ਆਮ ਲੋਕਾਂ 'ਚ ਇੱਕ ਗੈਪ ਜਾਂ ਪਾੜਾ ਦੇਖਦਾ ਹਾਂ। ਵਿਗਿਆਨੀਆਂ ਦਾ ਕਾਰਜ ਲੋਕਾਂ ਨਾਲ ਕਿਉਂ ਨੀ ਜੁੜਿਆ ਹੋਇਆ?

– ਗੱਲ ਇਹ ਐ ਕਿ ਸਾਡੇ ਦੇਸ਼ 'ਚ ਸਾਇੰਸ ਤੇ ਸਮਾਜ ਕਦੇ ਜੁੜੇ ਹੀ ਨਹੀਂ। ਕਈ ਵਿਗਿਆਨੀ ਨੇ ਜੋ ਜੁੜਨਾ ਚਾਹੁੰਦੇ ਐ। ਸਾਡੇ ਵਿਗਿਆਨ ਦੇ ਕੰਮ ਕਾਰ ਸਰਕਾਰੀ ਫੰਡਾਂ ਨਾਲ ਚਲਦੇ ਐ। ਇਸ ਲਈ ਇਹ ਸਥਾਪਤੀ ਪੱਖੀ ਐ। ਅਸਲ 'ਚ ਭਾਰਤ 'ਚ ਵਿਗਿਆਨੀਆਂ ਦੀ ਜੁਆਬਦੇਹੀ ਸਮਾਜ ਨੂੰ ਹੈ ਈ ਨੀ, ਉਹ ਸਰਕਾਰ ਨੂੰ ਐਂ। ਸਰਕਾਰ ਆਪਣੇ ਢੰਗ ਨਾਲ ਵਿਗਿਆਨ ਨੂੰ ਲੈਂਦੀ ਐ। ਬਈ ਇਕ ਰਾਕਟ ਬਣਾ ਲਿਆ, ਮਿਜ਼ਾਈਲ ਬਣਾ ਲਈ, ਇਹੀ ਸਇੰਸ ਐ। ਇਹ ਸਾਇੰਸ ਨਹੀਂ ਉਸਦੀ ਵਰਤੋਂ ਐਂ, ਇੰਜਨੀਅਰਿੰਗ ਐ। ਸਤਿਕਾਰਯੋਗ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਜੀ ਵਿਗਿਆਨੀ ਨਹੀਂ ਹਨ, ਉਹ ਟੈਕਨੋਕਰੇਟ ਹਨ। ਯੂਰਪ 'ਚ ਅਲੱਗ ਤਰੀਕੇ ਨਾਲ ਹੋਇਆ ਹੈ। ਉੱਥੇ ਸਇੰਸ ਦੀ ਪਹਿਲਾਂ ਨਾ ਸਮਾਜ 'ਚ , ਨਾ ਪੜਾਈ ਵਿੱਚ ਕੋਈ ਜਗ੍ਹਾ ਸੀ। ਯੂਨੀਵਰਸਿਟੀਆਂ ਤਾਂ ਹੈ ਸਨ ਪਰ ਉਹਦੇ 'ਚ ਜ਼ਿਆਦਾ ਧਰਮ, ਥਿਉਲੋਜੀ ਆਦਿ ਪੜ੍ਹਾਈਆਂ ਜਾਂਦੀਆਂ ਸਨ। ਵਿਗਿਆਨੀਆਂ ਨੂੰ ਪੜ੍ਹੇ ਲਿਖੇ ਲੋਕਾਂ 'ਚ ਆਪਣੀ ਥਾਂ ਬਣਾਉਣ ਲਈ ਸੰਘਰਸ਼ ਕਰਨਾ ਪਿਆ। ਉਥੇ ਸਇੰਸ ਇੱਕ ਮੂਵਮੈਂਟ ਰਾਹੀਂ ਪੈਦਾ ਹੋਈ ਐ। ਸਾਡੇ ਏਥੇ ਸਰਕਾਰ ਨੇ ਵਿਗਿਆਨ ਉਪਰੋਂ ਸੰਸਥਾਵਾਂ ਬਣਾ ਕੇ ਲਾਗੂ ਕੀਤੀ ਐ। ਵਿਗਿਆਨੀ ਨੂੰ ਅਹਿਸਾਸ ਹੀ ਨਹੀਂ ਕਿ ਮੇਰੀ ਕੋਈ ਲੋੜ ਐ ਸਮਾਜ ਨਾਲ ਜੁੜਣ ਦੀ। ਹੈਰਾਨੀ ਦੀ ਗੱਲ ਐ ਕਿ ਬਹੁਤ ਸਾਰੇ ਵਰਕਿੰਗ ਸਾਇੰਟਿਸਟ ਐ, ਜਿਨ੍ਹਾਂ ਦੀ ਆਪਣੀ ਸੋਚ ਵਿਗਿਆਨਕ ਨਹੀਂ। ਉਹ ਸਵੇਰੇ ਪੂਜਾ ਕਰਦੇ ਐ, ਦਿਨੇ ਪ੍ਰਯੋਗ ਕਰਦੇ ਐ।

? ਇਕ ਵਿਗਿਆਨੀ ਦਾ ਦ੍ਰਿਸ਼ਟੀਕੋਣ ਵਿਗਿਆਨਕ ਕਿਉਂ ਨੀ ਹੁੰਦਾ?

– ਮੇਰਾ ਮੰਨਣਾ ਹੈ ਕਿ ਇਕ ਵਿਗਿਆਨੀ ਨੂੰ ਕਿੱਤੇ ਪੱਖੋਂ ਹੀ ਨਹੀਂ ਦ੍ਰਿਸ਼ਟੀਕੋਣ ਪੱਖੋਂ ਵੀ ਵਿਗਿਆਨੀ ਹੋਣਾ ਚਾਹੀਦਾ ਹੈ। ਇਹ ਪਾੜਾ ਇਸ ਲਈ ਰਹਿ ਜਾਂਦਾ ਕਿਉਂਕਿ ਵਿਗਿਆਨ ਨੂੰ ਅਸੀਂ ਇੱਕ ਕਿੱਤੇ ਵਾਂਗ ਲੈਨੇ ਆਂ। ਜਿਵੇਂ ਬੈਂਕ 'ਚ ਇੱਕ ਬੰਦਾ ਕੈਸ਼ ਗਿਣਦਾ ਹੈ, ਵਿਗਿਆਨੀ ਸਮਝਦਾ ਹੈ ਬਈ ਮੈਂ ਏਵੇਂ ਏਥੇ ਸਇੰਸ ਦਾ ਕੰਮ ਕਰਦਾ ਹਾਂ। ਏਥੋਂ ਮੇਰੀ ਤਨਖਾਹ ਨਿੱਕਲਦੀ ਐ। ਜਿਹੜਾ ਉਹਦਾ ਸੋਚਣ ਦਾ ਤਰੀਕਾ ਉਹ ਉਹੀ ਐ, ਜਿਹੜਾ ਪਿੱਛੋਂ ਚੱਲਿਆ ਆਉਂਦਾ। ਆਮ ਬੰਦੇ ਵਾਂਗ ਇਹਦੇ ਨਾਲ ਉਹਨੂੰ ਸ਼ਾਂਤੀ ਮਿਲਦੀ ਐ। ਉਸ ਲਈ ਸਾਇੰਸ ਦਾ ਕੰਮ ਹੀ ਸਭ ਕੁੱਝ ਨਹੀਂ, ਇਹ ਸਾਰੇ ਦਾ ਕੁੱਝ ਹਿੱਸਾ ਐ। ਸਇੰਸ ਦੇ ਕੰਮ ਤੋਂ ਬਾਹਰ ਵੀ ਉਹ ਵਿਚਰਦਾ ਹੈ, ਉੱਥੇ ਸਮਾਜ 'ਚ ਜੋ ਕੁੱਝ ਵੀ ਗੈਰ-ਵਿਗਿਆਨਕ ਵਾਪਰਦਾ ਹੈ, ਉਹਦੇ ਤੋਂ ਪ੍ਰਭਾਵਿਤ ਹੁੰਦਾ ਹੈ।

? ਵਿਗਿਆਨੀ ਅਤੇ ਇਕ ਅਧਿਆਤਮਕ ਬੰਦੇ ਵਿਚ ਤੁਸੀਂ ਕੀ ਫਰਕ ਸਮਝਦੇ ਹੋ?

– ਸਾਇੰਸਦਾਨ ਇੱਕ ਬੱਚੇ ਵਾਂਗ ਜਗਿਆਸੂ ਐ, ਜਿਵੇਂ ਬੱਚੇ ਨੂੰ ਕੋਈ ਚੀਜ਼ ਮਿਲੇ ਉਹ ਮੂੰਹ 'ਚ ਪਾਕੇ ਦੇਖੇਗਾ, ਤੋੜਭੰਨ ਕੇ ਦੇਖੇਗਾ। ਏਸੇ ਤਰਾਂ ਵਿਗਿਆਨੀ ਅੱਗੇ ਇੱਕ ਅਬੁੱਝ ਸੰਸਾਰ ਐ, ਭਾਵੇਂ ਉਹ ਛੋਟਾ ਜਿਹਾ ਸੈੱਲ ਹੋਵੇ ਭਾਵੇਂ ਬ੍ਰਹਿਮੰਡ। ਉਹ ਜਾਨਣ ਦੀ ਕੋਸ਼ਿਸ਼ ਕਰਦੈ ਤੇ ਜਦੋਂ ਉਹਨੂੰ ਕੁੱਝ ਪਤਾ ਲਗਦੈ ਫਿਰ ਉਹ ਸਾਰਿਆਂ ਨੂੰ ਦੱਸਦੈ। ਬਾਕੀ ਦਾ ਸਮਾਜ ਫਿਰ ਉਸ ਚੀਜ਼ ਨੂੰ ਵਰਤਦੈ। ਵਰਤਣਾ ਇਕ ਵੱਖਰੀ ਚੀਜ਼ ਐ- ਟੈਕਨੋਲੋਜੀ ਜਾਂ ਇੰਜਨੀਅਰਿੰਗ। ਸੱਚ ਲੱਭਣ ਦੇ ਬਹੁਤ ਤਰੀਕੇ ਨੇ। ਵਿਗਿਆਨ 'ਚ ਸੱਚ ਲਭਣ ਦੇ ਤਰੀਕੇ 'ਚ ਅਸੀਂ ਪ੍ਰਯੋਗ ਕਰਕੇ, ਫਿਰ ਤਰਕਪੂਰਣ ਵਿਚਾਰ ਕਰਕੇ ਕਿਸੇ ਨਿਰਣੇ ਤੇ ਪਹੁੰਚਦੇ ਆਂ। ਉਂਜ ਸੱਚ ਕਦੇ ਪੂਰਾ ਨੀ ਹੁੰਦਾ। ਅਧਿਆਤਮਕ ਦੁਨੀਆਂ 'ਚ ਇਸ

ਗੱਲ ਤੇ ਬੜਾ ਫਖਰ ਮਹਿਸੂਸ ਕੀਤਾ ਜਾਂਦਾ ਹੈ ਕਿ ਸਾਰਾ ਗਿਆਨ ਇਸ ਕਿਤਾਬ ਵਿੱਚ ਐ ਜਾਂ ਕਿਸੇ ਦੂਜੀ 'ਚ। ਵਿਗਿਆਨ ਇਸ ਗੱਲ 'ਚ ਫਖਰ ਮਹਿਸੂਸ ਕਰਦੈ ਕਿ ਗਿਆਨ ਹੈਗਾ ਪਰ ਅਧੂਰਾ ਐ ਉਹਨੂੰ ਪੂਰਾ ਕਰਨਾ ਹੈ। ਪੱਕੇ ਸਬੂਤ ਤਾਂ ਸਾਇੰਸ 'ਚ ਹੁੰਦੇ ਹੀ ਨੀ। ਹਾਂ ਤੁਸੀ ਕਿਸੇ ਗੱਲ ਨੂੰ ਡਿਸਪਰੂਵ ਕਰ ਸਕਦੇ ਹੋ। ਜਿਹੜੀ ਵੀ ਗੱਲ ਸਾਇੰਸ 'ਚ ਅਸੀਂ ਕਰਦੇ ਆਂ ਉਸ ਬਾਰੇ ਵਿਗਿਆਨੀ ਆਪ ਹੀ ਇਹ ਦੱਸੇ ਕਿ ਕਿਹੜੇ ਹਾਲਾਤ ਵਿੱਚ ਇਹ ਗਲਤ ਸਾਬਤ ਹੋਏਗੀ ਤਾਂ ਕਿ ਅਸੀਂ ਉਸਨੂੰ ਉਸ ਹਾਲਾਤ 'ਚ ਟੈਸਟ ਕਰ ਸਕੀਏ।

? ਕੀ ਇਹ ਕਿਹਾ ਜਾਵੇ ਕਿ ਪਹਿਲਾ ਗਿਆਨ ਗਲਤ ਸਾਬਤ ਹੋ ਜਾਂਦਾ ਹੈ?

– ਗਲਤ ਨੀ ਸਾਬਤ ਹੁੰਦਾ, ਸਗੋਂ ਅਸੀਂ ਉਸਨੂੰ ਸੁਧਾਰਦੇ ਜਾਂਦੇ ਹਾਂ ...ਸਾਇੰਸ ਵਿੱਚ ਇਵੌਲਵਿੰਗ ਨਾਲਜ ਸਿਸਟਮ ਹੈ ...ਪਹਿਲੇ ਦੱਸੇ ਗਿਆਨ ਦੇ ਆਧਾਰ ਤੇ ਕਦਮ ਰੱਖ ਕੇ ਅੱਗੇ ਵਧਣਾ ...ਪਰ ਇਹ ਯਾਤਰਾ ਕਦੇ ਵੀ ਪੂਰੀ ਨਹੀਂ ਹੁੰਦੀ ਕਿਉਂਕਿ ਇਹਨੇ ਅੱਗੇ ਚੱਲੀ ਜਾਣਾ ਹੈ। ਗਲਤ ਨੀ ਕਹਿਣਾ ਚਾਹੀਦਾ ਬਲਕਿ ਪਹਿਲੇ ਜੋ ਨਿਯਮ ਨੇ ਉਨ੍ਹਾਂ ਦੀਆਂ ਖਾਮੀਆਂ (ਲਿਮਿਟੇਸ਼ਨਜ਼) ਅਸੀਂ ਲੱਭ ਲੈਨੇ ਆਂ। ਆਈਨਸਟਾਈਨ ਨੇ ਕਿਹਾ ਕਿ ਨਿਊਟਨ ਦੇ ਨਿਯਮ ਉਨੀ ਦੇਰ ਠੀਕ ਨੇ ਜਿੰਨੀ ਦੇਰ ਕਿਸੇ ਵਸਤੂ ਦੀ ਗਤੀ ਰੌਸ਼ਨੀ ਦੀ ਗਤੀ ਤੋਂ ਘੱਟ ਐ। ਪਰ ਜਦੋਂ ਰੌਸ਼ਨੀ ਦੀ ਗਤੀ ਤੱਕ ਪਹੁੰਚਦੇ ਹਾਂ ਤਾਂ ਉਦੋਂ ਉਸਦੇ ਨਿਯਮ ਲਾਗੂ ਨਹੀਂ ਹੁੰਦੇ। ਵਿਗਿਆਨੀ ਗਿਆਨ ਵਿੱਚ ਵਾਧਾ ਕਰਦੇ ਰਹਿੰਦੇ ਹਨ ਪਰ ਅਧਿਆਤਮ 'ਚ ਇਹ ਨਹੀਂ ਹੁੰਦਾ। ਉਹਦੇ ਵਿੱਚ ਕੋਈ ਆਪਣੇ ਕੋਲੋਂ ਵਾਧਾ-ਘਾਟਾ ਨਹੀਂ ਕਰ ਸਕਦਾ ।

? ਜਦੋਂ ਅਸੀਂ ਵਿਗਿਆਨ ਦੀ ਮਹੱਤਤਾ ਦੀ ਗੱਲ ਕਰਦੇ ਆਂ ਤਾਂ ਕੀ ਸਾਰੇ ਬੱਚੇ ਇਸ ਕਾਬਿਲ ਹੁੰਦੇ ਹਨ ਕਿ ਉਹ ਸਾਰੇ ਵਿਗਿਆਨ ਦੀ ਪੜ੍ਹਾਈ ਕਰ ਸਕਣ?

– ਪਹਿਲਾਂ ਇਹ ਦੇਖਣਾ ਪਏਗਾ ਕਿ ਸਿੱਖਿਆ ਬਾਰੇ ਸਾਡਾ ਪ੍ਰਚੱਲਤ ਨਜ਼ਰੀਆ ਕੀ ਐ। ਅਧਿਆਪਕ ਘੁਮਿਆਰ ਵਰਗੈ ਕਿ ਮਾਲੀ ਵਰਗਾ? ਘੁਮਿਆਰ ਨੂੰ ਜਿਹੋ ਜਿਹੀ ਮਰਜ਼ੀ ਮਿੱਟੀ ਦੇ ਦੇਈਏ ਉਹਨੇ ਮਿੱਟੀ ਗੁੰਨਕੇ, ਇੱਕੋ ਜਿਹੇ ਘੜੇ ਬਣਾ ਦੇਣੇ ਐ। ਅੱਜ ਦੀ ਸਿੱਖਿਆ ਇਹੀ ਕਰ ਰਹੀ ਐ। ਅਸੀਂ ਬੱਚੇ ਨੂੰ ਦੱਸ ਰਹੇ ਐਂ ਕਿ ਬੱਚੇ ਇਹ ਕਰੋ, ਇਹ ਨਾ ਕਰੋ। ਸਾਨੂੰ ਪਤੈ ਅਸੀਂ ਤੁਹਾਨੂੰ ਕੀ ਬਣਾਉਣੈ। ਦੂਜੇ ਪਾਸੇ ਮਾਲੀ ਕੀ ਕਰਦੈ, ਉਹ ਹਰ ਬੂਟੇ ਨੂੰ ਪਾਣੀ ਪਾਉਂਦੈ, ਗੋਡੀ ਕਰਦੈ..ਪਰ ਉਹ ਕਦੇ ਅੰਬ ਦੇ ਬੂਟੇ ਨੂੰ ਇਸ ਤਰਾਂ ਨੀ ਤਿਆਰ ਕਰਦਾ ਕਿ ਉਹਨੂੰ ਸੇਬ ਲੱਗਣ, ਨਾ ਲੀਚੀ ਦੇ ਬੂਟੇ ਨੂੰ ਕੇਲੇ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਜੋ ਉਹਨੂੰ ਲੱਗ ਸਕਦੈ ਉਹਨੂੰ ਬਾਹਰ ਕੱਢਣ ਲਈ ਉਹ ਮਿਹਨਤ ਕਰਦੈ। ਸਿੱਖਿਆ ਦਾ ਇਹੀ ਉਦੇਸ਼ ਐ ਕਿ ਜੋ ਗੁਣ ਬੱਚੇ ਵਿੱਚ ਐ ਉਹ ਬਾਹਰ ਆਵੇ। ਮਾਪੇ ਤੇ ਅਧਿਆਪਕ ਇਸ ਵਿੱਚ ਬੱਚੇ ਦੀ ਮਦਦ ਕਰ ਸਕਦੇ ਹਨ। ਇਹ ਸਾਡੇ ਸਿੱਖਿਆ ਪ੍ਰਬੰਧ ਦਾ ਨੁਕਸ ਐ ਕਿ ਅਸੀਂ ਘੁਮਿਆਰ ਵਾਂਗ ਸਭ ਦੇ ਘੜੇ ਬਣਾਉਣੇ ਚਾਹੁੰਦੇ ਆਂ। ਦੇਖਣਾ ਪਏਗਾ ਕਿ ਬੱਚੇ ਅੰਦਰ ਵਿਗਿਆਨੀ ਵਾਲੀ ਜਗਿਆਸਾ ਹੈ ਕਿ ਕਵੀ ਵਾਲੀ ਕਲਪਨਾ। ਅਸੀਂ ਕੋਈ ਫੌਜ ਥੋੜਾ ਬਣਾਉਣੀ ਐ। ਜਿਹੜਾ ਸਮਾਜ ਵਿਕਸਤ ਹੋਏਗਾ ਉਹਦੇ ਵਿੱਚ ਜੋ ਤੁਸੀਂ ਬਣਨਾ ਚਾਹੁੰਦੇ ਹੋ, ਬਣ ਸਕਦੇ ਹੋ।

? ਡਾ. ਅਰਵਿੰਦ ਜੀ, ਪ੍ਰਦੂਸ਼ਣ ਦਾ ਮੁੱਦਾ ਅੱਜਕੱਲ੍ਹ ਕਾਫੀ ਚਰਚਿਤ ਹੈ। ਤੁਸੀਂ ਇਕ ਵਿਗਿਆਨੀ ਦੇ ਤੌਰ ਤੇ ਇਸ ਬਾਰੇ ਕੀ ਕਹੋਗੇ?

– ਪ੍ਰਦੂਸ਼ਣ ਅਜੋਕੇ ਸਮਿਆਂ ਦੀ ਗੰਭੀਰ ਸਮੱਸਿਆ ਹੈ। ਅਸੀਂ ਇਹ ਤੇ ਕਹੀ ਜਾਂਦੇ ਹਾਂ ਕਿ ਪਲਾਸਟਿਕ ਦੇ ਲਿਫਾਫੇ ਨਾ ਵਰਤੋ। ਪਰ ਲਿਫਾਫਾ ਆਉਂਦਾ ਕਿੱਥੋਂ ਐ। ਜੇ ਦੁਕਾਨ ਤੇ ਲਿਫਾਫਾ ਹੋਵੇ ਹੀ ਨਾ ਤਾਂ ਆਪੇ ਸਾਰੇ ਘਰੋਂ ਝੋਲਾ ਲੈ ਕੇ ਜਾਣ। ਇਹ ਸਿਆਸੀ ਮਸਲੈ। ਐਸ ਵੇਲੇ ਪ੍ਰਦੂਸ਼ਣ ਦੇ ਤਿੰਨ ਮੋਟੇ ਕਾਰਣ ਹਨ- ਗੱਡੀਆਂ, ਉਦਯੋਗ ਅਤੇ ਖੇਤੀ। ਅਸੀਂ ਕਿਸਾਨਾਂ ਨੂੰ ਕਹੀ ਜਾਨੇ ਆਂ ਕਿ ਪਰਾਲੀ ਨਾ ਸਾੜੋ। ਐਸ ਵੇਲੇ ਜੋ ਕਿਸਾਨ ਦੀ ਹਾਲਤ ਐ ਪੰਜਾਬ 'ਚ ਤੁਸੀਂ ਉਹਨੂੰ ਸਮਸਿਆ ਦਾ ਹੱਲ ਦਿਓ। ਪਰਾਲੀ ਸਰਕਾਰ ਖਰੀਦੇ। ਉਹ 'ਕੱਠੀ ਕਰਕੇ ਵੇਚ ਦੇਵੇਗਾ। ਸਰਕਾਰ ਉਹਦਾ ਪਲਾਂਟ ਲਾਵੇ। ਪੰਜਾਬ ਦੇ ਕਿਸਾਨ ਨੂੰ ਝੋਨਾ ਲਾਉਣਾ ਕਿਹਨੇ ਸਿਖਾਇਆ। ਪਹਿਲਾਂ ਨਾ ਝੋਨਾ ਹੁੰਦਾ ਸੀ ਨਾ ਪਰਾਲੀ। ਕੌਮੀ ਪੂਲ ਵਾਸਤੇ ਤੁਹਾਨੂੰ ਚੌਲ ਚਾਹੀਦੇ ਸੀ। ਤੁਸੀਂ ਪੰਜਾਬ ਦੇ ਕਿਸਾਨਾਂ ਨੂੰ ਕਿਹਾ ਝੋਨਾ ਲਾਉਣਾ ਸ਼ੁਰੂ ਕਰ ਦਿਉ। ਇਹਦੇ ਨਾਲ ਇੱਕ ਤਾਂ ਅਸੀਂ ਧਰਤੀ ਹੇਠਲਾ ਪਾਣੀ ਖਤਮ ਕਰੀ ਜਾਨੇ ਆਂ। ਦੂਜਾ ਆਹ ਪਰਾਲੀ ਨਾਲ ਵਾਤਾਵਰਣ। ਕਿਸਾਨ ਉਹੀ ਬੀਜੇਗਾ ਜਿਸ ਤੋਂ ਉਹਨੂੰ ਕੁੱਝ ਫਾਇਦਾ ਹੋਵੇਗਾ। ਸਰਕਾਰੀ ਖਰੀਦ ਕੀਮਤ ਅਸੀਂ ਝੋਨੇ ਕਣਕ ਦੀ ਦਿੰਨੇ ਆਂ, ਦਾਲਾਂ ਵਗੈਰਾ ਦੀ ਨਹੀਂ ਦਿੰਦੇ। ਤੁਸੀਂ ਬਾਕੀ ਫਸਲਾਂ ਦੀ ਵੀ ਘੱਟੋ-ਘੱਟ ਕੀਮਤ ਤੈਅ ਕਰ ਦਿਉ, ਕਿਸਾਨ ਨੂੰ ਕੀ ਸਮੱਸਿਆ

ਉਹ ਦੂਜੀ ਫਸਲ ਬੀਜ ਲਵੇਗਾ।

ਉਦਯੋਗ ਲੱਖਾਂ ਟਨ ਪਾਣੀ ਨੂੰ ਗੰਦਾ ਕਰਕੇ ਵਾਪਸ ਧਰਤੀ 'ਚ ਭੇਜ ਦਿੰਦੇ ਐ। ਉਹਨੂੰ ਸਾਫ ਕਰਨ ਲਈ ਪਲਾਂਟ ਚਾਹੀਦੇ ਐ। ਸਾਫ ਕਰਨ ਦੀ ਟੈਕਨੋਲੋਜੀ ਸਾਡੇ ਕੋਲ ਹੈ। ਕੀ ਪ੍ਰਦੂਸ਼ਨ ਕੰਟਰੋਲ ਬੋਰਡ ਫਿਲਟਰ ਲਗਵਾ ਰਿਹਾ ? ਭਾਵੇਂ ਖੰਡ ਮਿੱਲ ਐ ਭਾਵੇਂ ਗੱਤਾ ਮਿੱਲ। ਜ਼ਮੀਨ ਦਾ ਪ੍ਰਦੂਸ਼ਣ ਕਿਸ ਕਰਕੇ ਹੋ ਰਿਹਾ ਐ। ਦੋ ਵੱਡੇ ਕਾਰਣ ਨੇ। ਇੱਕ ਤਾਂ ਆਪਣੀ ਖੇਤੀ ਵਿੱਚ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ, ਦੂਜੀਆਂ ਖਾਦਾਂ। ਇਹ ਕੀਟਨਾਸ਼ਕ ਤੇ ਖਾਦਾਂ ਕਿੱਥੋਂ ਆਉਂਦੀਆਂ। ਉਹ ਕੰਪਨੀਆਂ ਜਿਹੜੀਆਂ ਬਣਾਉਂਦੀਆਂ ਨੇ ਸਰਕਾਰ ਉਨ੍ਹਾਂ ਨੂੰ ਬਣਾਉਣ ਤੇ ਵੇਚਣ ਦਾ ਲਸੰਸ ਦਿੰਦੀ ਐ। ਜਦੋਂ ਸਾਨੂੰ ਪਤਾ ਲੱਗ ਜਾਂਦੈ ਕਿ ਫਲਾਣੀ ਚੀਜ਼ ਜ਼ਹਿਰ ਐ ਤੇ ਜ਼ਹਿਰ ਵਾਤਾਵਰਣ 'ਚ ਨਹੀਂ ਖਿਲਰਣਾ ਚਾਹੀਦਾ ਤਾਂ ਅਸੀਂ ਉਹ ਬਣਾਉਣੀ ਕਿਉਂ ਨਹੀਂ ਬੰਦ ਕਰ ਦਿੰਦੇ। ਡੀਡੀਟੀ ਦੁਨੀਆਂ 'ਚ ਚਾਲੀ ਸਾਲ ਤੋਂ ਬੈਨ ਹੋ ਚੁੱਕੀ ਐ, ਸਾਡੇ ਅਜੇ ਵੀ ਮਿਲਦੀ ਐ। ਵਾਤਾਵਰਣ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਐ। ਪਰ ਜੇ ਆਪਾਂ ਸੱਚੀਓਂ ਵਾਤਾਵਰਣ ਬਾਰੇ ਕੁੱਝ ਕਰਨਾ ਚਾਹੁਨੇ ਐਂ, ਤਾਂ ਆਪਣੇ ਆਲੇ ਦੁਆਲੇ ਵੇਖੋ ਕਿ ਕੌਣ ਇਹਨੂੰ ਗੰਦਾ ਕਰ ਰਿਹੈ। ਲੋਕ ਕੱਠੇ ਹੋਕੇ ਦਬਾਅ ਬਣਾ ਸਕਦੇ ਹਨ ਕਿ ਇਸ ਤਰ੍ਹਾਂ ਨਾ ਹੋਵੇ। ਇਹ ਕਾਗਜ਼ ਹੂੰਝਣ ਨਾਲ ਅਤੇ ਵਾਤਾਵਰਣ ਦੇ ਪ੍ਰੋਜੈਕਟ ਬਣਾਉਣੇ ਸਿਰਫ ਅੱਖਾਂ ਪੂੰਝਣ ਵਾਲੀ ਗੱਲ ਐ।

? ਸਮਾਜਕ ਜਾਗਰੂਕਤਾ ਲਈ ਤੁਸੀਂ ਕੀ ਕਰ ਰਹੇ ਹੋ?

- ਮੈਂ ਕਈ ਕਿਸਾਨ ਜਥੇਬੰਦੀਆਂ ਨਾਲ ਕੰਮ ਕੀਤਾ ਹੈ। ਖਾਸ ਕਰਕੇ ਉਹਨਾਂ ਦਾ ਕੰਮ ਮੈਨੂੰ ਚੰਗਾ ਲੱਗਾ ਜਿਹਨਾਂ ਨੇ ਵਾਤਾਵਰਣ ਪ੍ਰਦੂਸ਼ਣ ਦੇ ਕੰਮ ਨੂੰ ਹੱਥ 'ਚ ਲਿਆ। ਪਰ ਇਨ੍ਹਾਂ ਜਥੇਬੰਦੀਆਂ 'ਚੋਂ ਬਹੁਤੀਆਂ "ਵਿਆਕਤੀ ਅਧਾਰਤ" ਨੇ। ਉਹ ਵਿਆਕਤੀ ਇਨ੍ਹਾਂ ਚੋਂ ਕੱਢ ਦਿਉ, ਜੱਥੇਬੰਦੀ ਖਤਮ ਹੋ ਜਾਂਦੀ ਐ। ਨਰਮਦਾ ਬਚਾਉ ਅੰਦੋਲਨ ਨਾਲ ਮੈਂ ਬੜੇ ਸਾਲ ਕੰਮ ਕੀਤਾ। ਏਸੇ ਤਰ੍ਹਾਂ ਮੇਧਾ ਪਾਟੇਕਰ ਨੂੰ ਵਿਚੋਂ ਕੱਢ ਦਿਉ ਤਾਂ ਇਹ ਜੱਥੇਬੰਦੀ ਖਤਮ ਹੋ ਜਾਂਦੀ ਐ। ਮੈਨੂੰ ਅੱਛਾ ਲੱਗਾ ਕਿ ਨਵੀਆਂ ਲਹਿਰਾਂ ਪੰਜਾਬ 'ਚ ਉੱਠ ਰਹੀਆਂ ਨੇ ਹਾਲਾਂਕਿ ਉਹ ਛੋਟੀਆਂ ਨੇ, ਬਚਪਨ 'ਚ ਨੇ, ਵੱਡੀ ਲੀਡਰਸ਼ਿਪ ਵੀ ਉਨ੍ਹਾਂ ਕੋਲ ਹਾਲੇ ਨਹੀਂ, ਸੋਚਣ ਦਾ ਤਰੀਕਾ ਵੀ ਉਨ੍ਹਾਂ ਦਾ ਲੋਕਲ ਐ, ਪਰ ਜਿਸ ਢੰਗ ਨਾਲ ਲੋਕਲ ਮਸਲਿਆਂ ਤੇ ਲੜਾਈਆਂ ਸ਼ੁਰੂ ਕੀਤੀਆਂ ਨੇ, ਉਹਦੇ ਵਿੱਚ ਮੈਨੂੰ ਲਗਦਾ ਕਿ ਕਿਸਾਨੀ ਦਾ ਭਵਿੱਖ ਹੈ। ਵੱਖ ਵੱਖ ਲੋਕ ਆਪਣੀਆਂ ਲੜਾਈਆਂ ਲੜਣ ਲਈ ਆਪਣੇ ਆਪ ਨੂੰ ਜਥੇਬੰਦ ਕਰ ਰਹੇ ਐ ਕਿਉਂਕਿ ਹੋਰ ਹੈ ਕੋਈ ਨੀ, ਜੋ ਇਨ੍ਹਾਂ ਦਾ ਪੱਲਾ ਫੜੇ।

? ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਵਿੱਚ ਗਣੇਸ਼ ਜੀ ਨੂੰ ਪੁਰਾਤਨ ਸਮਿਆਂ ਦੀ ਸਰਜਰੀ ਨਾਲ ਸੰਭਵ ਹੋਣਾ ਦੱਸਿਆ ਹੈ। ਇਸ ਤਰ੍ਹਾਂ ਦੇ ਹਵਾਲਿਆਂ ਨਾਲ ਭਾਰਤ ਵਿੱਚ ਹਜ਼ਾਰਾਂ ਸਾਲ ਪਹਿਲਾਂ ਵਿਗਿਆਨ ਦੀ ਤਰੱਕੀ ਬਾਰੇ 'ਮਾਣ' ਨਾਲ ਦਾਅਵੇ ਕੀਤੇ ਜਾਂਦੇ ਹਨ। ਇੱਕ ਵਿਗਿਆਨੀ ਦੇ ਤੌਰ ਤੇ ਤੁਸੀਂ ਇਸ ਬਾਰੇ ਕੀ ਕਹੋਗੇ?

– ਮਿਥਿਹਾਸ ਅਤੇ ਵਿਗਿਆਨ ਨੂੰ ਰਲਗੱਡ ਕਰਨਾ ਠੀਕ ਨਹੀਂ। ਅਜਿਹਾ ਕਰਕੇ ਤੁਸੀਂ ਨਾ ਹੀ ਵਿਗਿਆਨ ਨਾਲ ਅਤੇ ਨਾ ਹੀ ਮਿਥਿਹਾਸ ਨਾਲ ਇਨਸਾਫ ਕਰ ਰਹੇ ਹੁੰਦੇ ਹੋ। ਕਲਪਨਾ ਅਤੇ ਕਹਾਣੀਆਂ ਮਨੁੱਖੀ ਜ਼ਿੰਦਗੀ ਦਾ ਮਹੱਤਵਪੂਰਨ ਅੰਗ ਹਨ। ਮਿਥਿਹਾਸ ਅਤੇ ਮਿਥਿਹਾਸਕ ਚਿੰਨ੍ਹ ਪੁਰਾਤਨ ਸਾਹਿਤ ਦਾ ਉਸੇ ਤਰ੍ਹਾਂ ਹਿਸਾ ਹਨ, ਜਿਵੇਂ ਅਜੋਕੇ ਸਮਿਆਂ ਦੀ ਵਿਗਿਆਨ ਕਹਾਣੀ (Science Fiction) ਵਿੱਚ ਕਲਪਨਾ ਅਧਾਰਤ ਪਾਤਰ, ਸਥਾਨ ਅਤੇ ਹੋਰ ਯੰਤਰ ਆਦਿ।

ਵੈਨ ਸਹਾਇਤਾ

ਸਮੂਹ ਨਗਰ ਨਿਵਾਸੀ – ਪਿੰਡ ਬੁਰਜ – 200/–
ਸ਼ਹੀਦ ਅਮਰਜੀਤ ਸਿੰਘ ਯੁਵਾ ਕਲੱਬ – ਧੌਲਾ – 200/–
ਕੁਲਦੀਪ ਸਿੰਘ ਵੈਟਰਨਿਰੀ ਇੰਸਪੈਕਟਰ –
ਲਖਮੀਰਵਾਲਾ – 2800/–
ਗੁਰਦੀਪ ਸਿੰਘ, ਨਿਰਭੈ ਸਿੰਘ – 300/–
ਲੋਕ ਭਲਾਈ ਕਲੱਬ – ਪਿੰਡ ਚੱਠਾ – 1500/–
ਸਤੀਸ਼ ਕੁਮਾਰ – ਪਿੰਡ ਅਨਦਾਨਾ – 1000/–
ਲੋਕ ਭਲਾਈ ਕਲੱਬ – ਮੋਜੀਆ – 500/–
ਸਮੂਹ ਸਟਾਫ ਆਈ.ਟੀ.ਆਈ. – ਬੁਢਲਾਡਾ – 500/–
ਜਗਸੀਰ ਸਿੰਘ ਪੁੱਤਰ ਸ੍ਰੀ ਜਗਿੰਦਰ ਸਿੰਘ –
ਮੁਰੱਡਾ ਖੁਰਦ – 1000/–
ਸ਼ਹੀਦ ਭਗਤ ਸਿੰਘ ਯਾਦਗਾਰੀ ਕਲੱਬ –
ਲੋਹਗੜ – 1000/–
ਸ਼ਹੀਦ ਭਗਤ ਸਰਾਭਾ ਸਮਾਜ ਭਲਾਈ ਕਲੱਬ –
ਮਹਿਲ ਕਲਾਂ – 500/–

ਜੀਵਨ ਦੇ ਮਹੱਤਵਪੂਰਨ ਤੱਤਾਂ ਦੀ ਖੋਜ਼

ਜੀਵਨ ਦੀ ਹੋਂਦ ਦਾ ਅਧਿਐਨ ਕਰ ਰਹੀ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਵਿਗਿਆਨੀਆਂ ਨੇ ਸਾਡੇ ਪਿਤਾਪੁਰਖੀ ਪਦਾਰਥ ਦੇ ਤਿੰਨ ਤੱਤਾਂ ਨੂੰ ਪ੍ਰਯੋਗਸ਼ਾਲਾ 'ਚ ਬਣਾਉਣ 'ਚ ਸਫਲਤਾ ਹਾਸਲ ਕੀਤੀ ਹੈ। ਖੋਜੀਆਂ ਨੇ ਪਤਾ ਲਗਾਇਆ ਹੈ ਕਿ ਪੁਲਾੜ ਜਿਹੇ ਹਾਲਾਤ 'ਚ ਬਰਫ਼ ਦੇ ਇੱਕ ਨਮੂਨੇ 'ਚ ਜਿਸ 'ਚ ਪਾਈਰਿਮਿਡਿਨ ਹੁੰਦਾ ਹੈ ਜਦੋਂ ਉਹ ਪਰਾਬੈਂਗਨੀ ਕਿਰਨ (ਅਲਟ੍ਰਾਵਾਇਲੇਟ ਰੈਡੀਏਸ਼ਨ) ਦੇ ਸੰਪਰਕ 'ਚ ਆਉਂਦਾ ਹੈ ਤਾਂ ਜੀਵਨ ਦੇ ਤਿੰਨ ਜਰੂਰੀ ਤੱਤ ਪੈਦਾ ਕਰਦਾ ਹੈ।

ਇਸ ਖੋਜ ਨਾਲ ਜੁੜੇ ਕੈਲੀਫੋਰਨੀਆ ਦੇ ਮੋਫੇਟ ਫੀਲਡ ਸਥਿਤ ਨਾਸਾ ਏਮੀਜ਼ ਰਿਸਰਚ ਸੈਂਟਰ ਦੇ ਵਿਗਿਆਨੀ ਮਾਈਕਲ ਨੂਏਵੋ ਨੇ ਕਿਹਾ ਕਿ ਅਸੀਂ ਲੋਕਾਂ ਨੇ ਪਹਿਲੀ ਵਾਰ ਇਹ ਵਿਖਾਇਆ ਹੈ ਕਿ ਅਸੀਂ ਆਰਐਨਏ ਤੇ ਡੀਐਨਏ ਦੇ ਮੁੱਖ ਤੱਤ ਯੂਰੇਸਿਲ, ਸਾਈਟੋਸੀਨ ਤੇ ਥਾਈਮੀਨ ਨੂੰ ਗੈਰ ਜੈਵਿਕ ਤਰੀਕੇ ਨਾਲ ਪੁਲਾੜ ਜਿਹੇ ਹਾਲਾਤ 'ਚ ਪ੍ਰਯੋਗਸ਼ਾਲਾ 'ਚ ਵੀ ਪੈਦਾ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬਰਫ਼ ਦੇ ਨਮੂਨੇ 'ਤੇ ਇੱਕ ਹਾਈਡ੍ਰੋਜਨ ਲੈਂਪ ਦੀ ਸਹਾਇਤਾ ਨਾਲ ਉਨ੍ਹਾਂ ਲੋਕਾਂ ਨੇ ਉੱਚ ਊਰਜਾ ਵਾਲੇ ਪਰਾਬੈਂਗਨੀ ਪ੍ਰੋਟੀਨ ਦੀ ਬੌਛਾਰ ਕੀਤੀ ਤਾਂ ਬਰਫ਼ ਦੇ ਰਸਾਇਣਿਕ ਬਾਂਡ ਟੁੱਟ ਗਏ। ਬਰਫ਼ ਦੇ ਅਣੂ ਟੁਕੜਿਆਂ 'ਚ ਟੁੱਟਣ ਤੋਂ ਬਾਅਦ ਨਵੇਂ ਮਿਸ਼ਰਣ ਜਿਹੇ ਯੂਰੇਸਿਲ, ਸਾਈਟੋਸੀਨ ਤੇ ਥਾਈਮੀਨ ਬਣਾਉਣ ਲਈ ਫਿਰ ਤੋਂ ਜੁੱਟ ਗਏ। ਧਰਤੀ 'ਤੇ ਪਾਏ ਜਾਣ ਵਾਲੇ ਸਾਰੇ ਜੀਵਾਂ 'ਚ ਆਰਐਨਏ ਤੇ ਡੀਐਨਏ ਪਾਇਆ ਜਾਂਦਾ ਹੈ।

ਬਿਨਾਂ ਫਿਊਲ ਦੁਨੀਆਂ ਦੀ ਸੈਰ 'ਤੇ ਜਹਾਜ਼

ਸਾਰਿਆਂ ਨੂੰ ਚਮਤਕਾਰ ਦਿਖਾਉਣ ਵਾਲੀ ਵਿਗਿਆਨ ਦੀ ਇੱਕ ਕ੍ਰਿਸ਼ਮਾਈ ਉਡਾਨ 9 ਮਾਰਚ ਸਵੇਰੇ ਆਬੂਧਾਬੀ ਤੋਂ ਸ਼ੁਰੂ ਹੋਈ। ਸੋਲਰ ਇੰਪਲਜ਼-2 ਨਾਂ ਵਾਲਾ ਜਹਾਜ਼ ਬਿਨਾਂ ਇੱਕ ਬੂੰਦ ਰਵਾਇਤੀ ਫਿਊਲ ਦੇ 35 ਹਜ਼ਾਰ ਕਿ.ਮੀ. ਦੀ ਯਾਤਰਾ ਦੌਰਾਨ 3 ਮਹਾਂਦੀਪਾਂ ਅਤੇ 2 ਮਹਾਂਸਾਗਰਾਂ ਨੂੰ ਪਾਰ ਕਰੇਗਾ। ਅਗਲੇ 5 ਮਹੀਨਿਆਂ ਤੱਕ 500 ਘੰਟਿਆਂ ਦੀ ਕੁੱਲ ਉਡਾਨ ਇਹ ਜਹਾਜ਼ ਸੌਰ ਊਰਜਾ ਨਾਲ ਪੂਰੀ ਕਰਦੇ ਹੋਏ ਫਿਰ ਆਪਣੇ ਸ਼ੁਰੂਆਤੀ ਉਡਾਨ ਸਥਾਨ ਆਬੂਧਾਬੀ 'ਤੇ ਉਤਰੇਗਾ। ਸੋਲਰ ਇੰਪਲਜ਼-2 ਕਾਰਬਨ ਫਾਈਬਰ ਤੋਂ ਬਣਿਆ ਹੈ। ਇਸ ਵਿੱਚ ਸੋਲਰ ਸੈਲਜ਼ ਤੋਂ ਚਾਰਜ 633 ਕਿ.ਗ੍ਰਾ. ਵਜ਼ਨ ਵਾਲੀ ਲੀਥੀਅਮ ਵਾਲੀ ਬੈਟਰੀ ਰਾਤ ਦੀਆਂ ਉਡਾਨਾਂ ਲਈ ਸਹਾਇਕ ਹੋਵੇਗੀ। ਦੋ ਸਵਿੱਸ ਨਾਗਰਿਕਾਂ ਦੀ ਸੋਚ ਅਤੇ 13 ਸਾਲ ਦੀ ਮਿਹਨਤ ਦਾ ਨਤੀਜਾ ਹੈ ਇਹ ਪ੍ਰਾਜੈਕਟ। ਦੁਨੀਆਂ ਦੀ ਸੈਰ ਵਾਲੀ ਮੁਹਿੰਮ ਦੇ ਸਹਿ ਪਾਇਲਟ ਐਰੋਨਾਟ ਬਰਟ੍ਰੈਂਡ ਪਿਕਾਰਡ ਅਤੇ ਕਾਰੋਬਾਰੀ ਆਂਦਰੇ ਬੋਸ਼ਰਬਰਗ। ਇਸ ਮੁਹਿੰਮ ਦਾ ਮਕਸਦ ਸਾਫ ਤਕਨੀਕ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਹੈ।

ਡਰਾਈਵਰ ਬਗੈਰ ਕਾਰ ਜਾਂਦੀ ਧੂੜਾਂ ਪੱਟਦੀ

ਅਮਰੀਕਾ ਵਿੱਚ ਬਿਨਾਂ ਡਰਾਈਵਰ ਕਾਰ ਨੇ 5500 ਕਿ.ਮੀ. ਦੀ ਦੂਰੀ ਤੈਅ ਕਰ ਲਈ ਹੈ। 9 ਦਿਨਾਂ ਦੀ ਯਾਤਰਾ ਦੌਰਾਨ ਕਾਰ ਨੇ 15 ਸੂਬਿਆਂ ਦਾ ਸਫ਼ਰ ਤੈਅ ਕੀਤਾ ਹੈ। ਬ੍ਰਿਟਿਸ਼ ਆਟੋ ਫਰਮ ਡੈਲਫੀ ਮੁਤਾਬਕ ਇਹ ਅਮਰੀਕਾ ਵਿੱਚ ਕਿਸੇ ਵੀ ਆਟੋਮੇਟਡ ਵਾਹਨ ਵੱਲੋਂ ਤੈਅ ਕੀਤੀ ਗਈ ਸਭ ਤੋਂ ਜ਼ਿਆਦਾ ਦੂਰੀ ਹੈ। ਇਹ ਹੈਰਾਨਕੁੰਨ ਪ੍ਰਾਪਤੀ ਹੈ।


ਇਸ ਯਾਤਰਾ ਦੌਰਾਨ ਕਾਰ ਨੇ ਸਾਨ ਫਰਾਂਸਿਸਕੋ, ਕੈਲੀਫੋਰਨੀਆ ਤੋਂ ਨਿਊਯਾਰਕ ਸਿਟੀ ਸਮੇਤ ਸਾਰੇ ਦੱਖਣੀ ਅਮਰੀਕੀ ਰਾਜਾਂ ਦਾ ਸਫ਼ਰ ਕੀਤਾ। ਕਾਰ ਨੇ 22 ਮਾਰਚ ਨੂੰ ਇੰਜੀਨੀਅਰਾਂ ਦੀ ਇੱਕ ਟੀਮ ਨਾਲ ਸਾਨ ਖਾੜੀ ਵਿੱਚ ਸਥਿਤ ਟਰੀਜ਼ਰ ਟਾਪੂ ਤੋਂ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਇਸ ਦੌਰਾਨ ਕਾਰ ਨੂੰ ਵੱਖ ਵੱਖ ਤਰ੍ਹਾਂ ਦੇ ਡਰਾਈਵਿੰਗ ਹਾਲਾਤ ਜਿਵੇਂ ਟਰੈਫਿਕ ਸਰਕਲ, ਕੰਸਟ੍ਰਕਸ਼ਨ ਜ਼ੋਨ, ਪੁਲਾਂ, ਸੁਰੰਗਾਂ ਤੇ ਵੱਖੋ-ਵੱਖ ਮੌਸਮਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਵਜੂਦ ਕਾਰ ਨੇ ਨਾ ਤਾਂ ਕਿਤੇ ਟੱਕਰ ਮਾਰੀ ਤੇ ਨਾ ਕੋਈ ਮਸਲਾ ਖੜ੍ਹਾ ਕੀਤਾ।

ਚਾਰ ਸੂਰਜਾਂ ਵਾਲਾ ਇੱਕ ਹੋਰ ਗ੍ਰਹਿ ਲੱਭਿਆ

ਧਰਤੀ ਤੋਂ 136 ਪ੍ਰਕਾਸ਼ ਸਾਲ ਦੀ ਦੂਰੀ 'ਤੇ ਵਿਗਿਆਨੀਆਂ ਨੇ ਇੱਕ ਵਿਸ਼ਾਲ ਗ੍ਰਹਿ ਦਾ ਪਤਾ ਲਗਾਇਆ ਹੈ। '30 ਏਰਿਜ਼' ਨਾਂ ਦਾ ਇਹ ਗ੍ਰਹਿ ਆਕਾਰ 'ਚ ਸਾਡੇ ਸੌਰ ਮੰਡਲ ਦੇ ਬ੍ਰਹਿਸਪਤੀ ਗ੍ਰਹਿ ਤੋਂ 10 ਗੁਣਾ ਵੱਡਾ ਹੈ। ਇਸ ਦੇ ਚਾਰ ਸੂਰਜ ਹਨ। ਇਕ ਕੇਆਈਸੀ 4862625' ਨਾਂ ਨਾਲ ਜਾਣਿਆ ਜਾਂਦਾ ਹੈ। ਪ੍ਰਕਾਸ਼ਿਕੀ ਪ੍ਰਣਾਲੀ ਵਾਲੀ ਦੂਰਬੀਨ ਦੀ ਮਦਦ ਨਾਲ ਸੈਨ ਡਿਆਗੋ ਦੇ ਪਾਲੋਮਰ ਅਬਜ਼ਰਵੇਟਰੀ ਦੇ ਖਗੋਲ ਮਾਹਰਾਂ ਨੇ 30 ਏਰੀਜ਼ ਨੂੰ ਲੱਭਣ 'ਚ ਕਾਮਯਾਬੀ ਹਾਸਲ ਕੀਤੀ ਹੈ। ਇਸ ਗ੍ਰਹਿ 'ਤੇ ਜ਼ਿੰਦਗੀ ਦੀ ਸੰਭਾਵਨਾ ਨਾ-ਮਾਤਰ ਹੈ।



ਲ਼ਫ਼ਜ਼ਾਂ ਦੀ ਲੋਅ



ਸੰਦੇਸ਼ ਭੇਜਣ ਲਈ: **94173-62085**

ਹੁੰਦੀ ਬੜੀ ਤਕਲੀਫ ਮਹਿਲਾਂ ਨੂੰ,
ਨੀਂਹ ਦੀਆਂ ਇੱਟਾਂ ਲੱਗਣ ਜਦੋਂ ਚੁਬਾਰੇ ਨੂੰ।

ਅਮਰਜੀਤ ਸਨ੍ਹੇਰਵੀ 94633-16191

ਉਹ ਨਾ ਘਾਟ ਜੋਗੇ ਰਹੇ, ਨਾ ਹੀ ਘਰ ਮਿਲੇ,
ਰਾਹਜ਼ਨਾਂ ਵਰਗੇ ਜਿਨ੍ਹਾਂ ਨੂੰ ਰਹਿਬਰ ਮਿਲੇ।

ਜੀਵਨ ਸਿੰਘ ਹਾਣੀ 94655-01530

ਫਾਈਲਾਂ ਚੁੱਕੀ ਵਿੱਚ ਕਚਿਹਰੀ, ਪੇਸ਼ੀ ਭੁਗਤਣ ਜਾਵੇ ਬਾਬਾ,
ਨਾਸ਼ਵਾਨ ਹੈ ਦੁਨੀਆਂ ਭਗਤੋ, ਲੋਕਾਂ ਨੂੰ ਸਮਝਾਵੇ ਬਾਬਾ।

ਵੇਦ ਪ੍ਰਕਾਸ਼ ਸੋਨੀ 94655-01530

ਕੱਟ ਗਈ ਹਰ ਸ਼ਾਖ ਮੇਰੀ, ਪਰ ਯਾਦਾਂ ਬਾਕੀ ਨੇ,
ਮੈਂ ਫਿਰ ਫੁੱਟਾਂਗਾ, ਤੁਸੀਂ ਆਲ੍ਹਣੇ ਪਾਉਣ ਆਇਓ।

ਪ੍ਰੀਤ ਜੱਗੀ 94172-96020

ਤੂਫਾਨੀ ਰਾਤ ਅੰਦਰ ਪਾਰ ਕਰਨੇ ਸ਼ੂਕਦੇ ਦਰਿਆ,
ਅਸਾਡੇ ਜਹਿਨ ਅੰਦਰ ਮਚਲਦਾ ਹੈ ਸ਼ੁਦਾ ਹਾਲੇ।

ਸ਼ਮਸ਼ੇਰ ਮੋਹੀ 94171 42415

ਰੁੱਖਾਂ ਨੇੜੇ ਖੜ੍ਹਕੇ ਲੰਘੀਆਂ ਕੁਰਸੀਆਂ,
ਬਿਰਖ ਫਿਰ ਕੰਬੇ ਤੇ ਲਗਰਾਂ ਸਹਿਮੀਆਂ।

ਸਤਿਪਾਲ ਖੁੱਲ੍ਹਰ 98555-74726

ਆਪਣੀ ਤਕਦੀਰ ਨੂੰ ਨਾ ਜਵਾਨਾਂ ਐਵੇਂ ਕੋਸੀ ਜਾਹ,
ਜੇ ਲੈਣਾ ਹੈ ਹੱਕ ਤਾਂ ਸੜਕਾਂ 'ਤੇ ਆ।
ਭੁਲੇਖਾ ਕੱਢ ਦੇ ਕਿ ਉੱਪਰ ਵਾਲਾ ਹੀ ਕਰੇਗਾ ਸਭ ਕੁਝ,
ਐਵੇਂ ਨਾ ਪੂਜਾ-ਪਾਠ, ਸੁੱਖਣਾ ਵਿੱਚ ਵਕਤ ਗਵਾ।

ਗੁਰਸ਼ਰਨ ਮਾਖਾ 97814 45290

ਸੋਨਾ ਜਾਂ ਚਾਂਦੀ ਆਪਣੇ ਆਪ ਵਿੱਚ ਕੋਈ ਮਹੱਤਤਾ ਨਹੀਂ ਰਖਦੇ, ਮਹੱਤਤਾ ਇਸ ਗੱਲ ਦੀ ਹੁੰਦੀ ਹੈ ਕਿ ਕਾਰੀਗਰ ਦੇ ਹੱਥ ਸੋਨੇ ਦੇ ਹੋਣ।

... ਰਸੂਲ ਹਮਜ਼ਾਤੋਵ

ਸਾਥੀ ਤੂੰ ਜੁਗਨੂੰ ਹੈ, ਹਨੇਰੇ ਤੋਂ ਨਾ ਡਰਿਆ ਕਰ
ਜੁਗਨੂੰਆਂ ਦੀ ਫ਼ਿਤਰਤ ਹੈ ਹਨੇਰੇ ਤੋਂ ਡਰਦੇ ਨਹੀਂ।

ਜੀਤ ਸਿੰਘ ਮਹਿਰਾਜ 98558-36398

ਆਪ ਭੀ ਕਿਆ ਪੂਛਤੇ ਹੈਂ, ਜ਼ਿੰਦਗੀ ਕਾ ਰਾਸਤਾ,
ਬਸ ਉਧਰ ਮਤ ਜਾਈਏ, ਭਾਗੇ ਜਿਧਰ ਜਾਤੇ ਹੈਂ ਲੋਗ।

ਪਾਲ ਬਾ.ਗਪੁਰ 94173 13738

ਕਿਸੇ ਪੱਥਰ ਦੀ ਮੂਰਤ ਦੀ ਤੁਸੀਂ ਜਾ ਕੇ ਕਰੋ ਪੂਜਾ,
ਮੈਂ ਓਨੀ ਦੇਰ ਕੋਈ ਡੁਸਕਦਾ ਬੱਚਾ ਹਸਾਉਂਦਾ ਹਾਂ।

ਦਾਦਰ ਪੰਡੋਰਵੀ 97814-38798

ਧਰਮਾਂ ਦੇ ਨਾਂ 'ਤੇ ਭੋਲੇ ਭਾਲੇ ਲੋਕ ਲੜਾ ਛੱਡੇ,
ਭਾਈਚਾਰਾ ਕੀਤਾ ਤਾਰੋ-ਤਾਰ ਨੇਤਾਵਾਂ ਨੇ।

ਅਮਰ ਸੂ.ਫ਼ੀ 98555-43660

ਜਦ ਤੱਕ ਸਾਹ ਹੈ, ਬਣਕੇ ਦੀਪਕ ਚੌਰਾਹੇ ਵਿੱਚ ਬਲਦੇ ਰਹਿਣਾ
ਬਲਦੀ ਚਿਤਾ ਦੇ ਨਾਲ ਹੀ ਯਾਰੋ ਕੁਝ ਰਸਤੇ ਰੁਸ਼ਨਾ ਜਾਵਾਂਗਾ

ਅਮਿਤਾਸ 85284-70984

ਧਰਤ ਤੇ ਹੁਣ ਰੱਬ ਦੇ ਨਾਂ ਦਾ ਵਿਛ ਗਿਆ ਇੱਕ ਜਾਲ,
ਸੂਰਜਾਂ ਦੇ ਹੁੰਦਿਆਂ ਵੀ ਰੌਸ਼ਨੀ ਦਾ ਕਾਲ ਹੈ।

ਪਾਲੀ ਖਾਦਿਮ 99143 10063

ਟਾਹਣੀ ਨਾਲੋਂ ਤੋੜਿਆ ਫੁੱਲ ਜਿਸ ਮਕਸਦ ਲਈ,
ਮਤਲਬ ਹੋ ਜਾਏ ਪੂਰਾ ਤਾਂ ਇੱਕ ਬੂਟਾ ਲਾ ਦੇਵੀਂ।

ਕੁਲਵੰਤ ਜ਼ੀਰਾ 98143-63180

ਧਨੀਆਂ ਦੇ ਪੱਖ ਪੂਰਦਾ ਸਾਰਾ ਇਹ ਨਿਜ਼ਾਮ
ਤੁਰੇ ਨਿੱਤ ਇਨਸਾਫ ਲਈ ਸੜਕਾਂ 'ਤੇ ਆਵਾਮ

98550 51059

ਇਸ ਕਾਲਮ ਵਿੱਚ ਸ਼ਿਰਕਤ ਕਰਨ ਲਈ ਮੂਲ-ਸ਼ਾਇਰ/ ਲੇਖਕ ਦਾ ਨਾਂ ਜ਼ਰੂਰ ਲਿਖ ਕੇ ਭੇਜਿਆ ਜਾਵੇ।

ਜਿਗਿਆਸਾ

? ਲੋਕਾਂ ਵਿੱਚ ਮੋਰ ਮੋਰਨੀ ਬਾਰੇ ਆਮ ਚਰਚਾ ਹੈ ਕਿ ਉਹ ਦੂਸਰੇ ਪੰਛੀਆਂ ਵਾਂਗ ਇੱਕੇ ਦੂਜੇ ਨਾਲ ਸਰੀਰਕ ਸੰਬੰਧ ਨਹੀਂ ਬਣਾਉਂਦੇ। ਜਦੋਂ ਮੋਰ ਪੈਲ ਪਾਉਂਦਾ ਹੈ ਤਾਂ ਮੋਰ ਅੱਖਾਂ ਵਿੱਚੋਂ ਹੰਝੂ ਕੇਰਦਾ ਹੈ ਜਿਸਨੂੰ ਮੋਰਨੀ ਚੁਗ ਲੈਂਦੀ ਹੈ। ਇਸ ਪ੍ਰਕ੍ਰਿਆ ਰਾਹੀਂ ਮੋਰਨੀ ਗਰਭ ਧਾਰਨ ਕਰਦੀ ਹੈ ਅਤੇ ਆਂਡੇ ਦਿੰਦੀ ਹੈ? (ਨਵਨੀਤ ਕੌਰ, ਫਤਿਹਗੜ੍ਹ ਸਾਹਿਬ)

– ਬਾਕੀ ਪੰਛੀਆਂ ਵਾਂਗ ਮੋਰ ਦੇ ਵੀ ਵੱਖਰੀ ਜਣਨ ਇੰਦਰੀ ਨਹੀਂ ਹੁੰਦੀ। ਉਸਦੇ ਮਲ ਮੂਤਰ ਤਿਆਗ ਅਤੇ ਪ੍ਰਜਣਨ ਲਈ ਸਿਰਫ਼ ਇੱਕ ਹੀ ਨਿਕਾਸ ਹੁੰਦਾ ਹੈ ਜਿਸ ਨੂੰ Cloaca ਕਹਿੰਦੇ ਹਨ। ਉਤੇਜਿਤ ਪਲਾਂ ਵਿੱਚ ਦੋਵਾਂ ਦੇ ਕਲੋਇਕ ਜੁੜਨ ਸਮੇਂ ਨਰ ਆਪਣੇ ਸ਼ੁਕਰਾਣੂੰ ਮਾਦਾ ਦੇ ਅੰਦਰ ਸੁੱਟ ਦਿੰਦਾ ਹੈ। ਜਿਸ ਨਾਲ ਲੰਬੇ ਸਮੇਂ ਤੱਕ ਇਹਨਾਂ ਦੀ ਗਿਣਤੀ ਅਨੁਸਾਰ ਆਂਡਿਆਂ ਦੀ Fertilization ਹੁੰਦੀ ਰਹਿੰਦੀ ਹੈ। ਹੋਰਨਾਂ ਅਣਗਿਣਤ ਮਿੱਥਾਂ ਅਤੇ ਅੰਧ-ਵਿਸ਼ਵਾਸਾਂ ਵਾਂਗ ਇਹ ਵੀ ਇੱਕ ਮਿੱਥ ਹੈ ਕਿ ਮੋਰ ਦੇ ਨੱਚਣ ਵੇਲੇ ਡਿੱਗੇ ਹੰਝੂਆਂ ਨੂੰ ਚੁਗ ਕੇ ਮੋਰਨੀ ਗਰਭ ਧਾਰਨ ਕਰਦੀ ਹੈ। ਇਹ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਬਿਨ੍ਹਾਂ ਪੜਤਾਲੀਆਂ ਸੁਣੀਆਂ-ਸੁਣਾਈਆਂ ਗੱਲਾਂ ਤੇ ਇਤਬਾਰ ਕਰਨ ਵਾਲੀ ਅਣ-ਵਿਗਿਆਨਕ ਪਹੁੰਚ ਦਾ ਸਿੱਟਾ ਹੈ।


? ਵਿਗਿਆਨ ਕਹਿੰਦਾ ਹੈ ਕਿ ਰੌਸ਼ਨੀ ਕਿਸੇ ਵਸਤੂ ਨਾਲ ਟਕਰਾ ਕੇ ਅੱਖ ਵਿੱਚ ਆਉਂਦੀ ਹੈ। ਇਸ ਤਰ੍ਹਾਂ ਸਾਨੂੰ ਉਹ ਵਸਤੂ ਦਿਖਾਈ ਦਿੰਦੀ ਹੈ। ਜੇ ਗੱਲ ਇਸ ਤਰ੍ਹਾਂ ਹੈ ਤਾਂ ਫਿਰ ਉੱਲੂ ਜਾਂ ਬਿੱਲੀ ਨੂੰ ਰਾਤ ਸਮੇਂ ਕਿਵੇਂ ਦਿਖਾਈ ਦੇ ਜਾਂਦਾ ਹੈ। (ਈਸ਼ਰ ਸਿੰਘ, ਹਿਸ਼ਾਰ)

– ਉੱਲੂ ਅਤੇ ਬਿੱਲੀ ਵੀ ਰੌਸ਼ਨੀ ਦੀ ਮੱਦਦ ਨਾਲ ਹੀ ਵਸਤਾਂ ਨੂੰ ਵੇਖਦੇ ਹਨ ਪ੍ਰੰਤੂ ਉਹਨਾਂ ਦੀਆਂ ਅੱਖਾਂ ਬਹੁਤ ਘੱਟ ਰੌਸ਼ਨੀ ਵਿੱਚ ਵੀ ਦੇਖ ਸਕਣ ਦੇ ਯੋਗ ਹੁੰਦੀਆਂ ਹਨ। ਰਾਤ ਸਮੇਂ ਵੀ ਚੰਦ ਤੋਂ, ਤਾਰਿਆਂ ਤੋਂ, ਜਾਂ ਦੂਰ ਜਗ ਰਹੀਆਂ ਰੌਸ਼ਨੀਆਂ ਤੋਂ ਥੋੜਾ-ਬਹੁਤ ਪ੍ਰਕਾਸ਼ ਆਲੇ-ਦੁਆਲੇ ਖਿੰਡਿਆ ਹੋਇਆ ਹੁੰਦਾ ਹੈ। ਉੱਲੂ ਅਤੇ ਬਿੱਲੀ ਦੀਆਂ ਅੱਖਾਂ ਦੀਆਂ ਪੁਤਲੀਆਂ ਬਹੁਤ ਵੱਡੀਆਂ ਹੁੰਦੀਆਂ ਹਨ ਜਿੱਥੋਂ ਕਿ ਰਾਤ ਸਮੇਂ ਵੀ ਕੁੱਝ ਨਾ ਕੁੱਝ ਪ੍ਰਕਾਸ਼ ਅੱਖਾਂ ਦੇ ਅੰਦਰ ਚਲਾ ਜਾਂਦਾ ਹੈ। ਦੂਸਰਾ ਇਹਨਾਂ ਅੱਖਾਂ ਦਾ ਅੰਦਰਲਾ ਪਰਦਾ, ਜਿਸਨੂੰ ਰੈਟੀਨਾ ਆਖਿਆ ਜਾਂਦਾ ਹੈ, ਥੋੜ੍ਹੇ ਪ੍ਰਕਾਸ਼ ਲਈ ਵੀ ਬਹੁਤ ਸੰਵੇਦਨਸ਼ੀਲ ਹੁੰਦਾ ਹੈ ਜਿਸ ਕਰਕੇ ਰਾਤ ਦੇ ਮਾਮੂਲੀ ਪ੍ਰਕਾਸ਼ ਵਿੱਚ ਵੀ ਇਹਨਾਂ ਜਾਨਵਰਾਂ ਦੀਆਂ ਅੱਖਾਂ ਨੂੰ ਵਸਤੂਆਂ ਦਿਖਾਈ ਦੇ ਜਾਂਦੀਆਂ ਹਨ। ਜਦੋਂ ਕਿ ਸਾਡੀਆਂ ਅੱਖਾਂ ਵਿੱਚ ਇਹ ਦੋਵੇਂ ਗੁਣ ਨਾ ਹੋਣ ਕਰਕੇ ਜਦ ਰੌਸ਼ਨੀ ਇੱਕ ਖਾਸ ਪੱਧਰ ਤੋਂ ਘੱਟ ਜਾਂਦੀ ਹੈ ਤਾਂ ਸਾਨੂੰ ਵਸਤੂਆਂ ਵਿਖਾਈ ਦੇਣੋਂ ਹਟ ਜਾਂਦੀਆਂ ਹਨ ਅਤੇ ਸਾਨੂੰ ਆਸ ਪਾਸ ਪੂਰਨ ਹਨ੍ਹੇਰਾ ਜਾਪਣ ਲੱਗ ਜਾਂਦਾ ਹੈ ਸੋ ਇਹ ਠੀਕ ਨਹੀਂ ਕਿ ਉੱਲੂ ਅਤੇ ਬਿੱਲੀ ਰੌਸ਼ਨੀ ਬਿਲਕੁਲ ਨਾ ਹੋਣ ਦੀ ਹਾਲਤ ਵਿੱਚ ਵੀ ਵੇਖ ਸਕਦੇ ਹਨ। ਅਸਲੀਅਤ ਤਾਂ ਇਹ ਹੈ ਕਿ ਇਹ ਜਾਨਵਰ ਬਹੁਤ ਹੀ ਥੋੜ੍ਹੀ ਰੌਸ਼ਨੀ ਵਿੱਚ ਵੀ ਵੇਖ ਲੈਂਦੇ ਹਨ। ਹਾਂ, ਚਮਗਿੱਦੜ ਅਤੇ ਚਾਮਚੜਿੱਕਾਂ ਬਗੈਰ ਰੌਸ਼ਨੀ ਤੋਂ ਹੀ ਵਸਤੂਆਂ ਦਾ ਪਤਾ ਲਗਾ ਲੈਂਦੇ ਹਨ। ਕਿਉਂਕਿ ਉਹਨਾਂ ਵਿੱਚ ਆਲੇ ਦੁਆਲੇ ਦੇ ਸੰਸਾਰ ਨੂੰ ਜਾਨਣ ਦੀ ਵਿਧੀ ਹੀ ਵੱਖਰੀ ਹੈ। ਉਹ ਆਪਣੇ ਮੂੰਹ ਵਿੱਚੋਂ ਆਵਾਜ਼ ਦੀਆਂ ਖਾਸ ਕਿਸਮ ਦੀਆਂ ਤਰੰਗਾਂ ਛੱਡਦੇ ਹਨ। ਇਹ ਤਰੰਗਾਂ ਜਦ ਆਲੇ-ਦੁਆਲੇ ਦੀਆਂ ਵਸਤਾਂ ਨਾਲ ਟਕਰਾ ਕੇ ਵਾਪਸ ਆਉਂਦੀਆਂ ਹਨ। ਤਾਂ ਉਹਨਾਂ ਨੂੰ ਆਲੇ ਦੁਆਲੇ ਦੀਆਂ ਵਸਤਾਂ ਦੀ ਸਥਿਤੀ ਅਤੇ ਉਹਨਾਂ ਦੇ ਆਕਾਰ ਬਾਰੇ ਗਿਆਨ ਹੋ ਜਾਂਦਾ ਹੈ। ਸੋ ਚਮਗਿੱਦੜ ਅਤੇ ਚਾਮਚੜਿੱਕ ਰੌਸ਼ਨੀ ਤੋਂ ਬਗੈਰ ਵੀ ਦੇਖ ਲੈਂਦੇ ਹਨ ਪਰ ਉਹ ਹੋਰ ਜਾਨਵਰਾਂ ਵਾਂਗ ਅੱਖਾਂ ਰਾਹੀਂ ਨਹੀਂ ਦੇਖਦੇ।

? ਪੋਲਟਰੀ ਫਾਰਮ ਦੀ ਮੁਰਗੀ ਦਾ ਆਂਡਾ ਸ਼ਾਕਾਹਾਰੀ ਭੋਜਨ ਵਿੱਚ ਆਉਂਦਾ ਹੈ, ਜਾਂ ਮਾਸਾਹਾਰੀ ਵਿੱਚ? (ਪਵਨ ਕੁਮਾਰ, ਜੈਪੁਰ)

– ਆਂਡਾ ਚਾਹੇ ਫਾਰਮੀ ਹੋਵੇ ਜਾਂ ਦੇਸ਼ੀ, ਖੁਰਾਕੀ ਤੌਰ ਤੇ ਦੋਨਾਂ ਵਿੱਚ ਕੋਈ ਫਰਕ ਨਹੀਂ ਹੁੰਦਾ। ਫਰਕ ਹੁੰਦਾ ਹੈ ਤਾਂ ਸਿਰਫ਼ ਅਨੁਵੰਸ਼ਿਕ (Genetic) ਭਾਵ ਦੇਸੀ ਆਂਡੇ ਮੁਰਗੀ ਦੇ ਅੰਡਕੋਸ਼ ਦੇ ਸੈਲ ਤੇ ਮੁਰਗੇ ਦੇ ਸ਼ੁਕਰਾਣੂੰ, ਜੋ ਕਿ ਕਰੋਮੋਸੋਮ ਦੀ ਗਿਣਤੀ ਵਿੱਚ ਅੱਧੇ ਹੁੰਦੇ ਹਨ, ਦੇ ਮਿਲਣ ਨਾਲ ਡਿਪਲਿਓਡ ਕਰੋਮੋਸਮ ਬਣ ਜਾਂਦੇ ਹਨ। ਇਸ ਮਿਲਾਪ ਨਾਲ ਬਣਿਆ ਹੋਇਆ ਸੈੱਲ ਵੱਡਾ ਹੋ ਕੇ ਆਂਡੇ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ ਅਤੇ ਮੁਆਫਕ ਹਾਲਤਾਂ ਮਿਲਣ ਨਾਲ ਇਸ ਵਿੱਚੋਂ ਚੂਚਾ ਪੈਦਾ ਹੋ ਸਕਦਾ ਹੈ ਜਦੋਂ ਕਿ ਫਾਰਮੀ ਅੰਡਾ ਪੈਦਾ ਕਰਨ ਲਈ ਮੁਰਗੇ ਦੇ ਸ਼ੁਕਰਾਣੂੰਆਂ ਦੀ ਥਾਂ ਮੁਰਗੀ ਨੂੰ ਖੁਰਾਕ ਰਾਹੀਂ ਰਸਾਇਣਕ ਉਤੇਜਕ (Stimulus) ਦਿੱਤੇ ਜਾਂਦੇ ਹਨ ਜਿਸ ਨਾਲ ਸੈੱਲ ਦਾ ਵਾਧਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਾ ਆਂਡਾ ਹੈਪਲਿਓਡ ਰਹਿੰਦਾ ਹੈ ਜਿਸ ਵਿੱਚ ਅੱਧੇ ਕਰੋਮੋਸੋਮ ਹੁੰਦੇ ਹਨ ਜੋ ਅੱਗੇ ਬੱਚੇ ਦੇ ਰੂਪ ਵਿੱਚ ਵਿਕਸਤ ਨਹੀਂ ਹੋ ਸਕਦੇ। ਬੇਸ਼ੱਕ ਦੋਨੋਂ ਆਂਡੇ ਜੀਵਤ ਹੁੰਦੇ ਹਨ ਪਰ ਫਾਰਮੀ ਆਂਡੇ ਵਿੱਚ ਕਰੋਮੋਸੋਮ ਦੀ ਲੋੜੀਂਦੀ ਗਿਣਤੀ ਨਾ ਹੋਣ ਕਾਰਨ ਇਸ ਵਿੱਚੋਂ ਚੂਚਾ ਪੈਦਾ ਨਹੀਂ ਕੀਤਾ ਜਾ ਸਕਦਾ। ਇਹ ਦੋਨੋਂ ਕਿਸਮ ਦੇ ਆਂਡੇ ਮਾਸਾਹਾਰੀ ਖੁਰਾਕ ਵਿੱਚ ਹੀ ਆਉਂਦੇ ਹਨ।

ਜ਼ਜਬਾਤ, ਸਿਆਣਪ ਅਤੇ ਧਰਮ



ਡਾ. ਸ਼ਿਆਮ ਸੁੰਦਰ ਦੀਪਤੀ

'ਧਰਮ ਅਤੇ ਤਰਕਸੀਲਤਾ' - ਲੇਖ ਲੜੀ ਬਾਰੇ ਛੇ ਕੁ ਪਹਿਲੂ ਵਿਚਾਰ ਕੇ ਇੱਕ ਉਪਰਾਲਾ ਕੀਤਾ ਸੀ। ਇਸ ਲੜੀ ਵਿੱਚੋਂ ਲੰਘਦਿਆਂ, ਪਾਠਕਾਂ ਨਾਲ ਚਰਚਾ ਕਰਦਿਆਂ, ਕਈ ਨਵੇਂ ਪਹਿਲੂ ਸਾਹਮਣੇ ਆਏ ਤੇ ਪਾਠਕਾਂ ਨੇ ਉਨ੍ਹਾਂ ਨੂੰ ਵਿਸਥਾਰ ਦੇਣ ਦਾ ਸੁਝਾਅ ਦਿੱਤਾ। ਸਿੱਟੇ ਵਜੋਂ ਇਹ ਲੇਖ ਲਿਖੇ ਗਏ। ਇਸੇ ਲੜੀ ਵਿੱਚ ਇਹ ਇੱਕ ਲੇਖ ਹੈ। - ਡਾ. ਦੀਪਤੀ

ਜ਼ਿੰਦਗੀ ਦੀ ਚਾਲਕ ਸ਼ਕਤੀ ਦੀ ਗੱਲ ਜਦੋਂ ਵੀ ਹੁੰਦੀ ਹੈ ਤਾਂ ਉਸ ਵੇਲੇ ਧਰਮ ਦਾ ਨਾਂ ਵੀ ਲਿਆ ਜਾਂਦਾ ਹੈ। ਜ਼ਿੰਦਗੀ ਵਿੱਚ ਹੋਣ ਵਾਲੇ ਜਾਂ ਲਏ ਜਾਣ ਵਾਲੇ ਫੈਸਲਿਆਂ ਵਿੱਚ, ਧਰਮ ਦੀ ਭੂਮਿਕਾ ਨੂੰ ਗੂੜੇ ਅੱਖਰਾਂ ਵਿੱਚ ਉਭਾਰਿਆ ਜਾਂਦਾ ਹੈ। ਇੰਝ ਲਗਦਾ ਹੈ ਜਿਵੇਂ ਇਹ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ। ਜਨਮ ਤੋਂ ਲੈ ਕੇ ਮਰਨ ਤੱਕ, ਕਿੰਨੇ ਹੀ ਰੀਤ-ਰਿਵਾਜ, ਰਸਮਾਂ (ਸੰਸਕਾਰ) ਸਾਰੇ ਹੀ ਧਰਮਾਂ ਵਿੱਚ ਪ੍ਰਚਲਿਤ ਹਨ। ਉਹ ਚਾਹੇ ਬੱਚੇ ਨੂੰ ਗੁੜਤੀ ਦੇਣੀ ਹੋਵੇ, ਮਾਂ ਦਾ ਦੁੱਧ ਚੁੰਘਾਉਣ ਦਾ ਸਮਾਂ ਤੈਅ ਕਰਨਾ ਹੋਵੇ, ਨਵੇਂ ਕੱਪੜੇ ਪਾਉਣੇ ਹੋਣ ਤੇ ਫਿਰ ਚੱਲ ਸੋ ਚੱਲ।

ਕੋਈ ਇਕ ਪਲ ਵੀ ਸੋਚ ਨਹੀਂ ਸਕਦਾ, ਜਦੋਂ ਮਨੁੱਖ ਨੂੰ ਧਰਮ ਨਾ ਚਲਾ ਰਿਹਾ ਹੋਵੇ। ਇਸ ਨੂੰ ਵੱਡੇ ਪਰਿਪੇਖ ਵਿੱਚ ਸਭਿਆਚਾਰ ਵੀ ਕਹਿ ਸਕਦੇ ਹਾਂ। ਪਰ ਸੱਭਿਆਚਾਰ ਵਿੱਚ, ਉਸ ਪੂਰੇ ਖਿੱਤੇ ਦੀ ਵੱਧ ਝਲਕ ਹੁੰਦੀ ਹੈ, ਪਰ ਧਰਮ ਇਕ ਵਰਗ ਜਾਂ ਸਮੂਹ ਤੱਕ ਕੇਂਦ੍ਰਿਤ ਹੋ ਜਾਂਦਾ ਹੈ, ਨਾਲੇ ਧਰਮ ਦੇ ਮੁਕਾਬਲੇ ਸਭਿਆਚਾਰ ਦਾ ਸ਼ਿਕੰਜ਼ਾ ਏਨਾ ਜਿਆਦਾ ਸਖਤ ਨਹੀਂ ਹੁੰਦਾ। ਕਈ ਵਾਰੀ ਬਾਹਰੀ ਦਿੱਖ ਤੋਂ, ਕਪੜੇ ਪਹਿਨਣ ਜਾਂ ਹੋਰ ਰੋਜਮਰਾ ਦੇ ਰਹਿਣ-ਸਹਿਣ ਤੋਂ ਅੰਦਾਜਾ ਲਗਾਉਣਾ ਔਖਾ ਹੋ ਜਾਂਦਾ ਹੈ ਕਿ ਕੌਣ ਕਿਸੇ ਵਿਸ਼ੇਸ਼ ਧਰਮ ਨਾਲ ਵਾਸਤਾ ਰੱਖਦਾ ਹੈ, ਪਰ ਧਰਮ ਦੀ ਕਾਰਜ ਪ੍ਰਣਾਲੀ ਜਾਂ ਉਸ ਨਾਲ ਜੁੜੇ ਕਰਮਕਾਂਡਾਂ ਵੱਲ ਗੌਰ ਕਰਾਂਗੇ ਤਾਂ ਪਤਾ ਚੱਲੇਗਾ ਕਿ ਕਿੰਨੇ ਵੱਡੇ ਵਖਰੇਵੇਂ ਹਨ ਜਾਂ ਕਹੀਏ ਵਿਰੋਧ ਹਨ। ਇਹ ਸਾਰੀ ਗੱਲ ਸਮਝਣ ਤੋਂ ਭਾਵ ਹੈ ਕਿ ਧਰਮ ਸਾਡੇ ਲੋਕਾਂ ਦੀ ਜ਼ਿੰਦਗੀ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ, ਆਪਣੇ ਮੁਤਾਬਕ ਜੀਵਨ ਜਾਂਚ ਬਨਾਉਣ ਲਈ ਅਤੇ ਆਪਣੇ ਨਿਰਧਾਰਤ ਢਾਂਚੇ ਵਿੱਚ ਢਾਲਦਾ ਹੈ।

ਜੇਕਰ ਮਨੁੱਖੀ ਸਰੀਰ ਵਿਗਿਆਨ ਦੇ ਅਧਿਐਨ ਤੋਂ ਗੱਲ ਕਰੀਏ ਤਾਂ ਕੀ ਅਜਿਹੀਆਂ ਪ੍ਰਕ੍ਰਿਆਵਾਂ ਹਨ ਜੋ ਸਰੀਰ ਨੂੰ ਚਲਾਉਂਦੀਆਂ ਹਨ ਜਾਂ ਸਰੀਰ ਦੇ ਕਿਹੜੇ ਪ੍ਰਭਾਵਾਂ ਹੇਠ ਵਿਅਕਤੀ ਸਰਗਰਮ ਹੁੰਦਾ ਹੈ ਤਾਂ ਸਰੀਰ ਦੀ ਰਚਨਾ ਮੁਤਾਬਕ ਇੱਕ ਦੋ ਗੱਲਾਂ ਉਭਾਰ ਸਕਦੇ ਹਾਂ। ਸਰੀਰ ਦੀ ਤੰਤੂ ਪ੍ਰਣਾਲੀ (ਨਰਵਸ ਸਿਸਟਮ-ਜਿਸਦਾ ਕਿ ਦਿਮਾਗ, ਰੀੜ ਦੀ ਨਸ ਅਤੇ ਹੋਰ ਬਰੀਕ ਤੰਤੂ ਹਿੱਸਾ ਹਨ), ਹਾਰਮੋਨਜ ਪ੍ਰਣਾਲੀ ਮਨੁੱਖੀ ਬਣਤਰ ਦਾ ਹਿੱਸਾ ਹਨ ਅਤੇ ਬਾਹਰਲੇ ਵਾਤਾਵਰਨ ਵਿੱਚ ਗਰਮੀ, ਸਰਦੀ, ਬਾਰਿਸ਼, ਹਨੇਰਾ, ਆਵਾਜ਼ਾਂ, ਦਰਦ, ਸਵਾਦ ਆਦਿ ਜੋ ਕਿ ਮਨੁੱਖੀ ਸ਼ਰੀਰ ਦੀਆਂ ਇੰਦਰੀਆਂ ਕਹੀਆਂ ਜਾਂਦੀਆਂ ਹਨ ਅਤੇ ਇਹ ਵੀ ਤੰਤੂ ਪ੍ਰਣਾਲੀ ਰਾਹੀਂ ਆਪਣਾ ਸੁਨੇਹਾ ਪਹੁੰਚਾਉਂਦੀਆਂ ਹਨ। ਇੰਨ੍ਹਾਂ ਸਰੀਰਕ ਪੱਖਾਂ ਦੀ ਜਾਣਕਾਰੀ ਇਸ ਲਈ ਵੀ ਜਰੂਰੀ ਹੈ ਕਿ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਬਣਤਰ ਸਾਡੇ ਸ਼ਰੀਰ ਵਿੱਚ ਪਈ ਹੈ।

ਜੇਕਰ ਸਮਾਜ-ਮਨੋਵਿਗਿਆਨ ਦੇ ਪੱਖ ਤੋਂ ਗੱਲ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਮਨੁੱਖ ਨੂੰ ਚਲਾਉਣ ਲਈ ਮੁੱਖ ਤੌਰ ਤੇ ਦੋ ਪਹਿਲੂ ਹਨ। ਪਹਿਲਾ ਹੈ ਜਜਬਾਤਾਂ ਰਾਹੀਂ ਤੇ ਦੂਸਰਾ ਹੈ, ਸਿਆਣਪਾਂ ਪੱਖੋਂ। ਇੰਨ੍ਹਾਂ ਨੂੰ ਸ਼ਰੀਰ ਵਿਗਿਆਨ ਨਾਲ ਜੋੜ ਕੇ, ਸ਼ਰੀਰਕ ਹਰਕਤਾਂ ਨੂੰ ਨਸਾਂ ਦੀਆਂ ਉਤੇਜਨਾਵਾਂ-ਸੰਵੇਦਨਾਵਾਂ ਰਾਹੀਂ ਅਤੇ ਦਿਮਾਗ ਦੀ ਸੂਝ ਰਾਹੀਂ ਵੀ ਕਿਹਾ ਜਾ ਸਕਦਾ ਹੈ। ਦਰਅਸਲ ਜਜਬਾਤ ਅਤੇ ਬਾਹਰੀ ਪਹਿਲੂ ਵੀ, ਸ਼ਰੀਰ ਦੀ ਬਣਤਰ ਵਿੱਚ ਪਲੇ ਹਿੱਸਿਆਂ ਦੇ ਮੁਤਾਬਕ ਹੀ ਕੰਮ ਕਰਦੇ ਹਨ। ਨਸਾਂ ਦੀ ਉਤੇਜਨਾ-ਦਰਅਸਲ ਜਾਨਵਰਾਂ ਦੇ ਹਰਕਤ ਵਿੱਚ ਆਉਣ ਲਈ ਵਾਜਬ ਸ਼ਬਦ ਹੈ। ਪਰ ਮਨੁੱਖਾਂ ਵਿੱਚ ਕੁਦਰਤੀ ਵਰਤਾਰਿਆਂ ਤੋਂ ਇਲਾਵਾ ਸਮਾਜਿਕ ਵਰਤਾਰਿਆਂ ਰਾਹੀਂ ਵੀ ਕਾਰਜਸ਼ੀਲ ਹੁੰਦਾ ਹੈ, ਉਸ ਨੂੰ ਉਤੇਜਨਾ ਦੀ ਥਾਂ ਜਜਬਾਤ ਭੜਕਾਏ ਜਾਂਦੇ ਹਨ ਜਾਂ ਕਿਸੇ ਕਾਰਨ ਵਿਅਕਤੀ ਜਜਬਾਤਾਂ ਦੇ ਪ੍ਰਭਾਵ ਹੇਠ ਭੜਕ ਹੁੰਦਾ ਹੈ (ਜਿਵੇਂ ਗੁੱਸੇ ਵਿੱਚ ਬੇਕਾਬੂ ਹੋਣਾ) ਤਾਂ ਉਸਨੂੰ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਉਤੇਜਿਤ ਹੋਣ ਨੂੰ ਨਕਾਰਾਤਮਕ ਲਹਿਜੇ ਵਿੱਚ ਲਿਆ ਜਾਂਦਾ ਹੈ। ਜੋ ਕਿ ਅਕਸਰ ਅਸੀਂ ਮਨੁੱਖਾਂ ਅਤੇ ਜਾਨਵਰਾਂ ਵਿੱਚ ਚੰਗੇ ਮਾੜੇ ਦੀ ਪਹਿਚਾਣ ਕਰਕੇ, ਕੁਝ ਗੁਣ-ਔਗੁਣ ਉਭਾਰਦੇ ਹਾਂ।

ਜੇਕਰ ਮਨੁੱਖੀ ਸ਼ਰੀਰ ਪ੍ਰਣਾਲੀ ਦੇ ਪੱਖ ਤੋਂ ਦੇਖੀਏ ਤਾਂ

ਉਤੇਜਨਾ ਜਾਂ ਜਜਬਾਤੀ ਹੋਣ ਦੀ ਕਾਰਜ ਪ੍ਰਣਾਲੀ ਇੱਕੋ ਹੀ ਹੈ। ਉਹ ਚਾਹੇ ਕਿਸੇ ਕੰਡੇ ਦੇ ਚੁੱਭਣ ਤੋਂ ਹੱਥ ਪਰੇ ਖਿਚਣਾ ਹੋਵੇ ਜਾਂ ਪੈਰਾਂ ਹੇਠ ਸੇਕ ਆ ਜਾਣ ਤੇ ਪੈਰਾਂ ਨੂੰ ਚੁੱਕ ਕੇ ਉੱਡਣਾ ਹੋਵੇ ਜਾਂ ਛਲਾਂਗ ਲਗਾਉਣੀ ਹੋਵੇ।ਇਸੇ ਤਰ੍ਹਾਂ ਮਨੁੱਖ ਸਮਾਜਿਕ ਹਾਲਤਾਂ ਵਿੱਚ ਵੀ ਕਿਸੇ ਦੀ ਗੱਲ ਸੁਣਕੇ, ਕਿਸੇ ਦਾ ਵਰਤਾਓ ਦੇਖ ਕੇ, ਉਸੇ ਤਰ੍ਹਾਂ ਹੀ ਆਪਣੀ ਪ੍ਰਕ੍ਰਿਆ ਦਿੰਦਾ ਹੈ ਜਿਵੇਂ ਕੰਡਾ ਚੁਭਣ ਤੇ। ਕਿਸੇ ਦੇ ਗਾਲ੍ਹਾਂ ਕੱਢਣ ਨਾਲ ਕਿਸੇ ਨੂੰ ਬੇਇੱਜਤ ਕਰਨ ਤੋਂ ਬਾਅਦ ਅਕਸਰ ਇਹ ਮਹਿਸੂਸ ਕੀਤਾ ਜਾਂਦਾ ਹੈ। ਤੇਰੀਆਂ ਗੱਲਾਂ ਨਾਲ ਅੱਜ ਮੈਨੂੰ ਚੀਸ ਪਹੁੰਚੀ ਹੈ ਜਾਂ ਉਸ ਦੀਆਂ ਹਰਕਤਾਂ ਦਾ ਸੇਕ ਮੈਨੂੰ ਅਜੇ ਤੱਕ ਮਹਿਸੂਸ ਹੋ ਰਿਹਾ ਹੈ।

ਮਨੁੱਖ ਵਿੱਚ ਦੂਸਰਾ ਪੱਖ ਸੂਝ ਬੂਝ ਅਤੇ ਸਿਆਣਪ ਨਾਲ, ਸੋਚ ਸਮਝ ਕੇ ਫੈਸਲਾ ਲੈਣ ਦਾ ਹੈ ਅਤੇ ਆਪਣੇ ਕੰਮ ਵੱਲ ਅੱਗੇ ਵਧਣ ਦਾ ਹੈ। ਜਿਸ ਢੰਗ ਨੂੰ ਅਸੀਂ ਤਰਕਸ਼ੀਲ ਜਾਂ ਵਿਵੇਕ ਦੀ ਵਰਤੋਂ ਕਹਿੰਦੇ ਹਾਂ।ਆਪਣੇ ਵਿਗਿਆਨਕ ਸਬੂਤਾਂ ਨਾਲ ਗੱਲ ਨੂੰ ਰੱਖਣਾ ਅਤੇ ਦੂਸਰੇ ਨੂੰ ਸਮਝਾਉਣਾ।

ਜੇਕਰ ਅਸੀਂ ਜਜਬਾਤਾਂ ਰਾਹੀਂ ਸਰਗਰਮ ਹੋਣ ਦੀ ਵਿਧੀ ਨੂੰ ਸਮਝੀਏ ਤਾਂ ਅਸੀਂ ਇਸਨੂੰ ਧਰਮ ਦੇ ਪਰਿਪੇਖ ਵਿੱਚ ਹੋਰ ਸਪੱਸ਼ਟਤਾ ਨਾਲ ਜਾਣ ਸਕਾਂਗੇ ਕਿਉਂਕਿ ਧਰਮ ਦੀ ਸਾਰੀ ਖੇਡ ਜਜਬਾਤਾਂ ਦਾ ਰਾਹ ਅਖਤਿਆਰ ਕਰਕੇ ਹੀ ਨੇਪਰੇ ਚੜ੍ਹਦੀ ਹੈ।ਜਦੋਂ ਅਸੀਂ ਜਾਨਵਰਾਂ ਤੋਂ ਵੱਖ ਕਰਦੇ ਹੋਏ, ਆਪਣੇ ਆਪ ਨੂੰ ਇਸ ਲੜੀ ਵਿੱਚ ਸਭ ਤੋਂ ਵੱਧ ਵਿਕਸਿਤ ਜੀਵ ਮੰਨਦੇ ਹਾਂ ਤਾਂ ਉਸ ਦਾ ਆਧਾਰ ਹੈ ਕਿ ਸਾਡੇ ਕੋਲ ਸਰੀਰ ਦੀਆਂ ਵੱਖ-ਵੱਖ ਪ੍ਰਣਾਲੀਆਂ ਤੋਂ ਵੀ ਵੱਖਰਾ ਦਿਮਾਗ ਹੈ। ਦਿਮਾਗ ਦੀ ਗੱਲ ਜਾਨਵਰਾਂ ਦੇ ਸੰਦਰਭ ਵਿੱਚ ਵੀ ਹੁੰਦੀ ਹੈ, ਪਰ ਜੋ ਮੂਲ ਫ਼ਰਕ ਹੈ, ਮਨੁੱਖ ਦੀ ਕਾਬਲੀਅਤ ਹੈ, ਉਹ ਹੈ ਕਿ ਮਨੁੱਖੀ ਦਿਮਾਗ ਵਿੱਚ ਸੋਚਣ, ਸਮਝਣ, ਵਿਸ਼ਲੇਸ਼ਣ ਕਰਨ ਅਤੇ ਉਸ ਮੁਤਾਬਕ ਠੀਕ ਰਾਹ/ਢੰਗ ਅਖਤਿਆਰ ਕਰਨ ਲਈ ਫੈਸਲਾ ਲੈਣ ਦਾ ਗੁਣ ਹੈ।

ਦਿਮਾਗ ਰੱਖਣਾ ਅਤੇ ਸੂਝਵਾਨ ਹੋਣਾ, ਦੋ ਵੱਖਰੀਆਂ ਗੱਲਾਂ ਹਨ। ਦਿਮਾਗ ਕੁਦਰਤ ਵੱਲੋਂ ਮਿਲਿਆ ਇੱਕ ਅੰਗ ਹੈ, ਸੂਝਵਾਨ ਹੋਣਾ ਪੈਂਦਾ ਹੈ, ਸਿਆਣਪ ਲਈ ਸਿੱਖਣਾ ਪੈਂਦਾ ਹੈ ਤੇ ਰੋਜ਼ ਅਭਿਆਸ ਕਰਨਾ ਪੈਂਦਾ ਹੈ।

ਮਨੁੱਖ ਕੋਲ, ਜਾਨਵਰਾਂ ਦੇ ਵਿਕਾਸ ਤੋਂ ਹੁਣ ਤੱਕ ਦੇ ਵਿਕਾਸ ਦੇ ਕੁੱਲ ਜੋੜ ਨੂੰ ਸਾਹਮਣੇ ਰੱਖਦੇ ਹੋਏ, ਜਜਬਾਤੀ ਦਿਮਾਗ ਵੀ ਹੈ ਤੇ ਸੂਝਬੂਝ ਵਾਲਾ ਵੀ। ਜਾਂ ਕਹੀਏ ਸਾਡੇ ਦਿਮਾਗ ਵਿੱਚ ਇਹ ਦੋਹੇਂ ਹਿੱਸੇ ਹੀ ਮੌਜੂਦ ਹਨ। ਮਨੁੱਖ ਦੋਹੇਂ ਹਿੱਸਿਆਂ ਤੋਂ ਕੰਮ ਲੈਂਦਾ ਹੈ, ਜੋ ਕਿ ਅਕਸਰ ਸਾਡੇ ਵਿਵਹਾਰ ਵਿੱਚੋਂ ਝਲਕਦਾ ਹੈ।

-ਉਹ ਬੜਾ ਜਜ਼ਬਾਤੀ ਹੈ, ਕੋਈ ਫੈਸਲਾ ਲੈਣ ਲੱਗਿਆਂ ਸੋਚਦਾ ਹੀ ਨਹੀਂ।

-ਹਰ ਵੇਲੇ ਭੜਕਿਆ ਨਾ ਕਰ, ਠੰਡੇ ਦਿਮਾਗ ਨਾਲ ਵਿਚਾਰ।

-ਬਹੁਤੀ ਸਿਆਣਪ ਕੰਮ ਨਹੀਂ ਆਉਂਦੀ, ਦਿਲ ਦੀ ਗੱਲ ਵੀ ਸੁਣ ਲਈ ਦੀ ਹੈ।

ਕਹਿਣ ਤੋਂ ਭਾਵ ਹੈ ਕਿ ਮਨੁੱਖ ਦੀ ਕਾਰਜ ਪ੍ਰਣਾਲੀ ਵਿੱਚ ਸੋਚ ਅਤੇ ਉਤੇਜਨਾ ਵਾਲੇ ਦੋਹੇਂ ਪੱਖ ਹੀ ਮੌਜੂਦ ਹਨ। ਭਾਵੇਂ ਮਨੁੱਖੀ ਵਿਕਾਸ ਵਿੱਚ ਇਹ ਸਪੱਸ਼ਟ ਤੌਰ ਤੇ ਉਲੀਕਿਆ ਜਾ ਸਕਦਾ ਹੈ ਕਿ ਮਨੁੱਖ ਦੀ ਸਿਆਣਪ ਵਿੱਚ ਲਗਾਤਾਰ ਵਾਧਾ ਹੋਇਆ ਹੈ ਤੇ ਉਕਸਾਊ ਪੱਖ ਨੂੰ ਘੱਟ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਹਨ।

ਇਸ ਤੋਂ ਇਲਾਵਾ, ਮਨੁੱਖ ਕੋਲ ਕਾਰਜ਼ਸ਼ੀਲ ਹੋਣ ਦੇ ਦੋ ਪੱਧਰ ਹਨ। ਇੱਕ ਹੈ ਕੁਦਰਤ ਅਤੇ ਦੂਸਰਾ ਹੈ ਸਮਾਜ। ਕੁਦਰਤ ਵਿੱਚ ਰਹਿੰਦਿਆਂ, ਉਸਦੇ ਵਾਤਾਵਰਨ ਨਾਲ ਦੋ ਚਾਰ ਹੁੰਦਿਆਂ, ਮੀਂਹ, ਤੂਫਾਨ, ਹਨੇਰੀ, ਸੇਕ, ਠੰਡ ਅਤੇ ਹੋਰ ਜੀਵਾਂ-ਜਾਨਵਰਾਂ ਤੋਂ ਬਚਾਅ ਲਈ, ਮਨੁੱਖ ਕਾਰਜ਼ਸ਼ੀਲ ਹੁੰਦਾ ਹੈ।ਉਹ ਲੁੱਕਦਾ, ਭੱਜਦਾ ਹੈ ਜਾਂ ਭਿੜਦਾ ਹੈ। ਉਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਦਾ ਹੋਇਆ, ਟੁੱਟਣ ਤੋਂ ਬਾਅਦ ਫਿਰ ਸਬੂਤਾ ਹੋ ਜਾਣਾ ਵੀ ਮਨੁੱਖ ਨੂੰ ਆਉਂਦਾ ਹੈ। ਉਹ ਉਸ ਤਜਰਬੇ ਤੋਂ ਸਿੱਖਦਾ ਅਤੇ ਅੱਗੇ ਲਈ ਤਿਆਰੀ ਵੀ ਕਰਦਾ ਹੈ। ਇਸੇ ਤਰਜ਼ ਤੇ ਹੀ ਉਸਨੂੰ ਸਮਾਜਿਕ ਸੁਨੇਹੇ ਆਉਂਦੇ ਹਨ।ਸਾਡੇ ਕੋਲ ਸਭ ਤੋਂ ਮਹੱਤਵਪੂਰਨ ਹੈ-ਸ਼ਬਦ, ਗੱਲਬਾਤ। ਇਸਤੋਂ ਇਲਾਵਾ ਸਾਡੇ ਕੋਲ ਭਾਵ/ਮੁਦਰਾਵਾਂ, ਸ਼ਰੀਰ ਦੀਆਂ ਅਲੱਗ ਅਲੱਗ ਹਰਕਤਾਂ ਵੀ ਹਨ।ਅਸੀਂ ਇਸ ਗੱਲ ਤੋਂ ਵੀ ਜਾਣੂ ਹਾਂ ਕਿ ਸਾਡੇ ਕੋਲ ਚੁੱਪ ਨੂੰ ਸਮਝਣ ਦੀ ਵੀ ਸਿਆਣਪ ਹੈ। ਕੁਦਰਤ ਅਤੇ ਸਮਾਜ ਦੇ ਪੱਧਰ ਤੇ ਜਜ਼ਬਾਤ ਅਤੇ ਸਿਆਣਪ ਰਾਹੀਂ ਸਮਝਣ ਅਤੇ ਸਮਝਾਉਣ ਦੇ ਗੁਣ ਹੋਣ ਦੇ ਬਾਵਜੂਦ ਅਸੀਂ ਦੇਖਦੇ ਹਾਂ ਕਿ ਸਮਾਜ ਵਿੱਚ ਵਿਕਾਸ ਦੀ ਰਫਤਾਰ, ਮਨੁੱਖੀ ਖੁਸ਼ਹਾਲੀ ਦਾ ਪੱਧਰ ਕਾਫੀ ਨੀਵਾਂ ਹੈ। ਇਹ ਸਵਾਲ ਹੈ, ਜੋ ਵਾਜਬ ਅਤੇ ਵਿਗਿਆਨਕ ਜਵਾਬ ਦੀ ਮੰਗ ਕਰਦਾ ਹੈ।

ਜਜ਼ਬਾਤ - ਭਾਵਨਾਵਾਂ - ਸੰਵੇਦਨਸ਼ੀਲਤਾ - ਉਕਸਾਹਟ-ਉਤੇਜਨਾ, ਇਹ ਸਾਰੇ ਹੀ ਲਗਭੱਗ ਇੱਕੋ ਜਿਹੇ ਸ਼ਬਦ ਹਨ। ਕਿਤੇ ਕੁਦਰਤੀ ਵਰਤਾਰਿਆਂ ਨੂੰ ਅਤੇ ਕਿਤੇ ਸਮਾਜਿਕ ਸੰਦਰਭਾਂ ਵਿੱਚ ਇਸਤੇਮਾਲ ਹੁੰਦੇ ਹਨ। ਕਿਸੇ ਥਾਂ ਤੇ

ਇਹ ਜਾਇਜ ਪ੍ਰਗਟਾਵੇ ਦੇ ਤੌਰ ਤੇ ਅਤੇ ਕਿਤੇ ਫਾਲਤੂ, ਵਾਧੂ, ਨਜਾਇਜ ਜਾਂ ਨੁਕਸਾਨ ਪਹੁੰਚਾਉਣ ਵਾਲੇ ਵੀ ਹੁੰਦੇ ਹਨ। ਅਸੀਂ ਮਨੁੱਖੀ ਸਮਾਜ ਵਿੱਚ, ਜਜ਼ਬਾਤਾਂ ਅਤੇ ਭਾਵਨਾਵਾਂ ਨੂੰ ਸਮਝਣ ਅਤੇ ਪ੍ਰਗਟਾਉਣ ਨੂੰ ਸੰਵੇਦਨਸ਼ੀਲਤਾ ਕਹਿੰਦੇ ਹਾਂ ਜੋ ਕਿ ਅਸੀਂ ਇਹ ਕਹਿ ਕੇ ਵੀ ਉਭਾਰਦੇ ਹਾਂ ਕਿ ਇਸਦੀ ਸਮਾਜ ਨੂੰ ਲੋੜ ਹੈ। ਇਸਦਾ ਕੰਮ ਇਕਜੁਟ ਹੋਣ ਵਿੱਚ ਸਹਾਈ ਹੁੰਦਾ ਹੈ। ਸੰਵੇਦਨਸ਼ੀਲ ਹੋਣਾ ਇੱਕ ਚੰਗਾ, ਉਸਾਰੂ ਜਜ਼ਬਾਤੀ ਪੱਖ ਹੈ ਤੇ ਭੜਕਣਾ ਮਾੜਾ ਪੱਖ ਹੈ ਕਿਉਂ ਜੋ ਉਹ ਤੋੜ ਫੋੜ, ਲੜਾਈ ਝਗੜੇ ਜਾਂ ਆਪਸੀ ਤਰੇੜ ਪਾਉਣ ਵੱਲ ਲੈ ਕੇ ਜਾਂਦਾ ਹੈ।

ਜਾਨਵਰ ਆਪਣੇ ਤੰਤੂ-ਤੰਤਰ ਰਾਹੀਂ ਡਰਦੇ , ਘਬਰਾਉਂਦੇ ਜਾਂ ਹੋਰ ਕਾਰਜਾਂ ਪ੍ਰਤੀ ਹਰਕਤ ਵਿੱਚ ਆਉਂਦੇ ਹਨ, ਉਸੇ ਤਰ੍ਹਾਂ ਹੀ ਮਨੁੱਖ ਇੱਕੋ ਦਮ ਡਰਦਾ, ਖੁਸ਼ ਹੁੰਦਾ, ਦਰਦ ਆਦਿ ਮਹਿਸੂਸ ਕਰਦਾ ਹੈ। ਇਹ ਜਜ਼ਬਾਤੀ ਪ੍ਰਤੀਕ੍ਰਿਆ ਫੌਰੀ ਹੁੰਦੀ ਹੈ। ਦਿਮਾਗ ਵਿੱਚ ਇਸ ਤਰ੍ਹਾਂ ਜਜ਼ਬਾਤੀ ਹੋਣ ਦਾ (ਉਕਸਾਊ) ਰਾਹ ਵੱਖਰਾ ਹੈ। ਇਸ ਨੂੰ ਹਰਕਤ ਵਿੱਚ ਆਉਣ ਦਾ 'ਸ਼ਾਰਟ ਕੱਟ' ਰਾਹ ਕਹਿ ਸਕਦੇ ਹਾਂ। ਦਰਅਸਲ ਜੀਵਾਂ ਵਿੱਚ ਤਤਫੱਟ ਹਰਕਤ ਵਿੱਚ ਆਉਣ ਦਾ ਮਕਸਦ, ਕਿਸੇ ਆਪਾਤ ਸਥਿਤੀ ਵੇਲੇ ਆਪਣੇ ਆਪ ਨੂੰ ਬਚਾਉਣਾ ਹੈ। ਮਨੁੱਖਾਂ ਵਿੱਚ ਵੀ ਇਹ ਇਕੋਦਮ ਪ੍ਰਤੀਕ੍ਰਿਆ ਉਦੋਂ ਹੁੰਦੀ ਹੈ, ਜਦੋਂ ਵਿਅਕਤੀ ਨੂੰ ਜਾਨ ਦੇ ਖਤਰੇ ਦਾ ਆਭਾਸ ਹੁੰਦਾ ਹੈ।

ਹੁਣ ਜੇਕਰ ਦਿਮਾਗ ਦੇ ਵਿਕਾਸ ਦਾ ਸਿਲਸਿਲਾ ਦੇਖੀਏ ਤਾਂ ਜੀਵਾਂ ਵਿੱਚ ਉਕਸਾਊ-ਭੜਕੀਲੇ ਦਿਮਾਗ (ਤੰਤੂ ਤੰਤਰ) ਨਾਲ ਸ਼ੁਰੂ ਹੋਇਆ ਸਫ਼ਰ, ਮਨੁੱਖਾਂ ਤੱਕ ਇਹ ਸੂਝ ਬੂਝ ਵਾਲੇ ਦਿਮਾਗ ਤੱਕ ਪਹੁੰਚਿਆ ਹੈ। ਅਸੀਂ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਕੇ ਫੈਸਲਾ ਲੈਣ ਵਾਲੇ ਪ੍ਰਾਣੀ ਹਾਂ। ਇਹ ਫੈਸਲਾ ਲੈਣ ਵਾਲਾ ਰਾਹ, ਪਹਿਲੇ ਰਾਹ ਨਾਲੋਂ ਵੱਖਰਾ ਹੈ। ਸੋਚਣ-ਵਿਚਾਰਨ ਵਿੱਚ ਸਮਾਂ ਲਗਣ ਕਾਰਨ, ਇਹ ਢੰਗ ਕੁੱਝ ਵੱਧ ਸਮੇਂ ਦੀ ਮੰਗ ਕਰਦਾ ਹੈ। ਇੰਨ੍ਹਾਂ ਦੋਹਾਂ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਧਰਮ ਦੀ ਕਾਰਗੁਜਾਰੀ ਨੂੰ ਸਹੀ ਢੰਗ ਨਾਲ ਪਰਖ ਅਤੇ ਸਮਝ ਸਕਦੇ ਹਾਂ।

ਮਨੁੱਖ ਦੇ ਦਿਮਾਗੀ ਵਿਕਾਸ ਦੇ ਪੱਖ ਨੂੰ, ਉਸਦੇ ਬੁੱਧੀ ਦੇ ਵਿਕਾਸ ਅਤੇ ਜਜ਼ਬਾਤਾਂ ਨੂੰ ਕਾਬੂ ਹੇਠ ਰੱਖਣ ਦੇ ਨਜ਼ਰੀਏ ਨੂੰ ਇਸ ਪਹਿਲੂ ਨਾਲ ਵੀ ਸਮਝਿਆ ਜਾ ਸਕਦਾ ਹੈ, ਜਦੋਂ ਅਸੀਂ ਫੌਰੀ ਤੌਰ ਤੇ ਹਰਕਤ ਵਿੱਚ ਆ ਜਾਂਦੇ ਹਾਂ ਤੇ ਬਾਅਦ ਵਿੱਚ ਸੋਚਦੇ ਹਾਂ :

– ਮੈਨੂੰ ਗੁੱਸੇ ਨਹੀਂ ਸੀ ਹੋਣਾ ਚਾਹੀਦਾ

– ਮੈਨੂੰ ਇਕੋਦਮ ਕਾਹਲਾ ਨਹੀਂ ਸੀ ਪੈਣਾ ਚਾਹੀਦਾ

– ਕੀ ਇਸਦਾ ਕੋਈ ਹੋਰ ਹੱਲ ਨਹੀਂ ਸੀ

ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਸਾਡਾ ਗੁੱਸੇ ਹੋਣਾ, ਡਰ-ਵਹਿਮ, ਨਫ਼ਰਤ, ਈਰਖਾ ਅਤੇ ਇੱਥੋਂ ਤੱਕ ਬਹੁਤ ਜਿਆਦਾ ਖੁਸ਼ੀ, ਮੋਹ ਵੀ ਸਾਡੇ ਆਪਸੀ ਰਿਸ਼ਤਿਆਂ ਨੂੰ ਸਾਵਾਂ ਨਹੀਂ ਰਹਿਣ ਦਿੰਦੇ। ਪਰ ਇੱਥੇ ਜੋ ਸੋਚਣ-ਸਮਝਣ ਅਤੇ ਫਿਕਰ ਦਾ ਵਿਸ਼ਾ ਹੈ, ਜਦੋਂ ਇੰਨ੍ਹਾਂ ਸਵਾਲਾਂ ਦੇ ਰੂਬਰੂ ਹੋਣ ਤੋਂ ਬਾਅਦ ਕਿਸੇ ਸਾਰਥਕ ਹੱਲ ਤੇ ਨਹੀਂ ਪਹੁੰਚਿਆ ਜਾਂਦਾ ਤੇ ਉਹੀ ਵਿਵਹਾਰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਤੇ ਅੰਤ ਕਹਿ ਦਿੱਤਾ ਜਾਂਦਾ ਹੈ-ਮੈਂ ਕਰਾਂ ਤਾਂ ਕੀ ! ਤੇ ਫਿਰ ਇਸਨੂੰ ਕਿਸਮਤ ਜਾਂ ਆਪਣੀ ਹੋਣੀ ਮੰਨ ਲਿਆ ਜਾਂਦਾ ਹੈ।

ਧਰਮ ਦੀ ਕਾਰਗੁਜਾਰੀ ਨੂੰ ਹੁਣ ਇਸ ਜਜ਼ਬਾਤ ਅਤੇ ਸੂਝ ਬੂਝ ਵਾਲੇ ਪਹਿਲੂ ਤੋਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਕਿਵੇਂ ਧਰਮ ਨੂੰ ਇੱਕ ਹਥਿਆਰ ਬਣਾ ਕੇ, ਉਸ ਨੂੰ ਭੜਕਾਉਣ-ਉਕਸਾਉਣ ਲਈ ਵਰਤਿਆ ਜਾਂਦਾ ਹੈ। ਜਜ਼ਬਾਤੀ ਰੌਅ ਵਿੱਚ ਬਹਿਕ ਜਾਣ ਨੂੰ ਕੋਈ ਕੁਦਰਤੀ ਵਰਤਾਰਾ ਕਹਿ ਸਕਦਾ ਹੈ, ਪਰ ਨਾਲ ਹੀ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਆਪਣੀ ਸੂਝ ਬੂਝ ਨਾਲ ਆਪਣੇ ਜਜ਼ਬਾਤਾਂ ਨੂੰ ਸੰਭਾਲਣ ਅਤੇ ਕਾਬੂ ਰੱਖਣ ਦੇ ਵੀ ਯੋਗ ਹਾਂ।

ਧਰਮ ਦੇ ਦੋ ਮੁੱਖ ਹਥਿਆਰ ਡਰ ਅਤੇ ਅਸੁਰੱਖਿਆ ਹਨ। ਜੇਕਰ ਇਸ ਤਰ੍ਹਾਂ ਵੀ ਕਹੀਏ ਕਿ ਅਸਲ ਵਿੱਚ ਧਰਮ ਮੌਤ ਦੇ ਡਰ ਨੂੰ ਅਤੇ ਜ਼ਿੰਦਗੀ ਦੀ ਅਸੁਰੱਖਿਆ ਨੂੰ, ਜੋ ਕਿ ਮੌਤ ਦਾ ਹੀ ਦੂਸਰਾ ਪਹਿਲੂ ਹੈ, ਵਰਤਦਾ ਹੈ, ਕਿਉਂਕਿ ਮਨੁੱਖ ਤਾਂ ਕੀ ਹਰ ਜੀਵ ਵਿੱਚ ਜੀਵਨ ਪ੍ਰਤੀ ਇਕ ਵਿਸ਼ੇਸ਼ ਖਿੱਚ ਹੈ। ਕੋਈ ਵੀ ਜੀਵ ਮਰਨਾ ਨਹੀਂ ਚਾਹੁੰਦਾ। ਹਰ ਜੀਵ ਮੌਤ ਨਾਲ ਸੰਘਰਸ਼ ਕਰਦਾ ਹੈ ਤੇ ਜੀਣ ਦੀ ਚਾਹ ਰੱਖਦਾ ਹੈ। ਹਰ ਜੀਵ ਆਪਣੇ ਤੌਰ ਤੇ ਬਚੇ ਰਹਿਣ ਲਈ ਤਰੀਕੇ ਲੱਭਦਾ ਹੈ। ਮਨੁੱਖ ਕੋਲ ਤਾਂ ਸੂਝਵਾਨ ਹੋਣ ਕੇ, ਬਹੁਤ ਸਾਰੇ ਤਰੀਕੇ ਹਨ ਅਤੇ ਉਹ ਨਵੇਂ-ਨਵੇਂ ਤਰੀਕੇ ਖੋਜ ਸਕਣ ਦੀ ਵੀ ਕਾਬਲੀਅਤ ਰੱਖਦਾ ਹੈ। ਪਰ ਧਰਮ ਡਰ ਅਤੇ ਅਸੁਰੱਖਿਆ ਨੂੰ ਰੱਬ ਨਾਲ ਜੋੜ ਕੇ, ਜ਼ਿੰਦਗੀ ਦੀ ਗੱਡੀ ਨੂੰ ਵਿਕਾਸ ਦੀ ਲੀਹ ਤੋਂ ਲਾਹੁਣ ਦਾ ਜਾਂ ਪੁੱਠਾ ਗੇੜਾ ਦੇਣ ਦਾ ਕੰਮ ਹੀ ਕਰਦਾ ਹੈ।

ਜਿਵੇਂ ਮੌਤ ਤੋਂ ਸਹਿਮ ਦੇ ਪ੍ਰਗਟਾਵੇ ਡਰ ਅਤੇ ਅਸੁਰੱਖਿਆ ਹੈ, ਉਸੇ ਤਰ੍ਹਾਂ ਪਿਆਰ, ਖੁਸ਼ੀ, ਆਸ ਜ਼ਿੰਦਗੀ ਜੀਉਣ ਦੇ ਪ੍ਰਗਟਾਵੇ ਹਨ। ਧਰਮ ਜ਼ਿੰਦਗੀ ਅਤੇ ਮੌਤ ਨਾਲ ਜੁੜੇ ਜਜ਼ਬਾਤਾਂ ਨੂੰ ਇਸਤੇਮਾਲ ਕਰਦਾ ਹੈ ਅਤੇ ਆਪਣੇ ਢੰਗ ਨਾਲ

ਵਾਜਬ ਠਹਿਰਾਉਂਦਾ ਹੈ। ਹਰ ਧਰਮ ਦੀ ਕੇਂਦਰੀ ਸੂਈ ਇੱਕੋ ਤਰ੍ਹਾਂ ਹੀ ਘੁੰਮਦੀ ਹੈ। ਧਰਮ ਦੇ ਨਾਲ ਜੁੜੇ ਕਾਰ-ਵਿਵਹਾਰ ਨਾਲ ਜੁੜੇ ਲੋਕਾਂ ਨੂੰ ਇਹ ਸਹੀ ਵੀ ਜਾਪਦਾ ਹੈ। ਇਹ ਸਭ ਕਰਦਿਆਂ ਉਸਨੂੰ ਕੁਝ ਉਪਰਾ ਵੀ ਨਹੀਂ ਲੱਗਦਾ। ਜਜ਼ਬਾਤਾਂ ਨੂੰ ਇਸਤੇਮਾਲ ਕਰਨ ਦੇ ਤਰੀਕਿਆਂ ਦੇ ਕੁੱਝ ਉਦਾਹਰਨ :

ਡਰ: ਯਮਰਾਜ ਕੋਲ ਪਹੁੰਚ ਕੇ ਤਸੀਹੇ ਦਿੱਤੇ ਜਾਣ ਦਾ।

– ਅਗਲੇ ਜਨਮ ਵਿੱਚ ਮਾੜੀ ਜੂਨ ਵਿੱਚ ਪੈਣ ਦਾ

– ਨਰਕ ਵਿੱਚ ਸੁੱਟੇ ਜਾਣ ਦਾ

ਗੁੱਸਾ : ਦੂਸਰੇ ਧਰਮ ਦੀ ਦਖਲਅੰਦਾਜੀ ਵੇਲੇ

ਖੁਸ਼ੀ : ਜਨਅਤ ਵਿੱਚ ਹੂਰਾਂ ਮਿਲਣ ਦਾ

– ਸਵਰਗ ਹਾਸਿਲ ਹੋਣ ਦਾ

ਇਸ ਜਨਮ ਵਿੱਚ, ਦੂਸਰੇ ਧਰਮ ਦੇ ਲੋਕਾਂ ਤੇ ਕਾਬੂ ਪਾਉਣ ਦਾ, ਜੋਰ ਜਬਰ ਕਰਕੇ ਆਪਣੇ ਧਰਮ ਵਿੱਚ ਮਿਲਾਉਣ ਦਾ

ਹੰਕਾਰ : ਮਾਣ ਕਰੋ ਕਿ ਅਸੀਂ ਹਿੰਦੂ ਹਾਂ ਜਾ...।

ਧਰਮ ਬਾਰੇ ਇੱਕ ਸਮਾਜ ਵਿਗਿਆਨੀ ਦਾ ਕਥਨ ਹੈ:

ਜੇਕਰ ਧਰਮ ਨਾ ਹੁੰਦਾ ਤਾਂ ਧਰਤੀ ਉੱਪਰ ਪਾਗਲਖਾਨਿਆਂ ਦੀ ਗਿਣਤੀ ਕਾਫੀ ਵੱਧ ਹੋਣੀ ਸੀ। ਮਤਲਬ, ਉਹ ਕਹਿਣਾ ਚਾਹੁੰਦਾ ਹੈ ਕਿ ਧਰਮ ਲੋਕਾਂ ਨੂੰ ਪਾਗਲ ਹੋਣ ਤੋਂ ਬਚਾਉਂਦਾ ਹੈ। ਜੇਕਰ ਇਸਦਾ ਵਿਸ਼ਲੇਸ਼ਣ ਕਰੀਏ ਤਾਂ ਨਿਸ਼ਚਿਤ ਹੀ ਧਰਮ ਭੁੱਖ, ਮਹਾਂਮਾਰੀ, ਗਰੀਬੀ, ਨਾਬਰਾਬਰੀ ਨੂੰ ਵਾਜਬ ਠਹਿਰਾਉਂਦਾ ਹੈ। ਉਹ ਇੰਨ੍ਹਾਂ ਪ੍ਰਤੀ ਉੱਠਣ ਵਾਲੇ ਸਵਾਲਾਂ ਨੂੰ ਆਪਣੇ ਤਰਕਹੀਣ ਜਵਾਬਾਂ ਨਾਲ ਚੁੱਪ ਕਰਵਾਉਂਦਾ ਹੈ। ਉਹ ਚੁੱਪ ਰਹਿਣ ਨੂੰ, ਸਬਰ ਕਰਕੇ ਜੀਣ ਨੂੰ, ਭਾਣਾ ਮੰਨਣ ਨੂੰ ਸਵਰਗ ਨਾਲ ਤੇ ਹੂਰਾਂ ਨਾਲ ਜੋੜਦਾ ਹੈ। ਇਸ ਤਰ੍ਹਾਂ ਉਹ ਜਜ਼ਬਾਤੀ ਕਰਕੇ, ਇਸ ਰਾਹ ਨੂੰ ਇਸਤੇਮਾਲ ਕਰਦਾ ਹੋਇਆ, ਸੋਚ ਅਤੇ ਸਿਆਣਪ ਵਾਲੇ ਪੱਖ ਨੂੰ ਵਰਤਣ ਤੋਂ ਰੋਕਦਾ ਹੈ ਜਾਂ ਕਹੀਏ ਧਰਮ ਸਿਆਣਪ ਵਾਲੇ ਰਾਹ ਨੂੰ ਇੱਕ ਗੋਲੀ-ਦਵਾਈ ਬਣ ਕੇ ਬੰਦ ਕਰ ਦਿੰਦਾ ਹੈ ਤੇ ਫਿਰ ਜਜ਼ਬਾਤਾਂ ਵਾਲੇ ਰਸਤੇ ਨੂੰ ਇਸਤੇਮਾਲ ਕਰਕੇ ਆਪਣੀ ਮਨ ਮਰਜੀ ਨਾਲ ਚਲਾਉਂਦਾ ਹੈ। ਇਸ ਤਰ੍ਹਾਂ ਧਰਮ ਦਾ ਤਰੀਕਾ ਜਜ਼ਬਾਤੀ ਸੋਸ਼ਣ ਕਰਨ ਦਾ ਹੈ।

ਮਨੁੱਖ ਕੋਲ ਦੋਹੇਂ ਰਾਹ ਹਨ। ਜਜਬਾਤੀ ਰਾਹ ਛੋਟਾ ਹੈ, ਕੱਚਾ ਹੈ, ਫਿਸਲਨ ਵਾਲਾ ਹੈ ਅਤੇ ਸਿਆਣਪ ਦਾ ਰਾਹ ਕੁੱਝ ਲੰਮਾ ਹੈ ਪਰ ਪੱਕਾ ਹੈ ਤੇ ਸਲਾਮਤੀ ਨਾਲ ਮੰਜ਼ਿਲ ਤੇ ਪਹੁੰਚਾਉਣ ਵਾਲਾ ਹੈ। ਮਨੁੱਖੀ ਵਿਕਾਸ ਯਾਤਰਾ ਦਾ ਟੀਚਾ-ਜਜ਼ਬਾਤਾਂ ਨੂੰ ਸਿਆਣਪ ਦੇ ਘੇਰੇ ਵਿੱਚ ਲੈ ਕੇ ਆਉਣਾ ਹੋਣਾ ਚਾਹੀਦਾ ਹੈ, ਜੋ ਕਿ ਬਹੁਤ ਲੋਕ ਕਰਦੇ ਹਨ। ਜੋ ਇੰਨ੍ਹਾਂ ਦੋਹਾਂ ਦੀ ਮਹੱਤਤਾ ਨੂੰ ਅਤੇ ਆਪਸੀ ਅਨੁਪਾਤ ਨੂੰ ਸਮਝਦੇ ਹਨ।

ਜਜ਼ਬਾਤੀ ਸੂਝਬੂਝ ਵਿੱਚ ਮਨੁੱਖੀ ਰਿਸ਼ਤਿਆਂ ਦੇ ਸਾਂਵੇਪਨ ਦਾ ਜਵਾਬ ਹੈ। ਜਿਸਦੇ ਕੁੱਝ ਨੁਕਤੇ ਹਨ :

-ਆਪਣੀਆਂ ਭਾਵਨਾਵਾਂ ਨੂੰ ਸਮਝਣਾ, ਪਛਾਨਣਾ ਤੇ ਸੰਭਾਲਣਾ

-ਦੂਸਰਿਆਂ ਦੇ ਨਜ਼ਰੀਏ ਨੂੰ ਸਮਝਣਾ ਤੇ ਜਾਨਣਾ

-ਦੂਸਰਿਆਂ ਦੀਆਂ ਆਸਾਂ, ਇੱਛਾਵਾਂ, ਉਮੀਦਾਂ ਬਾਰੇ ਜਾਣਕਾਰੀ

-ਆਪਣੀ ਗੱਲ ਕਹਿਣ ਵੇਲੇ ਗੁੱਸਾ ਜਾਂ ਖਾਮੋਸ਼ੀ ਨਹੀਂ, ਸਗੋਂ ਧੀਰਜ ਨਾਲ ਗੱਲ ਰੱਖਣੀ।

ਇਸ ਪਹਿਲੂ ਤੋਂ, ਜਜ਼ਬਾਤੀ ਸੂਝ ਬੂਝ ਰਾਹੀਂ ਧੀਰਜ ਅਤੇ ਇੱਕ ਦੂਸਰੇ ਦੇ ਜਜਬਾਤਾਂ ਦੀ ਇੱਜ਼ਤ ਕਰਦੇ ਹੋਏ ਜੇਕਰ ਕਾਰਜ ਕੀਤੇ ਜਾਣਗੇ ਤਾਂ ਧਰਮ ਦੇ ਨਾਂ ਤੇ ਹੋਣ ਵਾਲੇ ਦੰਗੇ-ਫਸਾਦ ਅਤੇ ਖੂਨ ਖਰਾਬੇ ਦੀ ਕੋਈ ਥਾਂ ਨਹੀਂ ਰਹੇਗੀ। ਜਜ਼ਬਾਤੀ ਸੂਝਬੂਝ ਤੋਂ ਭਾਵ ਹੈ ਕਿ ਅਸੀਂ ਆਪਣੇ ਸਾਹਮਣੇ ਖੜੇ ਕਿਸੇ ਮਨੁੱਖ ਨੂੰ ਉਸਦੇ ਮਨੁੱਖ ਹੋਣ ਦੇ ਨਜ਼ਰੀਏ ਤੋਂ ਜਾਣੀਏ ਸਮਝੀਏ ਨਾ ਕਿ ਕੋਈ ਵਿਸ਼ੇਸ਼ ਸਾਂਚੇ ਮੁਤਾਬਕ ਉਸਦੀ ਪੁਣਛਾਣ ਕਰੀਏ ਤੇ ਫਿਰ ਉਸਨੂੰ ਉਸ ਢੰਗ ਦਾ ਵਿਵਹਾਰ ਕਰੀਏ ਜੋ ਕਿ ਧਰਮ ਸਾਨੂੰ ਕਰਨ ਲਈ ਉਕਸਾਉਂਦਾ ਹੈ। ਜਿਸ ਤਰ੍ਹਾਂ ਅਸੀਂ ਜਜ਼ਬਾਤੀ ਹੋਣ ਵੇਲੇ ਪ੍ਰਗਟਾਵਿਆਂ ਦੀ ਗੱਲ ਕੀਤੀ ਹੈ, ਉਸੇ ਤਰ੍ਹਾਂ ਸਿਆਣਪ ਦੇ ਪ੍ਰਗਟਾਵੇ ਪਿਆਰ, ਆਪਸੀ ਸਹਿਯੋਗ, ਵਿਸ਼ਵਾਸ ਅਤੇ ਇਕ ਦੂਸਰੇ ਪ੍ਰਤੀ ਫਿਕਰਮੰਦੀ, ਵੰਡ ਕੇ ਖਾਣਾ-ਰਹਿਣਾ, ਭਾਈਚਾਰਾ ਅਤੇ ਉਮੀਦ ਹਨ, ਜੋ ਇਸ ਧਰਤੀ ਨੂੰ ਉੱਤਮ ਰਹਿਣ ਯੋਗ ਬਣਾ ਸਕਦੇ ਹਨ।

98158-08506

ਸ਼ੋਕ ਮਤਾ : ਤਰਕਸ਼ੀਲ ਸੁਸਾਇਟੀ ਪੰਜਾਬ, ਇਕਾਈ ਰਾਮਪੁਰਾ ਫੂਲ ਦੇ ਸਰਗਰਮ ਮੈਂਬਰ ਮਾਸਟਰ ਰਾਮ ਸਿੰਘ ਲਹਿਰਾ ਧੂਰਕੋਟ ਦੇ ਛੋਟੇ ਭਰਾ ਜਸਵੀਰ ਸਿੰਘ ਅਤੇ ਮਾਤਾ ਜੰਗੀਰ ਕੌਰ, ਇਕਾਈ ਗੁਰੂ ਹਰਸਹਾਏ ਦੇ ਜਥੇਬੰਦਕ ਮੁਖੀ ਲਖਵਿੰਦਰ ਸਰੀਂਹਵਾਲਾ ਦੇ ਮਾਤਾ ਸ੍ਰੀਮਤੀ ਗੁਰਮੇਲ ਕੌਰ ਅਤੇ ਇਕਾਈ ਲੌਂਗੋਵਾਲ ਦੇ ਮਾਨਸਿਕ ਸਿਹਤ ਚੇਤਨਾ ਵਿਭਾਗ ਦੇ ਮੁਖੀ ਰਣਜੀਤ ਸਿੰਘ ਦੇ ਮਾਤਾ ਸ੍ਰੀਮਤੀ ਕਰਤਾਰ ਕੌਰ ਪਤਨੀ ਮਰਹੂਮ ਕਾਮਰੇਡ ਮੇਲਾ ਸਿੰਘ ਰਟੋਲ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਮਜ਼ਹਬ ਆਧਾਰਿਤ ਸੰਗਠਨਾਂ ਦੀ ਰਾਜਨੀਤੀ



ਸੁਖਪਾਲ ਸਿੰਘ ਹੁੰਦਲ

ਉਰਦੂ ਦੇ ਪ੍ਰਸਿੱਧ ਸ਼ਾਇਰ ਫ਼ਿਰਾਕ ਗੋਰਖਪੁਰੀ ਦਾ ਸ਼ੇਅਰ ਹੈ, 'ਸਰ ਜ਼ਮੀਨੇ ਹਿੰਦ ਪਰ ਇਕਵਾਮੇ ਆਲਮ ਕਾ ਫਿਰਾਕ, ਕਾਫਿਲੇ ਗੁਜ਼ਰਤੇ ਗਏ ਔਰ ਹਿੰਦੋਸਤਾਂ ਬਨਤਾ ਗਿਆ।' ਸ਼ਾਇਰ ਦੇ ਇਸ ਕਥਨ ਵਿੱਚ ਭਾਰਤੀ ਸਮਾਜ ਦੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁਜਾਤੀ ਹੋਣ ਦੀ ਅਸਲੀਅਤ ਛੁਪੀ ਹੋਈ ਹੈ। ਸਾਡੇ ਸਮਾਜ ਦੀ ਇਸ ਤਰ੍ਹਾਂ ਦੀ ਬਣਤਰ ਦਾ ਲਾਭ ਉਠਾਉਂਦੇ ਹੋਏ ਮਜ਼ਹਬ ਅਧਾਰਤ ਸੰਗਠਨ ਭਾਰਤੀ ਰਾਜਨੀਤੀ ਵਿੱਚ ਨਾਂ-ਪੱਖੀ ਕਿਰਦਾਰ ਨਿਭਾਉਂਦੇ ਆਏ ਹਨ ਅਤੇ ਨਿਭਾਅ ਰਹੇ ਹਨ। ਜਿਸਦਾ ਨੁਕਸਾਨ ਸਾਡੇ ਲੋਕਾਂ ਨੂੰ ਭਾਰੀ ਮਾਨਸਿਕ, ਸ਼ਰੀਰਕ ਅਤੇ ਆਰਥਿਕ ਰੂਪ ਵਿੱਚ ਹੋਇਆ ਅਤੇ ਹੋ ਰਿਹਾ ਹੈ। ਪੰਜਾਬ ਦਾ ਬਟਵਾਰਾ, ਪਾਕਿਸਤਾਨ ਦਾ ਵਜੂਦ ਵਿੱਚ ਆਉਣਾ, ਪੰਜਾਬ ਵਿੱਚ 1980 ਤੋਂ 1990 ਤੱਕ ਦੀ ਖਾੜਕੂਵਾਦ ਦੀ ਲਹਿਰ, ਭਾਰਤ ਵਿੱਚ ਹਰ ਸਾਲ ਹੋਣ ਵਾਲੇ ਫਿਰਕੂ ਦੰਗੇ ਜਿੰਨ੍ਹਾਂ ਵਿੱਚੋਂ ਕਈ ਦੰਗੇ ਬਹੁਤ ਵੱਡੀ ਪੱਧਰ ਦੇ ਅਤੇ ਗੰਭੀਰ ਹਨ, ਸ਼ਾਮਿਲ ਹਨ।

ਬਰਤਾਨਵੀ ਹਕੂਮਤ ਸਮੇਂ ਭਾਰਤ ਵਿੱਚ ਵਿਧਾਨਕ ਪ੍ਰਤੀਨਿੱਧਤਾ ਫਿਰਕਿਆਂ ਦੇ ਅਧਾਰ ਤੇ (Communal Representation) ਸੀ। ਇਹ ਫਿਰਕੂ ਪ੍ਰਤੀਨਿੱਧਤਾ ਹੀ ਬਾਅਦ ਵਿੱਚ 'ਮੁਸਲਿਮ ਲੀਗ' ਨਾਂ ਦੀ ਧਰਮ ਅਧਾਰਤ ਜਥੇਬੰਦੀ ਵੱਲੋਂ ਪਾਕਿਸਤਾਨ ਦੀ ਮੰਗ ਦਾ ਆਧਾਰ ਬਣੀ। ਪਾਕਿਸਤਾਨ ਦਾ ਵਜੂਦ ਵਿੱਚ ਆਉਣਾ ਅਤੇ ਭਾਰਤ ਦਾ ਬਟਵਾਰਾ ਹੋਣਾ ਭਾਰਤੀ ਉਪ ਮਹਾਂਦੀਪ ਦਾ ਬਹੁਤ ਵੱਡਾ ਦੁਖਾਂਤ ਸੀ। ਇਸ ਨਾਂਹ-ਪੱਖੀ ਵਰਤਾਰੇ ਦੀ ਮਹਾਂ ਨਾਇਕ ਮੁਸਲਿਮ ਲੀਗ ਪਾਰਟੀ ਸੀ ਅਤੇ ਅਕਾਲੀਆਂ ਅਤੇ ਹੋਰ ਧਰਮ ਆਧਾਰਤ ਸੰਗਠਨਾਂ ਨੇ ਵੀ ਇਸ ਨਾਂਹ-ਪੱਖੀ ਵਰਤਾਰੇ ਵਿੱਚ ਆਪਣੇ ਵਿੱਤ ਮੁਤਾਬਕ ਯੋਗਦਾਨ ਪਾਇਆ। ਧਰਮ ਅਧਾਰਤ ਹਿੰਦੂ ਜਥੇਬੰਦੀਆਂ ਆਰ.ਐਸ.ਐਸ. ਅਤੇ ਸ਼ਿਵ ਸੈਨਾ, ਬਜਰੰਗ ਦਲ ਆਦਿ ਦੀਆਂ ਉਨਮਾਦੀ ਗਤੀਵਿਧੀਆਂ ਕਿਸੇ ਤੋਂ ਛੁਪੀਆਂ ਹੋਈਆਂ ਨਹੀਂ ਹਨ ਅਤੇ ਸੁਤੰਤਰ ਭਾਰਤ ਵਿੱਚ ਭਿਵੰਡੀ, ਜਲਗਾਓਂ, ਅਹਿਮਦਾਬਾਦ, ਮੁਜੱਫਰ ਨਗਰ ਆਦਿ ਵਿੱਚ ਹੋਏ ਦੰਗੇ ਜੱਗ ਜ਼ਾਹਿਰ ਹਨ। ਜੰਮੂ ਕਸ਼ਮੀਰ ਵਿੱਚ ਪਾਕਿਸਤਾਨ ਦੀ ਸ਼ਹਿ ਤੇ ਕੰਮ ਕਰ ਰਹੀਆਂ ਮੁਸਲਿਮ ਅੱਤਵਾਦੀ ਜਥੇਬੰਦੀਆਂ ਵੱਲੋਂ ਦੂਸਰੇ ਫਿਰਕਿਆਂ ਨੂੰ ਕਿਵੇਂ ਹਿੰਸਾ ਦਾ ਨਿਸ਼ਾਨਾ ਬਣਾਇਆ ਗਿਆ ਹੈ ਇਹ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ ਹੈ।

ਵਿਚਾਰਨ ਵਾਲੀ ਗੱਲ ਹੈ ਕਿ ਆਖਰਕਾਰ ਇਹ ਧਰਮ ਅਧਾਰਤ ਸੰਗਠਨ ਇਸ ਤਰ੍ਹਾਂ ਦਾ ਨਾਂਹ ਪੱਖੀ ਵਰਤਾਰਾ ਕਿਉਂ ਕਰਦੇ ਹਨ। ਜੇਕਰ ਇਸ ਸਾਰੇ ਵਰਤਾਰੇ ਦੀ ਵਿਗਿਆਨਕ ਨਜ਼ਰੀਏ ਤੋਂ ਘੋਖ ਕੀਤੀ ਜਾਵੇ ਤਾਂ ਇਹ ਤੱਥ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਇਸ ਸਭ ਕਾਸੇ ਦੇ ਪਿੱਛੇ ਸਰਮਾਏਦਾਰੀ ਨਿਜ਼ਾਮ ਦਾ ਆਪਣਾ ਲਾਭ ਛੁਪਿਆ ਹੋਇਆ ਹੈ। ਸਰਮਾਏਦਾਰੀ ਨਿਜ਼ਾਮ ਲੋਕਾ ਦੀ ਚੇਤਨਾ ਨੂੰ ਕੁਰਾਹੇ ਪਾਉਣ ਦੇ ਮੰਤਵ ਨਾਲ ਉਨ੍ਹਾਂ ਨੂੰ ਮਜਹਬੀ ਝਗੜਿਆਂ ਵਿੱਚ ਉਲਝਾ ਕੇ ਰੱਖਦਾ ਹੈ। ਭਾਰਤੀ ਸੰਸਦ ਲਈ ਮਈ 2014 ਵਿੱਚ ਹੋਈਆਂ ਚੋਣਾਂ ਦੌਰਾਨ ਇਹ ਵਰਤਾਰਾ ਖੁੱਲ ਕੇ ਸਾਹਮਣੇ ਆਇਆ ਹੈ। ਜਿਸਦਾ ਪ੍ਰਤੀਕਰਮ ਹੁਣ ਖੁਲ੍ਹਕੇ ਲੋਕਾਂ ਸਾਹਮਣੇ ਆ ਰਿਹਾ ਹੈ।

ਜਦੋਂ ਅਸੀਂ 2014 ਦੇ ਪਾਰਲੀਮਾਨੀ ਚੋਣ ਨਤੀਜਿਆਂ ਤੇ ਝਾਤ ਮਾਰਦੇ ਹਾਂ ਬੜੇ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ ਅਤੇ ਸਾਨੂੰ ਪਤਾ ਲੱਗਦਾ ਹੈ ਕਿ ਕੇਂਦਰ ਦੀ ਮੌਜੂਦਾ ਸਰਕਾਰ ਕਾਰਪੋਰੇਟ ਘਰਾਣਿਆਂ ਦੀ, ਕਾਰਪੋਰੇਟ ਘਰਾਣਿਆਂ ਦੁਆਰਾ, ਕਾਰਪੋਰੇਟ ਘਰਾਣਿਆਂ ਲਈ ਬਣਾਈ ਗਈ ਸਰਕਾਰ ਹੈ। ਕਾਂਗਰਸ ਪਾਰਟੀ 10 ਸਾਲਾਂ ਤੋਂ ਪ੍ਰਸ਼ਾਸਨ ਕਰਦੀ ਆ ਰਹੀ ਸੀ। ਇਸ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਇਸ ਵਿਰੁੱਧ ਵਿਰੋਧ ਦੀ ਲਹਿਰ (anti-incumbency wave) ਦੇ ਪ੍ਰਭਾਵ ਕਾਰਨ ਲੋਕਾਂ ਦਾ ਉਲਟ ਰੁਝਾਣ ਹੋਣਾ ਸੁਭਾਵਿਕ ਸੀ। ਇਸ ਪਾਰਟੀਆਂ ਦੀਆਂ ਭ੍ਰਿਸ਼ਟ ਕਾਰਵਾਈਆਂ ਵੀ ਇਸਦੀ ਹਾਰ ਲਈ ਜਿੰਮੇਵਾਰ ਹਨ।

ਕਾਰਪੋਰੇਟ ਘਰਾਣੇ ਕਾਂਗਰਸ ਤੋਂ ਲਾਹਾ ਲੈ ਚੁੱਕੇ ਸਨ ਅਤੇ ਉਨ੍ਹਾਂ ਨੂੰ ਹੁਣ ਕਿਸੇ ਹੋਰ ਦੀ ਲੋੜ ਸੀ। ਇਸ ਮੰਤਵ ਲਈ ਉਨ੍ਹਾਂ ਨੂੰ ਆਰ.ਐਸ.ਐਸ. ਦੇ ਮਾਧਿਅਮ ਰਾਹੀਂ ਨਰਿੰਦਰ ਮੋਦੀ ਆਸਾਨ ਸਾਧਨ ਲੱਭੇ ਜਿਹੜੇ ਕਿ ਖੁਦ ਵੀ ਆਰ.ਐਸ.ਐਸ. ਦੇ ਪ੍ਰਚਾਰਕ ਰਹਿ ਚੁੱਕੇ ਹਨ। ਕਾਰਪੋਰੇਟ ਘਰਾਣਿਆਂ ਨੇ ਆਪਣਾ ਸਾਰਾ ਟਿੱਲ ਲਾ ਕੇ ਝੂਠੇ ਪ੍ਰਚਾਰ ਜਿਵੇਂ ਤਰੱਕੀ ਦਾ ਗੁਜਰਾਤ ਮਾਡਲ, ਚੰਗੇ ਦਿਨ ਆਉਣ ਵਾਲੇ ਹਨ ਆਦਿ ਦਾ ਸਹਾਰਾ ਲੈ ਕੇ ਆਪਣੇ ਮੰਤਵ ਦੀ ਪ੍ਰਾਪਤੀ ਦਾ ਯਤਨ ਕੀਤਾ। ਜਿਸ ਵਿੱਚ ਉਹ ਕਾਮਯਾਬ ਰਹੇ। ਚੋਣ ਪ੍ਰਚਾਰ ਦੌਰਾਨ ਕਿਸੇ ਵੀ ਜਨਤਕ ਮੁੱਦੇ ਨੂੰ ਨਹੀਂ ਉਭਾਰਿਆ ਗਿਆ। ਇਸ ਮੰਤਵ ਲਈ ਖੁੱਲੇ ਪੈਸੇ ਖਰਚ ਕੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦਾ ਭਰਪੂਰ ਇਸਤੇਮਾਲ ਕੀਤਾ ਗਿਆ। ਪਾਠਕਾਂ ਨੂੰ ਸ਼ਾਇਦ ਪਤਾ ਹੋਵੇ ਕਿ ਲਗਭੱਗ ਦਰਜਨ ਦੇ ਕਰੀਬ ਟੀ.ਵੀ. ਚੈਨਲ ਮੁਕੇਸ਼ ਅੰਬਾਨੀ ਦੇ ਆਪਣੇ ਹਨ।

ਨਰਿੰਦਰ ਮੋਦੀ ਅਡਾਨੀ, ਅੰਬਾਨੀ, ਟਾਟਾ, ਮਿੱਤਲ ਘਰਾਣਿਆਂ ਦੇ ਅਜ਼ਮਾਏ ਹੋਏ ਵਫਾਦਾਰ ਸਪੂਤ ਹਨ। ਗੁਜਰਾਤ ਵਿੱਚ ਅਡਾਨੀ ਘਰਾਣੇ ਦੀ ਜਾਇਦਾਦ (Assets) ਜੋ ਕਿ ਸਾਲ 2001 ਵਿੱਚ ਕੇਵਲ 300 ਕਰੋੜ ਸੀ, ਮੁੱਖ ਮੰਤਰੀ ਮੋਦੀ ਦੇ ਦਸ ਸਾਲ ਦੇ ਕਾਰਜ-ਕਾਲ ਦੌਰਾਨ ਵਧਕੇ 35 ਹਜਾਰ ਕਰੋੜ ਰੁਪਏ ਬਣ ਗਈ ਹੈ। ਕਾਰਨ ਇਹ ਹੈ ਕਿ ਕਿਸਾਨਾਂ ਤੋਂ ਸਰਕਾਰੀ ਖਰਚੇ ਤੇ ਜ਼ਮੀਨਾਂ ਐਕਵਾਇਰ ਕਰਕੇ ਕੌਡੀਆਂ ਦੇ ਭਾਅ ਇੰਨ੍ਹਾਂ ਨੂੰ ਦਿੱਤੀਆਂ ਗਈਆਂ। ਇਹ ਵਿਕਾਸ ਦੇ ਗੁਜਰਾਤ ਮਾਡਲ ਦੀ ਪਹਿਲੀ ਮਿਸਾਲ ਹੈ। ਅਡਾਨੀ ਘਰਾਣੇ ਨੂੰ ਗੁਜਰਾਤ ਵਿੱਚ ਬਿਜਲੀ ਦੀ ਵੰਡ ਦਾ ਸਾਰਾ ਕਾਰੋਬਾਰ ਸੌਂਪਿਆ ਗਿਆ ਹੈ ਅਤੇ ਗੁਜਰਾਤ ਵਿੱਚ ਬਿਜਲੀ ਦੇ ਰੇਟ ਮੁਲਕ ਵਿੱਚ ਸਾਰੇ ਪ੍ਰਾਂਤਾਂ ਨਾਲੋਂ ਵੱਧ ਹਨ। ਇਹ ਵਿਕਾਸ ਦੇ ਗੁਜਰਾਤ ਮਾਡਲ ਦੀ ਦੂਜੀ ਮਿਸਾਲ ਹੈ ਅਤੇ ਇਸੇ ਮਾਡਲ ਨੂੰ ਕਾਰਪੋਰੇਟ ਘਰਾਣੇ ਮੋਦੀ ਰਾਹੀਂ ਪਬਲਿਕ ਸੈਕਟਰ ਦੀ ਲੁੱਟ ਰਾਹੀਂ ਸਾਰੇ ਮੁਲਕ ਵਿੱਚ ਲਾਗੂ ਕਰਨਾ ਚਾਹੁੰਦੇ ਹਨ। ਇੱਥੇ ਹੀ ਬਸ ਨਹੀਂ ਗੁਜਰਾਤ ਸਰਕਾਰ ਨੇ ਸਰਕਾਰੀ ਖਜ਼ਾਨੇ ਵਿੱਚ ਹਜਾਰਾਂ ਕਰੋੜ ਰੁਪਏ ਇੰਨ੍ਹਾਂ ਕਾਰਪੋਰੇਟ ਘਰਾਣਿਆਂ ਨੂੰ 0.1 ਫੀਸਦੀ ਵਿਆਜ ਤੇ ਦਿੱਤੇ ਅਤੇ ਇਸਦੀ ਵਸੂਲੀ ਵੀਹ ਸਾਲ ਬਾਅਦ ਕੀਤੀ ਜਾਵੇਗੀ। ਇਸਦਾ ਨਤੀਜਾ ਇਹ ਹੋਇਆ ਕਿ ਗੁਜਰਾਤ ਸਰਕਾਰ ਦਾ ਕਰਜ਼ਾ ਜੋ 2001 ਵਿੱਚ ਦਸ ਹਜ਼ਾਰ ਕਰੋੜ ਰੁਪਏ ਸੀ ਹੁਣ ਵਧਕੇ ਇੱਕ ਲੱਖ ਅਠਤਾਲੀ ਹਜ਼ਾਰ ਕਰੋੜ ਰੁਪਏ ਹੋ ਗਿਆ ਹੈ। ਇਹ ਗੁਜਰਾਤ ਦੇ ਵਿਕਾਸ ਮਾਡਲ ਦੀ ਤੀਜੀ ਮਿਸਾਲ ਹੈ।

ਇੰਨ੍ਹਾਂ ਕਾਰਪੋਰੇਟ ਘਰਾਣਿਆਂ ਵੱਲੋਂ ਬੀ.ਜੇ.ਪੀ. ਅਤੇ ਕਾਂਗਰਸ ਦੋਵਾਂ ਨੂੰ ਖੁੱਲਕੇ ਚੋਣ ਫੰਡ ਮੁਹੱਈਆ ਕਰਵਾਏ ਗਏ। ਇਸੇ ਤਰ੍ਹਾਂ ਤੀਜੇ ਫਰੰਟ ਦੀਆਂ ਰਾਜ ਪੱਧਰ ਦੀਆਂ ਪਾਰਟੀਆਂ ਨੂੰ ਵੀ ਗੁਪਤ ਤੌਰ ਤੇ ਬਹੁਤ ਸਾਰਾ ਧਨ ਦਿੱਤਾ ਗਿਆ।

ਸੱਤਾਧਾਰੀ ਪਾਰਟੀ ਨੇ ਜੋ ਝੂਠ ਬੋਲ ਕੇ ਸਬਜ਼-ਬਾਗ ਦਿਖਾਕੇ ਵੋਟਾਂ ਲਈਆਂ ਹਨ ਹੁਣ ਇਹ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਹਰ ਚੜ੍ਹਦੇ ਦਿਨ ਬਿਆਨ ਆਉਂਦੇ ਹਨ ਜਿਵੇਂ ਕਿ ਭਾਰਤ ਦੇ ਸਾਰੇ ਵਾਸੀ ਆਪਣੇ ਆਪ ਨੂੰ ਹਿੰਦੂ ਕਹਿਣ, ਬੀ.ਜੇ.ਪੀ. ਦੇ ਅਨੁਯਾਈ ਰਾਮਜ਼ਾਦੇ ਤੇ ਬਾਕੀ ਪਾਰਟੀਆਂ ਦੇ ਅਨੁਯਾਈ ਹਰਾਮਜ਼ਾਦੇ, ਧਰਮ ਤਬਦੀਲ ਕਰਨ ਵਾਲਿਆਂ ਦੀ ਘਰ ਵਾਪਸੀ, ਆਗਰੇ ਦਾ ਤਾਜ ਮਹਿਲ ਸ਼ਿਵ ਮੰਦਿਰ ਦੀ ਜਗ੍ਹਾ ਤੇ ਬਣਿਆ ਹੋਇਆ ਹੈ ਜਾਂ ਰਾਮ ਮੰਦਰ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ ਵਗੈਰਾ ਵਗੈਰਾ। ਇਹ ਇਸ ਲਈ ਕਿ ਲੋਕਾਂ ਦਾ ਧਿਆਨ ਲਾਂਭੇ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਚੁਪ ਚਪੀਤੇ ਲਾਭ ਪਹੁੰਚਾਇਆ ਜਾ ਸਕੇ ਅਤੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਦੇ ਗੁਪਤ ਏਜੰਡੇ ਨੂੰ ਲਾਗੂ ਕੀਤਾ ਜਾ ਸਕੇ। ਇਸ ਤਰ੍ਹਾਂ ਦੀਆਂ ਕਾਰਵਾਈਆਂ ਆਉਣ ਵਾਲੇ ਸਮੇਂ ਦੌਰਾਨ ਸਾਹਮਣੇ ਆ ਜਾਣਗੀਆਂ।

ਧਰਮ ਅਧਾਰਤ ਪਾਰਟੀਆਂ ਕੋਲੋਂ ਕਿਸੇ ਵੀ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਲਈ ਦੇਸ਼ ਦੇ ਹਰ ਸੂਝਵਾਨ ਵਿਅਕਤੀ ਨੂੰ ਇਸ ਤਰ੍ਹਾਂ ਦੇ ਰੁਝਾਨ ਤੋਂ ਸੁਚੇਤ ਹੋਣ ਦੀ ਲੋੜ ਹੈ।

98145-28282

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ: ਬਲਵੰਤ ਸਿੰਘ ਸਿੱਧੂ



?ਖਬਤੀ-ਬੰਨਣ ਰੋਗ (Obsessive compulsive Disorder) ਬਾਰੇ ਚਾਨਣਾ ਪਾਉ। ਕੀ ਇਹ ਅੱਜ ਕੱਲ ਵੱਧ ਰਿਹਾ ਹੈ?

ਜੁਆਬ: ਇਥੇ ਇਹ ਗੱਲ ਵਰਣਨ ਯੋਗ ਹੈ ਕਿ ਕਿਸੇ ਵੀ ਵਿਅਕਤੀ ਨੂੰ ਕਦੇ ਕਦਾਈ ਖਬਤੀ-ਬੰਨਣ ਰੋਗ ਵਿੱਚ ਦੱਸੇ ਗਏ ਜਾਂ ਕਿਸੇ ਵੀ ਹੋਰ ਤਰਾਂ ਦੇ ਲੱਛਣ ਜਾਂ ਗਲਤ ਖਿਆਲ ਆ ਸਕਦੇ ਹਨ ਜੋ ਇੱਕ ਨਾਰਮਲ ਗੱਲ ਹੋ ਸਕਦੀ ਹੈ। ਨਾਰਮਲ ਵਿਅਕਤੀ ਵਿੱਚ ਇਹ ਲੱਛਣ ਬਹੁਤ ਜ਼ਿਆਦਾ ਨਹੀਂ ਹੁੰਦੇ ਅਤੇ ਕਾਫੀ ਹੱਦ ਤੱਕ ਆਪਣੇ ਕੰਟਰੋਲ ਵਿੱਚ ਹੁੰਦੇ ਹਨ ਅਤੇ ਆਮ ਕੰਮ ਕਾਰ ਵਿੱਚ ਵਿਘਨ ਨਹੀਂ ਪਾਉਂਦੇ ਅਤੇ ਬਹੁਤੀ ਪਰੇਸ਼ਾਨੀ ਨਹੀਂ ਕਰਦੇ ਅਤੇ ਨਾ ਹੀ ਸਮਾਜੀ ਸੰਬੰਧਾਂ ਤੇ ਅਸਰ ਕਰਦੇ ਹਨ।

ਬਹੁਤ ਸਾਰੇ ਲੋਕਾਂ ਵਿੱਚ ਖਬਤੀ-ਬੰਨਣ ਰੋਗ ਨਾ ਹੋਕੇ ਸਿਰਫ ਕੁਝ ਕੁ ਖਬਤੀ ਗੁਣ ਹੁੰਦੇ ਹਨ ਜੋ ਕਿ ਉਨ੍ਹਾਂ ਦੇ ਵਿਅਕਤੀਤਵ ਦਾ ਹੀ ਇੱਕ ਹਿੱਸਾ ਹੁੰਦਾ ਹੈ। ਇਸ ਨਾਲ ਉਹਨਾਂ ਨੂੰ ਕੋਈ ਵੀ ਪਰੇਸ਼ਾਨੀ ਨਹੀਂ ਹੁੰਦੀ ਸਗੋਂ ਕਈ ਅਜੇਹੇ ਵਿਅਕਤੀ ਕਾਫੀ ਮਿਹਨਤੀ ਅਤੇ ਕਾਮਯਾਬ ਹੋ ਸਕਦੇ ਹਨ।

ਮਨੋਰੋਗ ਦੇ ਪਿਤਾਮਾ ਡਾ: ਸਿਗਮੰਡ ਫਰਾਇਡ ਨੇ ਓਬਸੈਸਿਵ ਪਰਸਨੈਲਿਟੀ (Obsessive Personality) ਜਾਂ ਇਉਂ ਕਹਿ ਲਵੋ ਕਿ ਖਬਤੀ ਵਿਅਕਤੀਤਵ ਦੀਆਂ ਤਿੰਨ ਵਿਸ਼ੇਸ਼ਤਾਈਆਂ ਜਾਂ ਗੁਣ ਬਿਆਨ ਕੀਤੇ ਹਨ:

1. ਜ਼ਿੱਦੀਪੁਣਾ ਜਾਂ ਅੜਬਪੁਣਾ (Obstinacy)
2. ਸਲੀਕੇਦਾਰੀ ਜਾਂ ਵਿਵਸਥਿਤਾ ਜਾਂ ਤਰਤੀਬ ਵਾਲਾ (Orderliness)
3. ਕੰਜੂਸਪਣਾ ਜਾਂ ਸੂੰਮਪਣਾ (Parsimony)

ਜ਼ਾਹਿਰ ਹੈ ਕਿ ਅਜੇਹੇ ਵਿਅਕਤੀ ਸਿਰੜੀ, ਧੁਨੀ, ਡਸਿਪਲਨ ਵਾਲੇ ਅਤੇ ਸਮੇ ਦੇ ਪਾਬੰਦ ਹੋ ਸਕਦੇ ਹਨ। ਫੌਜ ਵਿੱਚ ਵੀ ਟਰੇਨਿੰਗ ਦੌਰਾਨ ਅਜੇਹੇ ਗੁਣਾਂ ਨੂੰ ਤਰਜੀਹ ਦਿਤੀ ਜਾਂਦੀ ਹੈ। ਅਕਸਰ ਹੀ ਅਜੇਹੀ ਸ਼ਖਸੀਅਤ ਦੇ ਵਿਅਕਤੀ ਬਹੁਤ ਕਾਮਯਾਬ ਹੋ ਸਕਦੇ ਹਨ। ਕਿਸੇ ਵਿਸ਼ੇਸ਼ ਕਲਾ ਜਾਂ ਕਿੱਤੇ ਵਿੱਚ ਮਾਹਿਰ ਵਿਅਕਤੀ ਵੀ ਅਜੇਹੀ ਸ਼ਖਸੀਅਤ ਦੇ ਮਾਲਿਕ ਹੋ ਸਕਦੇ ਹਨ।

ਖਬਤੀ-ਬੰਨਣ ਸ਼੍ਰੇਣੀ ਦੇ ਹੋਰ ਸੰਬੰਧਿਤ ਰੋਗ: ਓ ਸੀ ਡੀ ਸਪੈਕਟਰਮ ਡਿਸਆਰਡਰ (OCD Spectrum Disorders): ਕਈ ਵਿਅਕਤੀਆਂ ਵਿੱਚ ਅਜੇਹੇ ਲੱਛਣ ਹੁੰਦੇ ਹਨ ਜੋ ਕਿ ਖਬਤੀ-ਬੰਨਣ ਰੋਗ ਦੀ ਪਰਿਭਾਸ਼ਾ ਵਿੱਚ ਪੂਰੀ ਤਰਾਂ ਨਹੀ ਬੈਠਦੇ ਪਰ ਫਿਰ ਵੀ ਇਨ੍ਹਾਂ ਵਿੱਚ ਕੁਝ ਸਮਾਨਤਾਵਾਂ ਹੁੰਦੀਆਂ ਹਨ। ਮਨੋਵਿਗਿਆਨੀਆਂ ਦੀ ਰਾਏ ਅਨੁਸਾਰ ਇਨ੍ਹਾਂ ਨੂੰ ਓ ਸੀ ਡੀ ਸਪੈਕਟਰਮ ਰੋਗ ਆਖਿਆ ਜਾ ਸਕਦਾ ਹੈ। ਇਸ ਦੀਆਂ ਉਦਾਹਰਣਾਂ ਹਨ:

-ਬੇਡੌਲ ਸ਼ਰੀਰਕ ਖਬਤ: (ਬੌਡੀ ਡਿਸਮੌਰਫਿਕ ਡਿਸਔਰਡਰ-(Body Dysmorphic Disorder)

-ਸ਼ਰੀਰਿਕ ਰੋਗ-ਖਬਤ (ਹਾਇਪੌਕੌਂਡਰਿਓਸਿਸ-Hypochondriasis)

-ਵਾਲ ਪੁੱਟਣ ਦੀ ਖਬਤ (ਟਰਾਇਕੋਟਿਲੋਮੇਨੀਆ-Trichotillomania)

-ਸ਼ਰੀਰਿਕ ਹਰਕਤ ਦੀ ਖਬਤ (ਟਿੱਕ ਡਿਸਔਰਡਰ- Tic Disorders)

-ਸੰਗ੍ਰਹਿ ਕਰਨ ਦੀ ਖਬਤ (ਕੰਪਲਸਿਵ ਹੋਰਡਿੰਗ-Compulsive Hoarding)

-ਹੋਰ ਖਬਤੀ ਵਿਵਹਾਰ:

ਬੇਡੌਲ ਸ਼ਰੀਰਕ ਖਬਤ: ਇਸ ਵਿੱਚ ਵਿਅਕਤੀ ਨੂੰ ਬਾਰ ਬਾਰ ਜਾਂ ਹਰ ਵਕਤ ਇਹ ਭਾਸਦਾ ਰਹਿੰਦਾ ਹੈ ਕਿ ਉਸ ਦਾ ਸ਼ਰੀਰ ਜਾਂ ਸ਼ਰੀਰ ਦਾ ਕੋਈ ਅੰਗ ਬੇਡੌਲ ਜਾਂ ਬੇਢਬਾ ਜਾਂ ਭੱਦਾ ਲਗਦਾ ਹੈ ਜਦੋਂ ਕਿ ਅਸਲ ਵਿੱਚ ਅਜੇਹੀ ਕੋਈ ਗੱਲ ਨਹੀਂ ਹੁੰਦੀ ਅਤੇ ਬਾਕੀ ਆਲੇ ਦੁਆਲੇ ਦੇ ਨਜ਼ਦੀਕੀ ਵਿਅਕਤੀਆਂ ਨੂੰ ਉਹ ਕੋਈ ਨੁਕਸ ਨਹੀਂ ਲਗਦਾ। ਉਦਾਹਰਣ ਦੇ ਤੌਰ ਤੇ ਜਿਵੇਂ ਕਿ ਕਿਸੇ ਨੂੰ ਆਪਣਾ ਨੱਕ ਟੇਢਾ, ਮੋਟਾ ਜਾਂ ਭੱਦਾ ਲਗਦਾ ਹੈ ਜਦੋਂ ਕਿ ਬਾਕੀ ਦੇ ਸੰਬੰਧੀਆਂ ਨੂੰ ਅਜੇਹਾ ਨਹੀਂ ਲਗਦਾ, ਜਾਂ ਆਪਣਾ ਚਿਹਰੇ ਦਾ ਨਾਰਮਲ ਰੰਗ ਵੀ ਬਹੁਤ ਕਾਲਾ ਲਗਦਾ ਹੈ ਅਤੇ ਬਾਕੀ ਲੋਕਾਂ ਦੇ ਬਾਰ-ਬਾਰ ਕਹਿਣ ਤੇ ਵੀ ਤਸੱਲੀ ਨਹੀਂ ਹੁੰਦੀ ਅਤੇ ਆਪਣੇ ਨਿਰਮੂਲ ਭੱਦੇਪਣ ਦੇ ਵਿਚਾਰ ਚਲਦੇ ਹੀ ਰਹਿੰਦੇ ਹਨ। ਸ਼ੋ-ਬਿਜ਼ਨਸ (Show-biz) ਦੀ ਦੁਨੀਆ ਵਿੱਚ ਬਹੁਤ ਸਾਰੇ ਵਿਅਕਤੀਆਂ ਨੂੰ ਇਸ ਤਰ੍ਹਾਂ ਦੀ ਮੁਸ਼ਕਿਲ ਅਕਸਰ ਹੀ ਹੁੰਦੀ ਰਹਿੰਦੀ ਹੈ।

ਸ਼ਰੀਰਿਕ ਰੋਗ-ਖਬਤ : ਇਸ ਮਨੋਰੋਗ ਵਿੱਚ ਵਿਅਕਤੀ ਨੂੰ ਅਕਸਰ ਹੀ ਜਾਂ ਹਰ ਵਕਤ ਇਹ ਲਗਦਾ ਰਹਿੰਦਾ ਹੈ ਕਿ ਉਸ ਨੂੰ ਕੋਈ ਗੰਭੀਰ ਸ਼ਰੀਰਿਕ ਰੋਗ ਹੈ। ਉਸ ਨੂੰ ਸ਼ਰੀਰ ਦੀਆਂ ਨਾਰਮਲ ਹਰਕਤਾਂ ਜਾਂ ਲੱਛਣ ਵੀ ਬਹੁਤ ਗੈਰ ਸਧਾਰਣ ਲਗਦੇ ਹਨ ਅਤੇ ਇਹ ਕਿਸੇ ਵੱਡੇ ਰੋਗ ਦੇ ਲੱਛਣ ਲਗ ਸਕਦੇ ਹਨ। ਉਹ

ਵਿਅਕਤੀ ਬਾਰ-ਬਾਰ ਆਪਣਾ ਮੈਡੀਕਲ ਚੈਕ ਅੱਪ ਅਤੇ ਹੋਰ ਗੈਰ ਲੋੜੀਂਦੇ ਮੈਡੀਕਲ ਟੈਸਟ ਕਰਵਾਈ ਜਾਂਦੇ ਹਨ। ਸੱਭ ਕੁਝ ਨਾਰਮਲ ਹੋਣ ਤੇ ਵੀ ਇਨਾਂ ਦੀ ਤਸੱਲੀ ਨਹੀਂ ਹੁੰਦੀ।

ਵਾਲ ਪੁੱਟਣ ਦੀ ਖਬਤ : ਇਸ ਮਨੋਰੋਗ ਵਿੱਚ ਵਿਅਕਤੀ ਨੂੰ ਆਪਣੇ ਸਿਰ ਦੇ ਜਾਂ ਸ਼ਰੀਰ ਦੇ ਕਿਸੇ ਹੋਰ ਹਿੱਸੇ ਦੇ ਵਾਲ ਪੁਟਣ ਦੀ ਆਦਤ ਪੈ ਜਾਂਦੀ ਹੈ ਅਤੇ ਇਸ ਨਾਲ ਉਸ ਦੇ ਉਸ ਹਿੱਸੇ ਤੇ ਵਾਲ ਨਹੀਂ ਰਹਿੰਦੇ ਅਤੇ ਕੋਸ਼ਿਸ਼ ਕਰਨ ਤੇ ਵੀ ਇਹ ਆਦਤ ਕੰਟਰੋਲ ਨਹੀਂ ਹੁੰਦੀ। ਕਈ ਵਿਅਕਤੀਆਂ ਨੂੰ ਪੁਟ ਕੇ ਵਾਲ ਖਾਣ ਦੀ ਆਦਤ ਪੈ ਜਾਂਦੀ ਹੈ ਅਤੇ ਕਾਫੀ ਸਮੇ ਬਾਅਦ ਪੇਟ ਵਿੱਚ ਵਾਲਾਂ ਦਾ ਗੁੱਛਾ (Trichobezoar) ਇੱਕਠਾ ਹੋ ਜਾਂਦਾ ਹੈ ਜਿਸ ਕਾਰਣ ਪੇਟ ਦੀ ਤਕਲੀਫ ਹੋ ਜਾਂਦੀ ਹੈ ਅਤੇ ਪੇਟ ਦਾ ਆਪਰੇਸ਼ਨ ਕਰਵਾਉਣਾ ਪੈ ਸਕਦਾ ਹੈ।

ਸ਼ਰੀਰਿਕ ਹਰਕਤ ਦੀ ਖਬਤ : ਇਸ ਵਿੱਚ ਵਿਅਕਤੀ ਨੂੰ ਸ਼ਰੀਰ ਦੇ ਕਿਸੇ ਵੀ ਹਿੱਸੇ ਦੀ ਇਕਦਮ ਝਟਕੇ ਨਾਲ ਹਰਕਤ ਕਰਨ ਦੀ ਆਦਤ ਹੁੰਦੀ ਹੈ ਅਤੇ ਉਸ ਤੋਂ ਇਹ ਆਦਤ ਕੰਟਰੋਲ ਨਹੀਂ ਹੁੰਦੀ। ਜੋਰ ਲਗਾ ਕੇ ਕੰਟਰੋਲ ਕਰਨ ਤੇ ਘਬਰਾਹਟ ਹੋਣ ਲਗਦੀ ਹੈ ਅਤੇ ਸ਼ਰੀਰ ਦੀ ਹਰਕਤ ਫਿਰ ਹੋ ਜਾਂਦੀ ਹੈ।

ਸੰਗ੍ਰਹਿ ਕਰਨ ਦੀ ਖਬਤ : ਇਸ ਮਨੋਰੋਗ ਤੋਂ ਪੀੜਤ ਵਿਅਕਤੀ ਨੂੰ ਬਿਨਾਂ ਲੋੜ ਤੋਂ ਜਾਂ ਲੋੜ ਤੋਂ ਕਿਤੇ ਜ਼ਿਆਦਾ ਚੀਜ਼ਾਂ ਇਕੱਠੀਆਂ ਕਰਨ ਦੀ ਆਦਤ ਹੰਦੀ ਹੈ। ਉਹ ਹਰ ਵੇਲੇ ਚੀਜ਼ਾਂ ਇਕੱਠੀਆਂ ਕਰਨ ਵਿੱਚ ਹੀ ਕਾਫੀ ਵਕਤ ਬਿਤਾਉਂਦੇ ਹਨ, ਅਤੇ ਆਪਣਾ ਘਰ ਫਜ਼ੂਲ ਦੀਆਂ ਚੀਜ਼ਾਂ ਨਾਲ ਭਰ ਲੈਂਦੇ ਹਨ। ਇਹ ਵਿਅਕਤੀ ਫਾਲਤੂ ਚੀਜ਼ਾਂ ਨੂੰ ਨਾ ਤਾਂ ਕਿਸੇ ਨੂੰ ਦੇ ਸਕਦੇ ਹਨ ਅਤੇ ਨਾਂ ਹੀ ਬਾਹਰ ਕਬਾੜ ਵਿੱਚ ਦੇ ਸਕਦੇ ਹਨ। ਇਨਾਂ ਦਾ ਘਰ ਸਮਾਨ ਨਾਲ ਹੀ ਭਰ ਜਾਂਦਾ ਹੈ।

ਹੋਰ ਖਬਤੀ ਵਿਵਹਾਰ: ਹੋਰ ਕਾਫੀ ਤਰ੍ਹਾਂ ਦੇ ਲੱਛਣ ਇਸ ਸ਼੍ਰੇਣੀ ਵਿੱਚ ਆਉਂਦੇ ਹਨ। ਜਿਵੇਂ ਕਿ ਆਪਣੇ ਫੋਨ ਤੇ ਸੁਨੇਹੇ ਬਾਰ-ਬਾਰ ਚੈਕ ਕਰੀ ਜਾਣੇ, ਬਿਨਾਂ ਲੋੜ ਤੋਂ ਆਪਣੀ ਈ-ਮੇਲ ਬਾਰ ਬਾਰ ਚੈਕ ਕਰਦੇ ਰਹਿਣਾ, ਆਪਣੀ ਫੋਟੋ (Selfie) ਬਹੁਤ ਜ਼ਿਆਦਾ ਬਾਰ, ਬਾਰ-ਬਾਰ ਖਿਚਦੇ ਰਹਿਣਾ, ਫੋਨ ਤੇ ਜਾਂ ਕੰਪਿਉਟਰ ਤੇ ਬਾਰ-ਬਾਰ ਵਟਸ-ਅੱਪ (Whatsapp), ਜਾਂ ਫੇਸ-ਬੁੱਕ (Face-book) ਚੈਕ ਕਰੀ ਜਾਣਾ ਅਤੇ ਬਹੁਤ ਜ਼ਿਆਦਾ ਸਮਾਂ ਇਨ੍ਹਾਂ ਕੰਮਾਂ ਤੇ ਬਰਬਾਦ ਕਰਦੇ ਰਹਿਣਾ ਆਦਿ।

ਕਿਸੇ ਵਿਅਕਤੀ ਜਾਂ ਹੀਰੋ/ਹੀਰੋਇਨ ਦਾ ਦੀਵਾਨਾ ਹੋਣਾ, ਕਿਸੇ ਪਿਛੇ ਹੱਥ ਧੋ ਕੇ ਪੈਣਾ, ਆਪਣੀ ਚਮੜੀ ਬਾਰ-ਬਾਰ ਛਿੱਲੀ ਜਾਣਾ ਜਾਂ ਨੋਚੀ ਜਾਣਾ। ਕਿਸੇ ਵਿਸ਼ੇਸ਼ ਥਾਂ ਤੇ ਬਾਰ-ਬਾਰ ਖੁਰਕ ਕਰੀ ਜਾਣਾ। ਗੈਰ ਜ਼ਰੂਰੀ ਕੰਮਾਂ ਜਾਂ ਗੱਲਾਂ ਦੇ ਪਿਛੇ ਪਏ ਰਹਿਣਾ,ਆਦਿ।

ਇਸ ਤੋਂ ਬਿਨਾਂ ਆਮ ਤੋਂ ਜ਼ਿਆਦਾ ਧਾਰਮਿਕ ਕਰਮ ਕਾਂਡ ਕਰਦੇ ਰਹਿਣਾ ਨਾ ਹਟਣਾ, ਆਪਣਾ ਨੁਕਸਾਨ ਕਰਾ ਕੇ ਵੀ ਕਿਸੇ ਸਾਧੂ ਜਾਂ ਸੰਤ ਆਦਿ ਦੇ ਪਿੱਛੇ ਲੱਗੇ ਰਹਿਣਾ, ਕਿਸੇ ਗੈਰ ਜ਼ਰੂਰੀ ਮੁੱਦੇ ਤੇ ਲੱਗੇ ਹੀ ਰਹਿਣਾ ਹਟਿਆ ਨਾ ਜਾਣਾ, ਕਿਸੇ ਗੈਰ ਵਾਜ਼ਿਬ ਰਿਸ਼ਤੇ ਲਈ ਜਿੱਕਰਦੇ ਰਹਿਣਾ ਅਤੇ ਆਪਣਾ ਭਲਾ-ਬੁਰਾ ਨਾ ਵਿਚਾਰਨਾ ਅਤੇ ਦੂਜਿਆਂ ਦੀ ਸਹੀ ਗੱਲ ਵੀ ਨਾ ਸੁਣਨਾ, ਕਿਸੇ ਵਿਸ਼ੇਸ਼ ਤਰ੍ਹਾਂ ਦੇ ਭੋਜਨ ਦੇ ਪਿਛੇ ਜਾਂ ਕਿਸੇ ਖਾਣ ਦੇ ਸਟਾਈਲ ਦੇ ਪਿਛੇ ਲਗਾਤਾਰ ਪਏ ਰਹਿਣਾ, ਆਪਣੀ ਸਿਹਤ ਬਾਰੇ ਲੋੜ ਤੋਂ ਜ਼ਿਆਦਾ ਚਿੰਤਾ ਕਰਨਾ ਅਤੇ ਇਸ ਬਾਰੇ ਹਰ ਵਕਤ ਕੋਈ ਨਾ ਕੋਈ ਗੈਰ ਸਧਾਰਣ ਟੋਟਕੇ ਆਦਿ ਵਰਤਦੇ ਰਹਿਣਾ, ਪਹਿਰਾਵੇ ਬਾਰੇ ਜਾਂ ਆਪਣੇ ਵਾਲਾਂ ਦੇ ਸਟਾਈਲ ਬਾਰੇ ਕੋਈ ਵਿਸ਼ੇਸ਼ ਖਬਤ ਰੱਖਣਾ ਤੇ ਕਿਸੇ ਵੀ ਵਿਵਹਾਰ ਬਾਰੇ ਖਬਤ ਰੱਖਣਾ ਆਦਿ ਵੀ ਇਸੇ ਸ਼੍ਰੇਣੀ ਵਿੱਚ ਆਉਂਦੀਆਂ ਹਨ।

(ਚਲਦਾ)

ਪ੍ਰੋਫੈਸਰ ਤੇ ਮੁਖੀ, ਸਾਇਕੈਟਰੀ / ਨਸ਼ਾ ਛੁਡਾਊ ਵਿਭਾਗ,

ਰਜਿੰਦਰਾ ਹਸਪਤਾਲ,ਪਟਿਆਲਾ।


ਪੀ.ਏ.ਯੂ. ਕਿਸਾਨ ਮੇਲੇ ਤੇ ਖਿੱਚ ਦਾ ਕੇਂਦਰ ਬਣੀ ਜਾਦੂ ਵਾਲੀ ਗਾਗਰ

(70 ਹਜ਼ਾਰ ਤੋਂ ਵੱਧ ਦਾ ਵਿਕਿਆ ਤਰਕਸ਼ੀਲ ਸਾਹਿਤ)

ਜ਼ੋਨ ਅਤੇ ਇਕਾਈ ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ 20-21 ਮਾਰਚ ਨੂੰ ਸਾਹਿਤ ਪ੍ਰਦਰਸ਼ਨੀ ਲਾਈ ਗਈ। ਆਗੂਆਂ ਵੱਲੋਂ ਵਿਚਾਰ ਪ੍ਰਗਟਾਏ ਜਾਣ ਦੇ ਨਾਲ ਨਾਲ ਜਾਦੂ ਦੇ ਟ੍ਰਿਕ ਵੀ ਵਿਖਾਏ ਗਏ। ਸਰਬਜੀਤ ਉਖਲਾ ਪਟਿਆਲਾ ਵੱਲੋਂ ਵਿਸ਼ੇਸ਼ ਤੌਰ ਤੇ ਤਿਆਰ ਕਰਕੇ ਸੁਸਾਇਟੀ ਨੂੰ ਭੇਟ ਕੀਤੀ ਜਾਦੂ ਵਾਲੀ ਗਾਗਰ ਖਿੱਚ ਦਾ ਕੇਂਦਰ ਬਣੀ। 100 ਮੋਰੀਆਂ ਵਾਲੀ ਇਸ ਗਾਗਰ ਵਿੱਚ ਜਦੋਂ ਰੇਤ ਪਾਇਆ ਜਾਂਦਾ ਸੀ ਤਾਂ ਉਹ ਬਾਹਰ ਆ ਜਾਂਦਾ ਸੀ, ਪਰ ਜਦੋਂ ਪਾਣੀ, ਦੁੱਧ ਜਾਂ ਕੋਈ ਹੋਰ ਤਰਲ ਪਦਾਰਥ ਪਾਇਆ ਜਾਂਦਾ ਤਾਂ ਉਹ ਬਾਹਰ ਨਹੀਂ ਆਉਂਦਾ ਸੀ। ਸੂਬਾਈ ਆਗੂ ਰਜਿੰਦਰ ਭਦੌੜ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਇਸ ਤਰ੍ਹਾਂ ਦੀ ਗਾਗਰ ਰਾਹੀਂ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਇਆ ਗਿਆ ਅਤੇ ਉਹਨਾਂ ਦੀ ਦਸ ਨਹੁੰਆਂ ਦੀ ਕਿਰਤ ਇਸ ਟ੍ਰਿਕ ਰਾਹੀਂ ਲੁੱਟੀ ਗਈ। ਇਸ ਮੌਕੇ 150 ਤੋਂ ਵੱਧ ਮੈਗਜ਼ੀਨ ਦੇ ਚੰਦੇ ਵੀ ਕੱਟੇ ਗਏ।

ਸੁਖਵਿੰਦਰ ਲੀਲ੍ਹ

ਬ੍ਰਹਿਮੰਡ ਯਾਤਰਾ




ਪਲੂਟੋ ਤੋਂ ਅੱਗੇ - ਕੂਪਰ ਪੱਟੀ

ਡਾ. ਅਵਤਾਰ ਸਿੰਘ ਢੀਂਡਸਾ



ਸਾਥੀਓ, 8 ਗ੍ਰਹਿਆਂ ਦੀ ਯਾਤਰਾ ਦੌਰਾਨ ਅਸੀਂ ਜਿੱਥੇ ਇਹਨਾਂ ਬਾਰੇ ਤਾਰਾ ਵਿਗਿਆਨ ਵੱਲੋਂ ਲੱਭੀਆਂ ਸੱਚਾਈਆਂ ਨੂੰ ਘੋਖਦੇ ਗਏ ਉਥੇ ਜੋਤਿਸ਼ (ਗਿਆਨ) ਦੀਆਂ ਮੂਰਖ ਬਣਾਉਂਦੀਆਂ ਗਹਿਰੀਆਂ ਚਾਲਾਂ ਤੋਂ ਪਰਦਾ ਉਠਾਉਂਦੇ ਹੋਏ ਕੁੱਝ ਕੁ ਨਤੀਜਿਆਂ 'ਤੇ ਵੀ ਨਜ਼ਰ ਮਾਰਦੇ ਰਹੇ। ਸਿੱਟਾ ਸਾਡੇ



ਸਾਹਮਣੇ ਹੈ, ਕਿ:

ਚੰਨ, ਸੂਰਜ, ਗ੍ਰਹਿ ਅਤੇ ਤਾਰੇ
ਚੱਕਰਾਂ ਦੇ ਵਿੱਚ ਘੁੰਮਦੇ ਸਾਰੇ ।
ਇਹ ਤਾਂ ਆਪਣਾ ਪੰਧ ਨੇ ਕਰਦੇ
ਇਹ ਨਾ ਸਾਡੀ ਕਿਸਮਤ ਘੜਦੇ।

ਦੋਸਤੋ, ਇਹ ਅਨੋਖੀ ਖਗੋਲੀ ਖੇਡ ਲਗਭਗ 450 ਕਰੋੜ ਸਾਲ ਤੋਂ ਚੱਲਦੀ ਆ ਰਹੀ ਹੈ। ਸਮੇਂ ਅਨੁਸਾਰ ਇਹਨਾਂ ਖਗੋਲੀ ਪਿੰਡਾਂ ਦੇ ਤਾਪਮਾਨਾਂ ਕਾਰਣ ਰਸਾਇਣਕ ਕਿਰਿਆਵਾਂ ਵਿੱਚ ਆਉਂਦੀਆਂ ਤਬਦੀਲੀਆਂ ਨੇ ਇਹਨਾਂ ਨੂੰ ਅੱਜ ਤੱਕ ਦੇ ਸਰੂਪ ਤੱਕ ਪਹੁੰਚਾ ਦਿੱਤਾ ਹੈ। ਜੋਤਿਸ਼ ਦੀ ਡਰਾਉਣ ਧਮਕਾਉਣ ਵਾਲੀ ਸਵਾਰਥੀ ਸੋਚ/ਸ਼ਰਾਰਤ ਤਾਂ ਇਹਨਾਂ ਗ੍ਰਹਿਆਂ ਤੱਕ ਹੀ ਸੀਮਤ ਹੈ। ਪਰ ਤੁਸੀ ਤਾਂ ਜਗਿਆਸੂ ਹੋ, ਵਿਗਿਆਨਕ ਨਜ਼ਰੀਏ ਦੇ ਧਾਰਨੀ, ਸੋ ਜਰੂਰ ਪੁਛਣਾ ਚਾਹੋਗੇ ...... ਅੱਗੇ ਕੀ ਹੈ? ਅਸੀਂ ਆਪਣੀ ਯਾਤਰਾ ਜਾਰੀ ਰੱਖਦੇ ਹੋਏ .. ਚਲੋ ਚਲਦੇ ਹਾਂ ਪਲੂਟੋ ਤੋਂ ਪਾਰ। ਅਸਲ ਵਿੱਚ ਪਲੂਟੋ ਤੋਂ ਪਾਰ ਜਾਣ ਵਾਲੀ ਯਾਤਰਾ ਦੀ ਸ਼ੁਰੂਆਤ ਲਈ ਸਾਨੂੰ ਪਲੂਟੋ ਦੇ ਨੇੜੇ ਤੇੜੇ ਹੀ ਕੁੱਝ ਹੋਰ ਛਾਣ-ਬੀਣ ਕਰਨੀ ਪਵੇਗੀ। ਕਿਉਂਕਿ ਅਸੀਂ ਪਿਛਲੀ ਕੜੀ ਵਿੱਚ ਜਾਣ ਲਿਆ ਹੈ ਕਿ ਪਲੂਟੋ ਗ੍ਰਹਿ ਨਹੀਂ ਹੈ ਸਗੋਂ ਇੱਕ ਇੱਕ ਬੌਨਾ ਗ੍ਰਹਿ ਹੈ। ਸੋ ਨੈਪਚੂਨ ਸਾਡੇ ਸੂਰਜੀ ਮੰਡਲ/ਪਰਿਵਾਰ ਦਾ ਆਖਰੀ ਅਤੇ ਅੱਠਵਾਂ ਗ੍ਰਹਿ ਹੈ। ਇਸ ਤੋਂ ਦੂਰ ਸਾਰੀਆਂ ਪੁਲਾੜੀ ਵਸਤੂਆਂ ਨੂੰ "ਨੈਪਚੂਨ ਤੋਂ ਪਾਰ ਵਸਤੂਆਂ" ਕਿਹਾ ਜਾਂਦਾ ਹੈ (Trans Neptune Objects-TNOs) ਭਾਵ ਪਲੂਟੋ ਨੂੰ ਵੀ ਇਸ ਸ੍ਰੇਣੀ ਵਿੱਚ ਹੀ ਰੱਖਿਆ ਗਿਆ ਹੈ।

ਅੱਗੇ ਚੱਲਣ ਤੋਂ ਪਹਿਲਾਂ ਗ੍ਰਹਿਆਂ ਬਾਰੇ ਇੱਕ ਛੋਟੀ ਕਹਾਣੀ ਵੀ ਸੁਣੋ ... ਗ੍ਰਹਿਆਂ ਦੀ ਉਤਪਤੀ ਕਿਵੇਂ ਹੋਈ? ਗ੍ਰਹਿ ਕਿਵੇਂ ਬਣੇ? ਅਸਲ 'ਚ ਗ੍ਰਹਿਆਂ ਦੀ ਉੱਤਪਤੀ ਅਣਗਿਣਤ ਛੋਟੇ-ਛੋਟੇ ਧੂੜ ਵਰਗੇ ਪੁਲਾੜੀ-ਕਣਾਂ ਦੇ ਗਰੂਤਾ ਖਿੱਚ ਕਾਰਨ ਇਕੱਠੇ ਹੋਣ ਉਪਰੰਤ ਹੋਈ । ਇਹਨਾਂ ਵਿੱਚ ਨੇੜੇ ਦੇ ਹੋਰ ਅਤੇ ਵੱਡੇ ਟੁਕੜੇ ਵੀ ਸਮਾਅ ਜਾਣ ਕਾਰਨ ਕਈਆਂ ਦਾ ਆਕਾਰ ਹੋਰ ਵੀ ਵੱਡਾ ਹੋ ਗਿਆ। ਇਸ ਦਾ ਮਤਲਬ ਇਹ ਹੋਇਆ ਕਿ ਉਸ ਪੁਲਾੜੀ ਪਿੰਡ ਨੂੰ ਹੀ ਗ੍ਰਹਿ ਮੰਨਿਆ ਜਾਵੇਗਾ, ਜਿਹੜਾ ਪੁਲਾੜੀ-ਧੂੜ ਅਤੇ ਗੈਸੀ-ਕਣਾਂ ਤੋਂ ਮਿਲ ਕੇ ਬਣਿਆ ਹੋਇਆ ਹੈ। ਭਾਵ ਉਸਨੇ ਆਪਣੇ ਰਸਤੇ ਦਾ ਸਾਰਾ ਮਲਬਾ ਆਪਣੇ ਵਿੱਚ ਸਮਾਅ ਲਿਆ ਹੋਵੇ ਅਤੇ ਆਪਣੇ ਗ੍ਰਹਿ ਪੱਥ ਨੂੰ ਇਸ ਮਲਬੇ ਤੋਂ ਬਿਲਕੁਲ ਸਾਫ਼ ਕਰ ਦਿੱਤਾ ਹੋਵੇ।

ਦੋਸਤੋ, ਇਥੇ ਹੀ ਅਸੀਂ ਇੱਕ ਮੰਨੌਤ ਬਾਰੇ ਹੋਰ ਗੱਲ ਕਰ ਲਈਏ ਕਿ ਇਸ ਬ੍ਰਹਿਮੰਡ ਦਾ ਰਚਣਹਾਰਾ ਸ਼ਰਬਸ਼ਕਤੀਮਾਨ ਰੱਬ ਨਹੀਂ ਹੈ ਜਿਵੇਂ ਅਸੀਂ ਵੇਖ ਹੀ ਲਿਆ ਹੈ ਕਿ ਇਹ ਸਭ ਕੁੱਝ ਕੁਦਰਤੀ ਅਸੂਲਾਂ / ਨਿਯਮਾਂ ਜਿਵੇਂ ਗਰੂਤਾ ਖਿੱਚ ਕਾਰਨ ਹੋਂਦ ਵਿੱਚ ਆਇਆ।

ਸੋ ਗ੍ਰਹਿਆਂ ਦੀ ਪੁਲਾੜੀ-ਧੂੜ ਅਤੇ ਗੈਸੀ-ਕਣਾਂ ਤੋਂ ਉਤਪਤੀ ਦੀ ਇਸ ਥਿਊਰੀ ਨੂੰ ਮੰਨਦੇ ਹੋਏ ਡੱਚ-ਅਮਰੀਕਨ ਤਾਰਾ ਵਿਗਿਆਨੀ "ਜੈਰਾਰਡ ਕੂਪਰ" ਨੇ 1950

ਵਿੱਚ ਸੁਝਾਅ ਦਿੱਤਾ ਕਿ ਪਲੂਟੋ ਤੋਂ ਦੂਰ ਝੱਖ- ਬਰਫ਼ੀਲੀਆਂ




ਮਿ. ਜੇਰਾਰਡ ਕੂਪਰ

ਵਸਤੂਆਂ ਦੀ ਇੱਕ ਨਰਸਰੀ-ਪੱਟੀ ਹੈ, ਇਹ ਵੀ ਸੂਰਜ ਦੁਆਲੇ ਇੱਕ ਪਲੇਟ/ਤਸ਼ਤਰੀ ਦੇ ਆਕਾਰ ਵਿੱਚ ਘੁੰਮ ਰਹੀ ਹੈ। ਬਸ ਫਿਰ ਕੀ ਸੀ, ਸੈਂਕੜੇ ਤਾਰਾ-ਵਿਗਿਆਨੀਆਂ ਦੀ ਸਖ਼ਤ ਘਾਲਣਾ ਸਦਕਾ ਪਲੂਟੋ ਦੇ ਪੰਧ ਦੇ ਨੇੜੇ ਕੁੱਝ ਵਸਤੂਆਂ ਨੂੰ ਲੱਭਿਆ ਗਿਆ --- ਸਿੱਟਾ ਇਹ ਸਾਹਮਣੇ ਆਇਆ ਕਿ ਪਲੂਟੋ ਆਪਣੇ ਗ੍ਰਹਿ ਪੱਥ ਉੱਪਰ ਇਕੱਲਾ ਨਹੀਂ ਘੁੰਮ ਰਿਹਾ, ਸਗੋਂ ਇਸ ਨਾਲ ਹੋਰ ਵਸਤੂਆਂ ਵੀ ਘੁੰਮ ਰਹੀਆਂ ਹਨ। ਭਾਵ ਕਿ ਇਸਨੇ ਆਪਣੇ ਗ੍ਰਹਿ ਪੰਧ ਨੂੰ ਪੂਰੀ ਤਰ੍ਹਾਂ ਸਾਫ਼ ਨਹੀਂ ਕੀਤਾ ਇਸ ਲਈ ਇਹ ਪੂਰਨ ਰੂਪ ਵਿੱਚ ਗ੍ਰਹਿ ਨਹੀਂ ਹੈ। ਪ੍ਰੰਤੂ ਇਹ ਵਸਤਾਂ ਇੱਕ ਚੌੜੀ ਪੱਟੀ 'ਚ ਘੁੰਮਦੀਆਂ ਹਨ।

ਸਾਥੀਓ , ਪਲੂਟੋ ਤੋਂ ਧਿਆਨ ਨਾਲ ਵੇਖੋ , ਪੁਲਾੜ ਦੇ ਹਨੇਰੇ ਵਿੱਚ ਜੁਗਨੂੰਆਂ ਵਾਂਗ ਚਮਕਦੇ ਔਹ ਪੁਲਾੜੀ ਪਿੰਡ। ਇਹ ਪਲੂਟੋ ਵਰਗੇ ਪੁਲਾੜੀ ਪਿੰਡ ਹਨ। ਇਹੋ ਹਨ ਕੂਪਰ ਪੱਟੀ ਦੇ ਹੋਰ ਮੈਂਬਰ.. ਆਓ ਇਹਨਾਂ ਵੱਲ ਇੱਕ ਝਾਤ ਮਾਰ ਲਈਏ।

ਪਲੂਟੋ ਸੂਰਜ ਤੋਂ 30 ਤੋਂ 40 ਖਗੋਲੀ ਇਕਾਈਆਂ ਦੂਰੀ ਉਪਰ ਘੁੰਮਦਾ ਹੈ। ਸਾਥੀਓ, ਤੁਹਾਡੀ ਯਾਦ ਤਾਜ਼ਾ ਕਰਵਾ ਦੇਵਾਂ - ਸੂਰਜ ਤੋਂ ਪ੍ਰਿਥਵੀ ਦੀ ਦੂਰੀ ਨੂੰ ਇਕ ਖਗੋਲੀ ਇਕਾਈ ਕਿਹਾ ਜਾਂਦਾ ਹੈ, ਭਾਵ ਪਲੂਟੋ ਸੂਰਜ ਅਤੇ ਪ੍ਰਿਥਵੀ ਵਿਚਕਾਰ ਔਸਤ ਦੂਰੀ ਤੋਂ 30 - 40 ਗੁਣਾ ਦੂਰੀ ਉਪਰ ਘੁੰਮ ਰਿਹਾ ਹੈ। ਜਿਹੜੀ ਕਿ ਸੂਰਜ ਤੋਂ 30 ਖਗੋਲੀ ਇਕਾਈਆਂ ਤੋਂ ਲੈ ਕੇ 100 ਖਗੋਲੀ ਇਕਈਆਂ ਤੱਕ ਸਥਿਤ ਹੈ। ਪਲੂਟੋ ਨਾਲ ਘੁੰਮਦੇ ਛੋਟੇ ਵੱਡੇ ਪੁਲਾੜੀ ਪਿੰਡਾਂ ਦੀ ਪੱਟੀ ਦਾ ਨਾਮ ਹੈ ... "ਕੂਪਰ (ਕਾਈਪਰ) ਪੱਟੀ"। ਸੋ ਇਸ ਵਿੱਚ ਘੁੰਮਦੇ ਪਿੰਡਾਂ ਦਾ ਨਾਮ ਹੈ, "ਕੂਪਰ ਪੱਟੀ ਵਸਤੂਆਂ" ਭਾਵ (Kuiper Belt Objects-KBOs) ... ਇਸ ਨੂੰ "ਐੱਜਵਰਥ-ਕੂਪਰ-ਪੱਟੀ" ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕਿਉਂਕਿ ਕੂਪਰ ਤੋਂ ਪਹਿਲਾਂ 1930 ਵਿੱਚ "ਫਰੇਡ੍ਰਿਕ ਲੀਓਨਾਰਡ" ਅਤੇ 1940 ਵਿੱਚ "ਕੈਨੇਥ




ਐੱਜਵਰਥ" ਨੇ ਅਜਿਹੀ ਪੱਟੀ ਹੋਣ ਬਾਰੇ ਅੰਦਾਜਾ ਲਗਾਇਆ ਸੀ।

ਸੋ ਪਲੂਟੋ ਦੇ ਇਰਦ-ਗਿਰਦ ਘੁੰਮਦੇ ਤਾਂ ਅਸੀਂ ਪਹਿਲਾਂ ਹੀ ਕੂਪਰ ਪੱਟੀ ਵਿਚ ਪਹੁੰਚ ਚੁੱਕੇ ਹਾਂ। ਕੂਪਰ ਪੱਟੀ ਦੇ ਇਹਨਾਂ ਮੈਂਬਰਾਂ ਨੂੰ ਪੁਲਾੜੀ ਬੱਦਲ ਵਿੱਚੋਂ ਬਣੇ 'ਮੁੱਢਲੇ ਜਾਂ ਮੂਲ ਗ੍ਰਹਿ ਅਣੂ' ਮੰਨਿਆ ਗਿਆ ਹੈ। ਪ੍ਰੰਤੂ ਬਾਕੀ ਸਾਰੇ ਗ੍ਰਹਿ 'ਮੂਲ-ਗ੍ਰਹਿ ਪਲੇਟ' ਵਿੱਚ 'ਸੈਕੰਡਰੀ ਸੰਜੋਯਨ' ਜਾਂ 'ਇੱਕ ਦੂਜੇ ਵਿੱਚ ਸਮਾ ਜਾਣ ਦੀ ਪ੍ਰਕਿਰਿਆ' ਕਾਰਨ ਬਣੇ ਹਨ। ਇਹਨਾਂ ਗ੍ਰਹਿਆਂ ਨੇ ਆਪਣੇ ਗ੍ਰਹਿ-ਪੱਥ ਨੂੰ ਸਾਫ਼ ਕਰ ਲਿਆ ਅਤੇ ਹੁਣ ਇਹਨਾਂ 8 ਗ੍ਰਹਿਆਂ ਦੇ ਗ੍ਰਹਿ-ਪੱਥ ਇੱਕ ਦੂਜੇ ਨੂੰ ਕੱਟਦੇ ਵੀ ਨਹੀਂ।

ਕੂਪਰ ਪੱਟੀ ਵਿੱਚ ਬਹੁਤ ਹੀ ਵਾਸ਼ਪਸ਼ੀਲ ਗੈਸਾਂ ਹਨ; ਜਿਹੜੀਆਂ ਧਰਤੀ ਉਪਰ ਗੈਸ ਰੂਪ ਵਿੱਚ ਹੀ ਮਿਲਦੀਆਂ ਹਨ, ਜਿਵੇਂ ਮੀਥੇਨ, ਅਮੋਨੀਆ, ਨਾਈਟਰੋਜਨ ਅਦਿ ਪਰ ਤੁਸੀਂ ਹੈਰਾਨ ਨਾ ਹੋਣਾ ਕਿ ਇਹ ਸਾਰੀਆਂ ਕੂਪਰ-ਪੱਟੀ ਦੇ ਝੱਖ ਠੰਡੇ ਤਾਪਮਾਨ ਵਿੱਚ ਠੋਸ ਰੂਪ 'ਚ ਮਿਲਦੀਆਂ ਹਨ। ਸੋ ਸੂਰਜ ਦੇ ਮੰਡਲ ਵਿੱਚ ਉਹ ਥਾਵਾਂ ਜਿੱਥੇ ਗੈਸ਼ਾਂ ਵੀ ਜੰਮੀਆਂ ਹੋਣ ਉੱਥੇ ਜੀਵਨ ਦੀ ਸੰਭਾਵਨਾ ਜੀਰੋ ਹੋ ਸਕਦੀ ਹੈ। ਫਿਰ ਕਮਾਈਆਂ ਕਰਨ ਵਾਲੇ ਟੈਲੀਵਿਜ਼ਨ ਚੈਨਲ ਕਿਵੇਂ 'ਏਲੀਅਨਜ਼' ਦੀਆਂ ਭਵਿੱਖਬਾਣੀਆਂ ਕਰੀ ਜਾਂਦੇ ਨੇ। ਇਹ ਸਭ ਕੁੱਝ ਸਮਝਣ ਦੀ ਸਖ਼ਤ ਜਰੂਰਤ ਹੈ। ਗਿਆਨ ਬਾਝੋਂ ਲੋਕਾਂ ਨੂੰ ਭਰਮਾਉਣਾ ਬਹੁਤ ਹੀ ਆਸਾਨ ਹੋ ਜਾਂਦਾ ਹੈ ਅਤੇ ਇੰਝ ਇਹ ਚੈਨਲ ਇੱਕ ਘੰਟੇ ਵਿੱਚ ਹੀ ਕਰੋੜਾਂ ਰੁਪਏ ਕਮਾਈ ਕਰ ਜਾਂਦੇ ਹਨ।

ਸਾਥੀਓ, ਸੰਨ-1992 ਵਿੱਚ 'ਡੇਵਿਡ ਜਿਊਇਟ

ਅਤੇ ਜੈਨੇ ਲੂ' ਦੁਆਰਾ ਪਹਿਲੀ KBO ਲੱਭੀ ਗਈ ਜਿਸ ਦਾ ਨਾਮ ਰੱਖਿਆ QB-1 ...ਫੇਰ ਇੱਕ ਬਰਫੀਲੀ ਲਾਲ ਭਾਅ ਮਾਰਦੀ KBO ਲੱਭੀ ਗਈ... ਜਿਸ ਦਾ ਨਾਮ 2001KX76 ਰੱਖਿਆ। ਇਸ ਦਾ ਵਿਆਸ ਹਜ਼ਾਰਾਂ ਕਿਲੋਮੀਟਰ ਹੈ ਅਤੇ ਜਲਦੀ ਹੀ ਪਲੂਟੋ ਦੇ ਖੇਤਰ ਵਿੱਚ ਹੋਰ KBO ਲੱਭ ਲਈਆਂ ਗਈਆਂ। ਇਹ ਸਾਰੇ ਕੂਪਰ ਪੱਟੀ ਦੇ ਪਿੰਡ ਹਨ। ਫਿਰ ਤਾਂ ਉਹ ਗੱਲ ਹੋ ਗਈ, "ਦੋ ਦੀ ਦੋਸਤੀ, ਤੀਜੇ ਨਾਲ ਭੀੜ"। ਮਤਲਬ ਇਹ ਕਿ ਕੁੱਝ ਲੋਕਾਂ ਨੇ ਮੰਨ ਲਿਆ ਕਿ 'ਗ੍ਰਹਿਆਂ' ਦੀ ਗਿਣਤੀ ਵੱਧਣ ਲੱਗ ਪਈ। ਵਰੁਣ, ਏਰਿਸ ਅਤੇ ਹੋਰ ਬੌਨੇ ਗ੍ਰਹਿਆਂ ਨੂੰ



ਲੱਭ ਲਿਆ ਗਿਆ।

ਦੋਸਤੋ, ਗ੍ਰਹਿਆਂ ਦੀ ਗਿਣਤੀ ਨਹੀਂ ਸਗੋ 'ਪੁਲਾੜੀ ਪਿੰਡਾਂ' ਦੀ ਗਿਣਤੀ ਵੱਧਣ ਲੱਗੀ। ਸੰਨ 2002 ਵਿੱਚ "ਕੁਆਓਰ" ਪੁਲਾੜੀ ਪਿੰਡ ਲੱਭਿਆ ਗਿਆ। ਜਿਸ ਦਾ ਵਿਆਸ 1280 ਕਿਲੋ ਮੀਟਰ ਹੈ। ਇਹ ਸੂਰਜ ਤੋਂ ਲੱਗਭੱਗ 43 ਖਗੋਲੀ ਇਕਾਈਆਂ ਦੀ ਦੂਰੀ ਉਪਰ ਚੱਕਰ ਕੱਢ ਰਿਹਾ ਹੈ। ਫਿਰ "ਓਰਕਸ" ਸਾਇਦ ਇਹ ਪਲੂਟੋ ਤੋਂ ਵੀ ਵੱਡਾ ਹੈ। ਉਸ ਤੋਂ ਬਾਅਦ ਪਲੂਟੋ ਵਰਗੇ ਤਾਂ ਹੋਰ ਕਿੰਨੇ ਹੀ ਗ੍ਰਹਿ-ਪਿੰਡ ਲੱਭ ਲਏ। ਐਰਿਸ, ਸਭ ਤੋਂ ਵੱਡਾ ਬੌਨਾ ਗ੍ਰਹਿ ਹੈ ਅਤੇ ਇਹ ਸੂਰਜ ਤੋਂ ਲੱਗਭੱਗ 68 ਖਗੋਲੀ ਇਕਾਈਆਂ ਦੀ ਦੂਰੀ ਉਪਰ ਚੱਕਰ ਕੱਢ ਰਿਹਾ ਹੈ।

ਕੈਲੇਫੋਰਨੀਆ ਯੂਨੀਵਰਸਿਟੀ ਦੇ ਵਿਗਿਆਨੀ 'ਮਾਈਕ ਬਰਾਊਨ' ਨੇ ਸੰਨ-2004 'ਚ 1800 ਕਿ.ਮੀ. ਵਿਆਸ ਵਾਲੇ "ਸੇਧਨਾ" KBO ਦੀ ਖੋਜ ਕੀਤੀ ਅਤੇ ਇਹ ਪਲੂਟੋ ਦੇ 2320 ਕਿ. ਵਿਆਸ ਦੇ ਲੱਗਭੱਗ ਨੇੜੇ ਦਾ ਹੀ ਹੈ ਅਤੇ ਇਹ ਸੂਰਜ ਦੁਆਲੇ ਲੱਗਭੱਗ 10,500 ਸਾਲਾਂ ਵਿਚ ਇੱਕ ਚੱਕਰ ਲਗਾਂਉਂਦਾ ਹੈ!!! ਇਸ ਦਾ ਸੂਰਜ ਦੁਆਲੇ ਪੱਥ ਬਹੁਤ ਹੀ ਅੰਡਾਕਾਰ ਹੈ।

ਦੋਸਤੋ, ਸਾਡੀਆਂ ਕੁੱਝ ਕੁ ਭਾਰਤੀ ਪੁਰਾਤਨ ਖੋਜ਼ਾਂ ਬਾਰੇ ਵੀ ਗੱਲ ਕਰ ਲਈਏ। ਅਸੀਂ ਆਪਣੇ ਭਾਰਤੀ ਵੇਦਾਂ ਅਤੇ ਪੁਰਾਣਾਂ ਵਰਗੇ ਖੋਜ਼ ਸਾਹਿਤ ਦੀ ਉਦਾਹਰਣ ਦਿੰਦੇ ਹਾਂ ਕਿ ਸਾਡੀ ਵਿਗਿਆਨ ਸਾਰੀ ਦੁਨੀਆਂ ਤੋਂ ਅੱਗੇ ਸੀ ਜਾਂ ਹੈ। ਪਰ ਅਜਿਹਾ ਨਹੀਂ ਹੈ ... ਸਬੂਤ ਵਜੋਂ ਇਹ ਤੱਥ ਸਾਡੇ ਸਾਹਮਣੇ ਹੈ ਕਿ ਜੋਤਿਸ਼ ਵਿੱਚ ਸ਼ਨੀ ਗ੍ਰਹਿ ਤੋਂ ਅੱਗੇ ਕੋਈ ਜਾਣਕਾਰੀ ਹੀ ਦਰਜ਼ ਨਹੀਂ ਹੈ। ਸੋ ਜੋਤਿਸ਼ ਅਨੁਸਾਰ ਗ੍ਰਹਿ ਤਾਂ ਪੰਜ ਸੱਤ ਹੀ ਨਹੀਂ ਜਿਉਣ ਦਿੰਦੇ। ਹੁਣ ਇੰਨੀ ਲੰਬੀ ਲਾਈਨ!!! ਕੀ ਬਣੇਗਾ ਸਾਰੀ ਦੁਨੀਆਂ ਦਾ। ਦੋਸਤੋ, ਹੁਣ ਤੱਕ ਪਲੂਟੋ ਵਰਗੇ 783 ਹੋਰ ਪੁਲਾੜੀ ਪਿੰਡਾਂ ਨੂੰ ਖੋਜ ਲਿਆ ਗਿਆ ਹੈ। ਸਾਡੀ ਪ੍ਰਿਥਵੀ ਦਾ ਸਾਲ ਤਾਂ 365 ਦਿਨਾਂ ਦਾ ਹੀ ਹੈ। ਇਹ 8 ਗ੍ਰਹਿ+ 783 ਕੇ.ਬੀ.ਓ. 'ਦੁਸ਼ਟਾਂ' ਦੇ ਹਿੱਸੇ ਤਾਂ ਇੱਕ-ਇੱਕ ਦਿਨ ਵੀ ਨਹੀਂ ਆਇਆ। ਹੁਣ ਕੀ ਕਰੇਗਾ ਜੋਤਿਸ਼? ਕਿਵੇਂ ਬਿਠਾਏਗਾ ਫਿੱਟ ਇਹਨਾਂ 'ਦੁਸ਼ਟਾਂ' ਦੇ ਕਾਰਨਾਮਿਆਂ ਨੂੰ ਸਾਡੀ ਜ਼ਿੰਦਗੀ ਵਿੱਚ? ਸੋ ਸਿੱਟੇ ਤੁਹਾਡੇ ਸਾਹਮਣੇ ਹਨ... ਫ਼ੈਸਲਾ ਤੁਸੀਂ ਆਪ ਕਰਨਾ ਹੈ ਕਿ ਜੋਤਿਸ਼ ਵਿਗਿਆਨ ਹੈ ਜਾਂ ਨਹੀਂ? ਕੀ ਇਸਦੀਆਂ ਜ਼ੰਤਰੀਆਂ ਅਨੁਸਾਰ ਬਹੁਤ ਦੂਰ ਪੁਲਾੜੀ-ਪਿੰਡਾਂ ਦਾ ਸਾਡੇ ਉਪਰ ਕੋਈ ਅਸਰ ਹੈ ਜਾਂ ਨਹੀਂ?

ਸਾਥੀਓ, ਸਾਰੇ ਗ੍ਰਹਿ ਅੱਜ ਦੀ ਬਣਤਰ ਤੋਂ ਪਹਿਲਾਂ ਪੁਲਾੜੀ ਕਣਾਂ ਦੀਆਂ ਪੱਟੀਆਂ ਹੀ ਸਨ ਪਰ ਇਹਨਾਂ ਵਿਚੋਂ ਵੱਡੇ ਟੁਕੜੇ ਨੇ ਸਾਰੀ ਪੱਟੀ ਦੇ ਕਣਾਂ ਅਤੇ ਹੋਰ ਛੋਟੇ- ਛੋਟੇ ਪੁਲਾੜੀ ਪਿੰਡਾਂ ਨੂੰ ਆਪਣੇ ਵਿੱਚ ਸਮਾ ਲਿਆ ਭਾਵ ਆਪਣਾ ਰਸਤਾ ਸਾਫ਼ ਕਰ ਲਿਆ ਅਤੇ ਸੂਰਜ ਦੁਆਲੇ ਚੱਕਰ ਕੱਢਦੇ ਗ੍ਰਹਿ ਬਣ ਗਏ। ਹੁਣ ਤੁਹਾਨੂੰ ਇਹ ਜਿਗਿਆਸਾ ਤੰਗ ਕਰ ਰਹੀ ਹੋਵੇਗੀ ਕਿ ਆਖਰ 'ਕੂਪਰ-ਪੱਟੀ' ਦਾ ਕੀ ਬਣੇਗਾ ? ਇੱਕ ਅਧਿਐਨ ਅਨੁਸਾਰ ਕੂਪਰ ਪੱਟੀ ਦੇ ਸਾਰੇ ਪੁਲਾੜੀ ਕਣ, ਬੌਨੇ ਗ੍ਰਹਿ ਆਦਿ ਸ਼ਾਇਦ ਪਲੂਟੋ ਵਿੱਚ ਸਮਾ ਜਾਣ ਅਤੇ ਇੱਕ ਵੱਡ ਅਕਾਰੀ ਨੌਵਾਂ ਗ੍ਰਹਿ ਬਣ ਜਾਵੇ... ਪਰ ਕਾਹਲੀ ਨਾਲ ਜਾਂ ਇੰਨੀ ਜਲਦੀ ਨਹੀਂ

ਇਹ ਸਭ ਕੁੱਝ ਵਾਪਰਨ ਲੱਗਾ ... ਇਸਨੂੰ ਕਈ ਕਰੋੜ ਸਾਲ ਲੱਗ ਜਾਣਗੇ। ਘੱਟ ਤੋਂ ਘੱਟ ਸਾਡੀ ਉਮਰ ਵਿੱਚ ਤਾਂ ਇਹ ਸਭ ਕੁੱਝ ਸੰਭਵ ਨਹੀਂ। ਬ੍ਰਹਿਮੰਡ ਦਿਨਾਂ, ਮਹੀਨਿਆਂ ਜਾਂ ਸੈਂਕੜੇ ਸਾਲਾਂ ਵਿੱਚ ਬਦਲਣ ਵਾਲਾ ਵਰਤਾਰਾ ਨਹੀਂ ਸਗੋਂ ਇਹ ਤਾਂ ਕਰੋੜਾਂ ਸਾਲਾਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਜਾਂ ਵਰਤਾਰੇ ਹਨ।

ਆਓ ਦੋਸਤੋ, 'ਹੱਬਲ' ਦੂਰਬੀਨ ਜਿਹੜੀ ਕਿ ਸਾਡੀ ਪ੍ਰਿਥਵੀ ਦੇ ਦੁਆਲੇ ਘੁੰਮਦੀ ਹੈ ਉਸ ਵਲੋਂ ਇਕੱਠੇ ਕੀਤੇ ਕੁੱਝ ਨੁਕਤਿਆਂ ਉਪਰ ਵੀ ਨਜ਼ਰ ਮਾਰ ਲਈਏ। ਇਸ ਦੂਰਬੀਨ ਨੇ ਦੋ ਹੋਰ ਤਾਰਿਆਂ ਉਪਰ ਕੂਪਰ-ਪੱਟੀ ਵਰਗੀਆਂ ਪੱਟੀਆਂ ਨੂੰ ਲੱਭਿਆ ਹੈ ਜਿਵੇਂ ਕਿ ਤਾਰਾ.. ਜਿਸਨੂੰ ਕਿ HD138664 ਦਾ ਨਾਮ ਦਿੱਤਾ ਗਿਆ ਹੈ 'ਲੂਪਸ ਤਾਰਾ-ਸਮੂਹ' ਵਿੱਚ ਸਥਿੱਤ ਹੈ ਅਤੇ ਦੂਜਾ ਤਾਰਾ ਜਿਸਨੂੰ HD53143 ਦਾ ਨਾਮ ਦਿੱਤਾ ਗਿਆ ਹੈ ਇਹ 'ਕੈਰੀਨਾਂ ਤਾਰਾ-ਸਮੂਹ' ਵਿੱਚ ਸਥਿੱਤ ਹੈ। ਇਹਨਾਂ ਪੱਟੀਆਂ ਦੀ ਹੋਂਦ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੇ ਸੂਰਜ ਨੂੰ ਛੱਡ ਕੇ ਹੋਰ ਵੀ ਕਈ ਅਜਿਹੇ ਤਾਰੇ ਹਨ ਜਿਹਨਾਂ ਦੇ ਇਰਦ-ਗਿਰਦ ਉਹਨਾਂ ਦੇ ਪਰਿਵਾਰ ਹਨ।

ਦੋਸਤੋ, ਕੂਪਰ-ਪੱਟੀ ਤੋਂ ਅੱਗੇ ਕੀ ਹੈ ?.... ਜਾਣਨ ਲਈ ਸਾਡੇ ਨਾਲ ਯਾਤਰਾ ਕਰਦੇ ਰਹਿਣਾ। ਕੋਈ ਸਵਾਲ ਹੋਵੇ ਤਾਂ ਅਦਾਰਾ ਤਰਕਸ਼ੀਲ ਰਾਹੀਂ ਪੁੱਛ ਸਕਦੇ ਹੋ ਜਾਂ ਸਿੱਧਾ ਰਾਬਤਾ ਵੀ ਕਾਇਮ ਕਰ ਸਕਦੇ ਹੋ ....(ਚਲਦਾ)

94634-89789

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸੰਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ। ਇਹ ਹਾਲ 300 ਕੁਰਸੀਆਂ ਦਾ ਹੋਵੇਗਾ। ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ। ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ। ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ। ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰਬਰ 0044000100282234 (IFS Code : PUNB0004400) ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ।

ਵੱਲੋਂ : ਸੂਬਾ ਕਮੇਟੀ

ਧੋਖੇਬਾਜ਼-ਪਾਖੰਡੀ ਤਾਂਤਰਕ ਮੁਹੰਮਦ ਅਸ਼ਰਫੀ ਨੂੰ 9 ਸਾਲ ਦੀ ਸ਼ਜਾ

19 ਫਰਵਰੀ ਨੂੰ ਪਿਛਲੇ 3 ਹਫਤਿਆਂ ਤੋਂ ਮੁਹੰਮਦ ਅਸ਼ਰਫੀ ਖਿਲਾਫ ਚੱਲ ਰਹੇ ਕੇਸ ਵਿੱਚ ਉਸਨੂੰ ਧੋਖੇਬਾਜੀ ਦੇ ਦੋਸ਼ ਅਤੇ ਬਲੈਕਮੇਲ ਕਰਨ ਦੇ ਦੋਸ਼ ਵਿੱਚ 9 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਉਹ ਆਪਣਾ ਨਾਮ ਕਮਲ ਜੀ ਰੱਖ ਕੇ ਲੈਸਟਰ ਵਿੱਚ ਰਹਿ ਰਿਹਾ ਸੀ। 50 ਸਾਲ ਦਾ ਮੁਹੰਮਦ ਅਸ਼ਰਫੀ ਤੇ 18 ਵਿਅਕਤੀਆਂ ਪਾਸੋਂ 6,50,000 ਪੌਂਡ ਧੋਖੇਬਾਜੀ ਨਾਲ ਲੁੱਟਣ ਦਾ ਦੋਸ਼ ਹੈ। ਉਹ ਲੋਕਾਂ ਨੂੰ ਵੱਖ ਵੱਖ ਟ੍ਰਿਕ ਵਿਖਾ ਕੇ ਦੈਵੀ ਸ਼ਕਤੀ ਨਾਲ ਉਨ੍ਹਾਂ ਦੇ ਕੰਮ ਕਰਾਉਣ ਦਾ ਦਾਅਵਾ ਕਰਦਾ ਸੀ। ਪਿਛਲੇ ਸਾਲ ਮਾਰਚ ਵਿੱਚ 18 ਲੋਕਾਂ ਨੇ ਉਸ ਖਿਲਾਫ਼ ਸ਼ਿਕਾਇਤ ਕੀਤੀ। ਜਿੰਨ੍ਹਾਂ ਨੂੰ ਉਸਨੇ ਵੱਖੋ-ਵੱਖਰੇ ਢੰਗਾਂ ਨਾਲ ਲੁੱਟਿਆ ਸੀ, ਪੁਲਿਸ ਨੇ ਉਸਨੂੰ ਲੰਡਨ ਦੇ ਇੱਕ ਘਰ ਵਿੱਚੋਂ ਫੜਿਆ, ਜਿੱਥੇ ਉਹ ਆਪਣਾ ਨਾਮ ਕ੍ਰਿਸ਼ਨਾ ਜੀ ਦੱਸ ਕੇ ਲੋਕਾਂ ਨੂੰ ਠੱਗਣ ਦਾ ਕੰਮ ਕਰ ਰਿਹਾ ਸੀ। ਲੈਸਟਰ ਆਉਣ ਤੋਂ ਪਹਿਲਾਂ ਉਹ ਬਾਬਾ ਰੌਣਕੀ ਦੇ ਨਾਮ ਹੇਠ ਗੈਬੀ ਸ਼ਕਤੀਆਂ ਦੀ ਆੜ ਵਿੱਚ ਲੋਕਾਂ ਨੂੰ ਲੁੱਟਦਾ ਰਿਹਾ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਦੱਸਿਆ ਕਿ ਉਹ 1997 ਤੋਂ ਇੰਨ੍ਹਾਂ ਪਾਖੰਡੀ ਬਾਬਿਆਂ ਅਤੇ ਤਾਂਤਰਿਕਾਂ ਖਿਲਾਫ਼ ਮੁਹਿੰਮ ਚਲਾ ਰਹੇ ਹਨ। ਉਹਨਾਂ ਨੇ ਕਈ ਪਬਲਿਕ ਮੀਟਿੰਗਾਂ ਵੀ ਕੀਤੀਆਂ ਹਨ ਅਤੇ ਰੇਡੀਓ ਡਿਬੇਟ ਵੀ ਕੀਤੇ ਹਨ।

ਸਲਾਨਾ ਡੈਲੀਗੇਟ ਇਜਲਾਸ

ਰਾਮ ਸਵਰਨ ਲੱਖੇਵਾਲੀ

ਸਮਾਜ ਵਿੱਚੋਂ ਅੰਧਵਿਸ਼ਵਾਸਾਂ ਦਾ ਕੂੜ ਪਾਸਾਰ ਖਤਮ ਕਰਕੇ ਵਿਗਿਆਨਕ ਚੇਤਨਾ ਦੇ ਪਾਸਾਰ ਵਿੱਚ ਜੁਟੀ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦਾ ਸਾਲਾਨਾ ਸੂਬਾਈ ਡੈਲੀਗੇਟ ਇਜਲਾਸ ਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ 2 ਅਪ੍ਰੈਲ 2015 ਨੂੰ ਹੋਇਆ। ਜਿਸ ਵਿੱਚ ਰਾਜ ਭਰ ਤੋਂ 75 ਤਰਕਸ਼ੀਲ ਇਕਾਈਆਂ ਦੇ 161 ਡੈਲੀਗੇਟਾਂ ਤੇ 22 ਦਰਸ਼ਕਾਂ ਨੇ ਸ਼ਮੂਲੀਅਤ ਕੀਤੀ। ਇਜਲਾਸ ਦੇ ਪਹਿਲੇ ਸੈਸ਼ਨ 'ਚ 10 ਵਿਭਾਗਾਂ ਦੇ ਮੁਖੀਆਂ ਨੇ ਬੀਤੇ ਦੋ ਸਾਲਾਂ ਦੇ ਸੈਸ਼ਨ ਦੌਰਾਨ ਆਪੋ-ਆਪਣੇ ਵਿਭਾਗ ਦੀਆਂ ਸਰਗਰਮੀਆਂ ਦਾ ਲੇਖਾ ਜੋਖਾ ਡੈਲੀਗੇਟਾਂ ਸਾਹਮਣੇ ਰੱਖਿਆ। ਇਸ ਸੈਸ਼ਨ ਵਿੱਚ ਰਿਪੋਰਟਾਂ 'ਤੇ ਹੋਈ ਭਾਵਪੂਰਤ ਚਰਚਾ ਵਿੱਚ ਤਰਲੋਚਨ ਸਿੰਘ ਗੁਰਦਾਸਪੁਰ, ਅਜੀਤ ਪ੍ਰਦੇਸੀ, ਅਸ਼ੋਕ ਨੰਦਨ, ਮਾਸਟਰ ਪਰਮ ਵੇਦ, ਗੁਰਪ੍ਰੀਤ ਸ਼ਹਿਣਾ, ਰਾਮ ਸਿੰਘ ਨਿਰਮਾਣ, ਵਿਜੇ ਰਾਹੀ, ਵਰਿੰਦਰ ਕੁਮਾਰ, ਰਾਜਵੰਤ ਬਾਗੜੀਆਂ, ਅੰਮ੍ਰਿਤ ਰਿਸ਼ੀ, ਮਾ. ਤਰਲੋਚਨ, ਸ਼ਮਸ਼ੇਰ ਸਿੰਘ, ਗੁਰਮੀਤ ਖਰੜ, ਵਰਿੰਦਰ ਕੌਰ ਪਨੂੰ, ਜਰਨੈਲ ਕ੍ਰਾਂਤੀ, ਲਖਵਿੰਦਰ ਸ਼ਰੀਂਹ ਵਾਲਾ, ਰਣਜੀਤ ਮੋਠਾਂਵਾਲੀ, ਮੁਖਤਿਆਰ ਸਿੰਘ ਗੋਪਾਲਪੁਰਾ, ਲਾਭ ਸਿੰਘ ਛਾਜਲਾ, ਪ੍ਰੋ. ਅਵਤਾਰਦੀਪ ਤੇ ਗਿਆਨ ਸਿੰਘ ਬਠਿੰਡਾ ਨੇ ਹਿੱਸਾ ਲਿਆ ਤੇ ਮਹੱਤਵਪੂਰਨ ਮੁੱਦੇ ਡੈਲੀਗੇਟਾਂ ਨਾਲ ਸਾਂਝੇ ਕੀਤੇ। ਤਰਕਸ਼ੀਲ ਡੈਲੀਗੇਟਾਂ ਨੇ ਵੱਖ ਵੱਖ ਵਿਭਾਗਾਂ ਦੀ ਕਾਰਗੁਜਾਰੀ ਤੇ ਟਿੱਪਣੀ ਕਰਦਿਆਂ ਤਰਕਸ਼ੀਲ ਸਾਹਿਤ ਵੈਨ ਦੀ ਸਫਲਤਾ ਤੇ ਸਾਹਿਤ ਨਾਲ ਲੋਕਾਂ ਨੂੰ ਜੋੜਨ ਲਈ ਜੁਟਾਏ ਸੁਹਿਰਦ ਯਤਨਾਂ ਦੀ ਭਰਵੀ ਪ੍ਰਸ਼ੰਸਾ ਕੀਤਾ। ਡੈਲੀਗੇਟਾਂ ਵੱਲੋਂ ਉਠਾਏ ਗਏ ਸਵਾਲਾਂ ਤੇ ਕੀਤੀਆਂ ਟਿੱਪਣੀਆਂ ਦਾ ਜਵਾਬ ਵਿਭਾਗ ਮੁਖੀਆਂ ਨੇ ਦਿੱਤਾ। ਇਜਲਾਸ ਦੇ ਦੂਸਰੇ ਸੈਸ਼ਨ ਵਿੱਚ ਸੰਵਿਧਾਨਕ ਸੋਧਾਂ ਦੇ ਮੁੱਦੇ 'ਤੇ ਚਰਚਾ ਕੀਤੀ ਗਈ। ਜਿਸ ਵਿੱਚ ਜੁਝਾਰ ਲੌਂਗੋਵਾਲ, ਬਲਵਿੰਦਰ ਬਰਨਾਲਾ ਤੇ ਰਾਜਵੰਤ ਬਾਗੜੀਆਂ ਨੇ ਚਰਚਾ ਵਿੱਚ ਭਾਗ ਲਿਆ। ਜਿਸ ਵਿੱਚ ਮੈਂਬਰਸ਼ਿੱਪ ਫੀਸ 50 ਰੁ. ਤੋਂ 100 ਰੁ. ਕਰਨ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਤੀਸਰੇ ਸੈਸ਼ਨ ਵਿੱਚ ਕਾਰਜ ਵਿਉਂਤ ਦੇ ਅਹਿਮ ਮੁੱਦੇ 'ਤੇ ਚਰਚਾ ਛੇੜੀ ਗਈ। ਜਿਸ ਵਿੱਚ ਆਉਣ ਵਾਲੇ ਸੈਸ਼ਨ ਲਈ ਸੁਸਾਇਟੀ ਦੀਆਂ ਸਰਗਰਮੀਆਂ ਨੂੰ ਹੋਰ ਵਧਾਉਣ, ਪੁਸਤਕ ਸਭਿਆਚਾਰ ਲਈ ਤਰਕਸ਼ੀਲ ਸਾਹਿਤ ਵੈਨ ਦੇ ਰੋਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਸੁਸਾਇਟੀ ਦੀ ਜਥੇਬੰਦਕ ਮਜਬੂਤੀ ਲਈ ਨਿਯਮਿਤ ਰੂਪ 'ਚ ਸੈਮੀਨਾਰ ਲਗਾਉਣ ਤੇ ਡੈਲੀਗੇਟਾਂ ਦੇ ਆਏ ਸੁਝਾਵਾਂ 'ਤੇ ਅਮਲ ਕਰਨ ਆਦਿ ਮੁੱਦਿਆਂ 'ਤੇ ਜਸਵੰਤ ਜ਼ੀਰਖ, ਸੁਖਵਿੰਦਰ ਬਾਗ਼ਪੁਰ, ਜੋਗਿੰਦਰ ਕੁੱਲੇਵਾਲ ਨੇ ਚਰਚਾ ਵਿੱਚ ਸ਼ਮੂਲੀਅਤ ਕੀਤੀ। ਡੈਲੀਗੇਟਾਂ ਨੇ ਆਉਂਦੇ ਸੈਸ਼ਨ ਵਿੱਚ ਕਾਰਜ ਵਿਉਂਤ ਨਾਲ ਹੀ ਸਰਗਰਮੀਆਂ ਦੀ ਲੜੀ ਤੋਰਨ ਦੀ ਲੋੜ 'ਤੇ ਜੋਰ ਦਿੱਤਾ।

ਇਜਲਾਸ ਦੇ ਆਖਰੀ ਸੈਸ਼ਨ 'ਚ ਨਵੇਂ ਸੈਸ਼ਨ ਲਈ ਨਵੇਂ ਵਿਭਾਗ ਮੁਖੀਆਂ ਦੀ ਚੋਣ ਕੀਤੀ ਗਈ। ਜਿਸ ਵਿੱਚ ਸਰਵਸੰਮਤੀ ਨਾਲ ਰਾਜਿੰਦਰ ਭਦੌੜ ਨੂੰ ਸੂਬਾ ਜਥੇਬੰਦਕ ਮੁਖੀ ਹੇਮ ਰਾਜ ਸਟੈਨੋ ਨੂੰ ਵਿੱਤ ਵਿਭਾਗ ਮੁਖੀ, ਮਾ. ਤਰਲੋਚਨ ਸਮਰਾਲਾ ਨੂੰ ਸੱਭਿਆਚਾਰਕ ਵਿਭਾਗ ਮੁਖੀ, ਰਾਮ ਸਵਰਨ ਲੱਖੇਵਾਲੀ ਨੂੰ ਮੀਡੀਆ ਵਿਭਾਗ ਮੁਖੀ, ਬਲਵਿੰਦਰ ਬਰਨਾਲਾ ਨੂੰ ਕੌਮੀ ਕੌਮਾਂਤਰੀ ਵਿਭਾਗ ਮੁਖੀ, ਬਲਵੀਰ ਚੰਦ ਲੌਂਗੋਵਾਲ ਨੂੰ ਮੈਗਜ਼ੀਨ ਵਿਭਾਗ ਦਾ ਮੁਖੀ, ਸੁਖਵਿੰਦਰ ਬਾਗ਼ਪੁਰ ਨੂੰ ਪ੍ਰਿੰਟਿੰਗ ਵਿਭਾਗ ਮੁਖੀ ਤੇ ਹਰਿੰਦਰ ਲਾਲੀ ਨੂੰ ਕਾਨੂੰਨ ਵਿਭਾਗ ਦਾ ਮੁਖੀ ਚੁਣਿਆ ਗਿਆ ਜਦਕਿ ਬਹੁਸੰਮਤੀ ਨਾਲ ਭੂਰਾ ਸਿੰਘ ਮਹਿਮਾ ਸਰਜਾ ਨੂੰ ਸਾਹਿਤ ਵਿਭਾਗ ਦਾ ਮੁਖੀ ਤੇ ਚੰਨਣ ਵਾਂਦਰ ਨੂੰ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਦਾ ਮੁਖੀ ਚੁਣਿਆ ਗਿਆ।

ਹਾਜ਼ਰ ਡੈਲੀਗੇਟਾਂ ਨੇ ਸੁਸਾਇਟੀ ਦੀ ਕਾਰਜਕਾਰੀ ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਨਵੀਂ ਚੁਣੀ ਗਈ ਆਗੂ ਟੀਮ ਨੂੰ ਸੱਦਾ ਦਿੱਤਾ ਕਿ ਉਹ ਹੋਰ ਸਰਗਰਮੀ ਨਾਲ ਵਿਗਿਆਨਕ ਦ੍ਰਿਸ਼ਟੀਕੋਣ ਦੇ ਪ੍ਰਚਾਰ ਪਾਸਾਰ ਨਾਲ ਕੰਮ ਕਰਨ ਲਈ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਦੀ ਸੁਚੱਜੀ ਅਗਵਾਈ ਕਰਨ। ਉਨ੍ਹਾਂ ਆਗੂ ਟੀਮ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਅਹਿਦ ਲਿਆ। ਡੈਲੀਗੇਟ ਇਜਲਾਸ ਵਿੱਚ ਸਮੁੱਚੇ ਪ੍ਰਬੰਧਾਂ ਦੀ ਦੇਖ ਰੇਖ ਬਰਨਾਲਾ ਜ਼ੋਨ ਨੇ ਪ੍ਰਧਾਨ ਗੁਰਪ੍ਰੀਤ ਸ਼ਹਿਣਾ ਦੀ ਅਗਵਾਈ 'ਚ ਸਮੁੱਚੇ ਪ੍ਰਬੰਧਾਂ 'ਚ ਮਾਸਟਰ ਗੁਲਵੰਤ ਸਿੰਘ, ਬਲਵੀਰ ਸੰਧੂ ਕਲਾਂ, ਗੁਰਪ੍ਰੀਤ ਭਦੌੜ, ਭੀਮ ਰਾਜ, ਸ਼੍ਰੀਮਤੀ ਹਰਪ੍ਰਕਾਸ਼ ਕੌਰ ਤੇ ਗੁਰਪ੍ਰੀਤ ਖੇੜੀ ਨੇ ਭਰਵਾਂ ਯੋਗਦਾਨ ਪਾਇਆ। ਨਵੀਆਂ ਆਸਾਂ ਤੇ ਪ੍ਰਾਪਤੀਆਂ ਦੀ ਉਮੀਦ ਨਾਲ ਇਜਲਾਸ ਸੰਪੰਨ ਹੋਇਆ।

(**ਸੂਬਾ ਮੀਡੀਆ ਮੁਖੀ**, 95010 06626)

ਯਾਦ ਸਦੀਵੀ

ਸ਼ਹੀਦ ਕਰਤਾਰ ਸਿੰਘ ਸਰਾਭਾ

ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਭਗਤ ਸਿੰਘ ਆਪਣੇ ਕੋਲ ਰਖਦੇ ਸਨ ਤੇ ਕਿਹਾ ਕਰਦੇ ਸਨ ਕਿ 'ਇਹ ਮੇਰਾ ਗੁਰੂ, ਮੇਰਾ ਸਾਥੀ ਤੇ ਭਰਾ ਹੈ।' ਇਹ ਭਾਵਨਾ ਸਰਾਭੇ ਪ੍ਰਤੀ ਸਤਿਕਾਰ ਤੇ ਉਸ ਦੇ ਕਾਰਜ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ। ਬਾਗੀ ਕਰਤਾਰ ਸਿੰਘ ਦੀ ਉਮਰ ਅਜੇ ਵੀਹ ਸਾਲਾਂ ਦੀ ਵੀ ਨਹੀਂ ਸੀ ਹੋਈ ਜਦ ਉਨ੍ਹਾਂ ਨੇ ਸੁਤੰਤਰਤਾ ਦੇਵੀ ਦੀ ਬਲੀ ਉੱਤੇ ਆਪਣੀ ਕੁਰਬਾਨੀ ਦੇ ਦਿੱਤੀ। ਉੱਨੀ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਏਨੇ ਕੰਮ ਕਰ ਵਿਖਾਏ ਇਹ ਸੋਚ ਕੇ ਹੈਰਾਨੀ ਹੁੰਦੀ ਹੈ। ਏਨੀ ਜੁਰੱਅਤ, ਏਨਾ ਆਤਮ ਵਿਸ਼ਵਾਸ, ਐਨਾ ਆਤਮ ਤਿਆਗ ਤੇ ਏਨੀ ਲਗਨ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਦੀ ਰਗ ਰਗ ਵਿੱਚ ਇਨਕਲਾਬ ਦਾ ਜਜ਼ਬਾ ਸਮਾਇਆ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਇੱਕੋ ਮਕਸਦ, ਇੱਕੋ ਖਾਹਿਸ਼ ਤੇ ਇੱਕੋ ਉਮੀਦ ਜੋ ਕੁਝ ਵੀ ਸੀ, ਇਨਕਲਾਬ ਹੀ ਸੀ। ਇਸ ਦੇ ਲਈ ਉਨ੍ਹਾਂ ਜ਼ਿੰਦਗੀ ਵਿੱਚ ਪੈਰ ਪਾਇਆ ਤੇ ਅਖੀਰ ਏਸੇ ਲਈ ਹੀ ਇਸ ਦੁਨੀਆਂ ਤੋਂ ਚਲੇ ਗਏ। ਗ਼ਦਰ ਪਾਰਟੀ ਦਾ ਇਹ ਜਰਨੈਲ ਲਾਲਾ ਹਰਦਿਆਲ ਦੀ ਪ੍ਰੇਰਨਾ ਨਾਲ ਗ਼ਦਰ ਪਾਰਟੀ 'ਚ ਸ਼ਾਮਲ ਹੋਇਆ ਤੇ ਗ਼ਦਰ ਅਖਬਾਰ ਪ੍ਰਕਾਸ਼ਿਤ ਕਰਨ 'ਚ ਅਹਿਮ ਭੂਮਿਕਾ ਨਿਭਾਈ।



ਜਨਮ ਦਿਵਸ 24 ਮਈ 1896

ਸਤੰਬਰ 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਨੂੰ ਜਾਲਿਮ ਗੋਰਾ ਸ਼ਾਹੀ ਦੇ ਹੱਥੋਂ ਨਾ ਵਰਣਨਯੋਗ ਤਸੀਹੇ ਝੱਲਣ 'ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਤਦ ਸਾਡੇ ਕਰਤਾਰ ਸਿੰਘ ਜਪਾਨ ਆਏ ਤੇ ਬਾਬਾ ਗੁਰਦਿੱਤ ਸਿੰਘ ਨਾਲ ਮਿਲਕੇ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਨਫਰਾਂਸਿਸਕੋ ਦੇ ਗ਼ਦਰ ਪ੍ਰੈੱਸ ਵਿੱਚ ਗ਼ਦਰ ਅਤੇ ਗ਼ਦਰ ਦੀ ਗੂੰਜ ਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਂਦੀਆਂ ਰਹੀਆਂ। ਗ਼ਦਰ ਲਈ ਭਾਰਤ ਆ ਕੇ ਗ੍ਰਿਫਤਾਰ ਹੋਏ ਇਸ ਸੂਰਬੀਰ ਤੇ ਚੱਲੇ ਡੇਢ ਸਾਲ ਦੇ ਕੇਸ ਉਪਰੰਤ ਅੰਗਰੇਜ਼ ਹਕੂਮਤ ਨੇ 16 ਨਵੰਬਰ 1915 ਨੂੰ ਇਸ ਸੂਰਬੀਰ ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਸਮੇਤ 7 ਗ਼ਦਰੀ ਇਨਕਲਾਬੀਆਂ ਨੂੰ ਲਾਹੌਰ ਜੇਲ ਵਿੱਚ ਫਾਂਸੀ ਦੇ ਦਿੱਤੀ। ਇਸ ਨਾਇਕ ਦੇ ਅਧੂਰੇ ਸੁਪਨਿਆਂ ਦਾ ਕਰਜ਼ ਸਾਡੇ ਸਿਰ ਹੈ।

ਜੰਤਰ ਤੇ ਜਾਪ

ਉਦੋਂ ਲੋਕੀ ਜੰਤਰ ਮੰਤਰ, ਜਾਦੂ ਟੂਣੇ ਤੇ ਭੂਤਾਂ ਪ੍ਰੇਤਾਂ ਨੂੰ ਬਹੁਤ ਮੰਨਦੇ ਸਨ। ਹਰਨਾਮ ਸਿੰਘ ਨੇ ਕਿਤੋਂ ਸੁਣਿਆ ਸੀ ਕਿ ਜੇਕਰ 'ਵਾਹਿਗੁਰੂ' ਨਾਮ ਦਾ ਸਵਾ ਲੱਖ ਜਾਪ ਕੀਤਾ ਜਾਵੇ ਤਾਂ 'ਸ਼ਕਤੀ' ਪ੍ਰਾਪਤ ਹੋ ਜਾਂਦੀ ਹੈ। ਜੋ ਮੂੰਹੋਂ ਕਹੀਏ ਹੋ ਜਾਂਦਾ ਹੈ। ਹਰਨਾਮ ਸਿੰਘ ਨੇ ਤਜਰਬਾ ਸ਼ੁਰੂ ਕਰ ਦਿੱਤਾ। ਸਵੇਰੇ ਉੱਠ ਕੇ ਵਾਹਿਗੁਰੂ ਦਾ ਜਾਪ ਕਰਿਆ ਕਰੇ। ਕੁਝ ਦਿਨਾਂ ਵਿੱਚ ਇੱਕ ਲੱਖ ਜਾਪ ਪੂਰਾ ਕੀਤਾ ਪਰ ਕੋਈ ਸ਼ਕਤੀ ਪ੍ਰਾਪਤ ਨਾ ਹੋਈ। ਇਸ ਨੇ ਕਈ ਗੱਲਾਂ ਆਖੀਆਂ, ਕੋਈ ਪੂਰੀ ਨਾ ਹੋਈ। ਫਿਰ ਕੁਝ ਮੰਤਰ ਸਿੱਧ ਕਰਨ ਲਈ ਛਿਲੇ ਵੀ ਕੱਟੇ ਪਰ ਫਿਰ ਵੀ ਕੋਈ ਗੱਲ ਨਾ ਬਣੀ। ਛੇਕੜ ਇਸ ਨੇ ਮਨ 'ਚ ਨਤੀਜਾ ਕੱਢ ਲਿਆ ਕਿ ਮੰਤਰ-ਜੰਤਰ, ਜਾਦੂ-ਟੂਣੇ ਤੇ ਜਾਪ ਸਭ ਝੂਠ ਹਨ। ਇਹ ਲੋਕਾਂ ਨੂੰ ਠੱਗਣ ਦੇ ਹੀ ਢੰਗ ਹਨ। ਭੂਤਾਂ ਪ੍ਰੇਤਾਂ ਉੱਤੇ ਵੀ ਉਸ ਦਾ ਕੋਈ ਨਿਹਚਾ ਨਾ ਰਿਹਾ।

ਗਿਆਨੀ ਹੀਰਾ ਸਿੰਘ ਦਰਦ

('ਦੇਸ਼-ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਜੀਵਨ' 'ਚੋਂ)

ਅਮਲ ਤੇ ਅਭਿਆਸ

ਨਿਊਟਨ ਵਰਗਾ ਬੁੱਧੀਮਾਨ ਵੀ ਸਿਆਣਾ ਬਣਨ ਲਈ, 10 ਪ੍ਰਤੀਸ਼ਤ ਪ੍ਰੇਰਨਾ ਤੇ 90 ਪ੍ਰਤੀਸ਼ਤ ਮਿਹਨਤ ਨੂੰ ਦਿੰਦਾ ਹੈ। ਆਈਨਸਟਾਈਨ ਨੇ ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੀ ਅਮੋੜ ਜਗਿਆਸਾ ਨੂੰ ਦਿੱਤਾ ਹੈ। ਉਸਨੇ ਕਿਹਾ, 'ਉਸ ਕੋਲ ਕੋਈ ਵਿਸੇਸ਼ ਪ੍ਰਤਿਭਾ ਨਹੀਂ। ਉਹ ਤਾਂ ਸਿਰਫ਼ ਜੋਸ਼ੀਲਾ ਜਗਿਆਸੂ ਹੈ।' ਜਿਸ ਦੀ ਜਗਿਆਸਾ ਮਰ ਜਾਂਦੀ ਹੈ ਉਹ ਵਿਗਸਣੋ ਰਹਿ ਜੰਦਾ ਹੈ। ਹਾਲ ਹੀ ਵਿੱਚ ਜਰਮਨ ਵਿਗਿਆਨੀਆਂ ਨੇ ਸਿਆਣੇ ਬਣਨ ਦੇ ਨੁਖਸੇ ਲੱਭੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਚੁਣੇ ਹੋਏ ਕੰਮ ਵਿੱਚ ਸਿਰਫ ਦਸ ਹਜ਼ਾਰ ਘੰਟੇ ਲਾਉਣ ਨਾਲ ਮਨੋ-ਇੱਛਤ ਸਿੱਟੇ ਕੱਢੇ ਜਾ ਸਕਦੇ ਹਨ। ਮੌਕਿਆਂ ਦਾ ਹੋਣਾ ਤਾਂ ਮਹੱਤਵਪੂਰਨ ਹੈ ਪਰ ਮਿਲੇ ਹੋਏ ਮੌਕਿਆਂ ਨੂੰ ਵਰਤਣਾ ਉਸ ਤੋਂ ਵੀ ਅਹਿਮ ਹੈ। ਜੇਕਰ ਇਕਾਗਰਤਾ ਨਾਲ ਅਮਲ ਕੀਤਾ ਜਾਵੇ ਤਾਂ ਆਮ ਤੋਂ ਖਾਸ ਬਣਿਆ ਜਾ ਸਕਦਾ ਹੈ।

(ਤਰਕਸ਼ੀਲ ਫੀਚਰਜ਼)

ਮਿੰਨੀ ਕਹਾਣੀ

ਕਰੈਕ



ਕੁਲਦੀਪ ਮਾਣੂੰਕੇ

ਅੱਧੀ ਛੁੱਟੀ ਵੇਲੇ ਸਟਾਫ਼ ਦੇ ਪੰਜ-ਛੇ ਅਧਿਆਪਕ ਲੈਕਚਰਾਰ ਬੇਦਿਲ ਸਾਅਬ ਕੋਲ ਲਾਇਬਰੇਰੀ 'ਚ ਆ ਪਧਾਰੇ।

'ਹਾਂ ਜੀ, ਬੇਦਿਲ ਸਾਅਬ, ਕੱਢੋ ਪੰਜ ਸੌ ਰੁਪਿਆ, ਤੁਹਾਡਾ ਵੀ ਕਰਵਾਈਏ ਪੁੰਨ ਦਾਨ।' ਪੀ.ਟੀ. ਮਾਸਟਰ ਨੇ ਨਾਂ ਲਿਖਣ ਵਾਲੀ ਕਾਪੀ ਖੋਲਦਿਆਂ ਆਖਿਆ। 'ਕਾਹਦੇ ਲਈ ਬਈ?' ਬੇਦਿਲ ਸਾਅਬ ਨੇ ਐਨਕ ਦੇ ਉੱਪਰ ਦੀ ਝਾਕਦਿਆਂ ਆਖਿਆ।

'ਆਪਾਂ ਜੀ ਸਕੂਲ ਦਾ ਨਵਾਂ ਸੈਸ਼ਨ ਸ਼ੁਰੂ ਹੋਣ 'ਤੇ ਪਾਠ ਰਖਾਉਣੈ ਤੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਅਰਦਾਸ ਵੀ ਕਰਵਾਉਣੀ ਐ।' ਪੀ.ਟੀ. ਮਾਸਟਰ ਬੋਲੇ।

ਬੇਦਿਲ ਸਾਅਬ ਨੇ ਕਿਤਾਬ ਬੰਦ ਕਰਕੇ ਮੇਜ 'ਤੇ ਰੱਖੀ ਤੇ ਐਨਕਾਂ ਲਾਹ ਕੇ ਲੰਬਾ ਹੌਕਾ ਲੈਂਦਿਆਂ ਆਖਿਆ, 'ਯਾਰ, ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਕਰਦੇ ਕੀ ਫਿਰਦੇ ਓ। ਪਾਠ ਦੀ ਲੋੜ ਬੱਚਿਆਂ ਨੂੰ ਨਹੀਂ ਆਪਾਂ ਨੂੰ ਐ, ਜਿਹੜੇ ਮੋਟੀਆਂ ਤਨਖਾਹਾਂ ਲੈ ਕੇ ਪੜ੍ਹਾਈ ਦੇ ਕੰਮ ਤੋਂ ਕੰਨੀਂ ਕਤਰਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਨਾਲੇ ਬੱਚਿਆਂ ਦਾ ਭਵਿੱਖ 'ਕੱਲ੍ਹੇ ਪਾਠ ਨਾਲ ਨਹੀਂ ਆਪਣੇ ਵੱਲੋਂ ਕਰਵਾਈ ਮਿਹਨਤ ਨਾਲ ਬਣਨਾ ਹੈ...ਹਾਂ, ਇੱਕ ਗੱਲ ਹੋਰ...।' ਅਜੇ ਬੇਦਿਲ ਸਾਅਬ ਦੀ ਗੱਲ ਪੂਰੀ ਨਹੀਂ ਸੀ ਹੋਈ ਕਿ ਪੰਜਾਬੀ ਵਾਲੇ ਢਿੱਲੋਂ ਸਾਅਬ ਨੇ ਸਾਰਿਆਂ ਨੂੰ ਬਾਹਰ ਜਾਣ ਦਾ ਇਸ਼ਾਰਾ ਕਰ ਦਿੱਤਾ। ਲਾਇਬਰੇਰੀ ਤੋਂ ਬਾਹਰ ਨਿਕਲਦਿਆਂ ਹੀ ਬੇਦਿਲ ਸਾਅਬ ਦੇ ਕੰਨਾਂ 'ਚ ਢਿੱਲੋਂ ਸਾਅਬ ਦੀ ਇਹ ਆਵਾਜ਼ ਪਈ, 'ਮੈਂ ਤਾਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਕਿ ਏਹਦੇ ਕੋਲ ਜਾਣ ਦਾ ਕੋਈ ਫਾਇਦਾ ਨੀਂ, ਇਹ ਤਾਂ ਕਰੈਕ ਐ।'

98147-22408

ਲਾਲਾ ਹਰਦਿਆਲ ਦੀ ਕਲਮ ਤੋਂ...

ਅਨੇਕਾਂ ਅਗਿਆਨੀ ਮਨੁੱਖ 'ਮੌਤ ਤੋਂ ਬਾਅਦ ਮੇਰਾ ਕੀ ਬਣੇਗਾ?' ਪ੍ਰਸ਼ਨ ਨੇ ਭੰਬਲਭੂਸੇ ਵਿੱਚ ਪਾਏ ਹੋਏ ਹਨ। ਹੁਸ਼ਿਆਰ ਤੇ ਬੇਅਸੂਲੇ ਧਰਮ ਦੇ ਠੇਕੇਦਾਰਾਂ ਨੇ ਹਮੇਸ਼ਾਂ ਇਸ ਅਗਿਆਨਤਾ ਦਾ ਸ਼ੋਸ਼ਣ ਕੀਤਾ ਹੈ। ਲੰਗਰ, ਪ੍ਰਾਰਥਨਾਵਾਂ ਤੇ ਮਰ ਚੁੱਕਿਆਂ ਲਈ ਤੋਹਫੇ ਪੁਜਾਰੀਆਂ ਦੇ ਗਰੋਹਾਂ ਲਈ ਆਮਦਨ ਦਾ ਪੱਕਾ ਸਾਧਨ ਹਨ।

ਧਾਰਮਿਕ ਆਸਥਾ 'ਚ ਗਿਰਾਵਟ

ਪਿਛਲੇ ਕੁੱਝ ਸਾਲਾਂ ਤੋਂ ਭਾਰਤੀ ਲੋਕਾਂ ਦਾ ਪਰਮਾਤਮਾ ਤੋਂ ਵਿਸ਼ਵਾਸ ਉੱਠ ਰਿਹਾ ਹੈ। ਰਲੀਜ਼ੀਅਸਿਟੀ ਐਂਡ ਐਥੀਜ਼ੀਅਮ ਦੇ ਇੰਡੈਕਸ ਅਨੁਸਾਰ 2005 ਵਿੱਚ ਹੋਏ ਸਰਵੇਖਣ 'ਚ 87% ਭਾਰਤੀ ਕੁਝ ਨੂੰ ਆਸਤਿਕ ਦਸਦੇ ਸਨ, ਪ੍ਰੰਤੂ ਇਸ ਸਾਲ ਸਿਰਫ 81% ਲੋਕਾਂ ਨੇ ਹੀ ਆਪਣਾ ਆਪ ਵਿੱਚ ਭਰੋਸਾ ਰੱਖਣ ਵਾਲੇ ਦੱਸਿਆ ਹੈ। ਸਰਵੇ ਅਨੁਸਾਰ ਦੁਨੀਆ ਭਰ ਵਿੱਚ ਧਰਮ ਨੂੰ ਮੰਨਣ ਵਾਲਿਆਂ ਵਿੱਚ 9 ਫੀਸਦੀ ਗਿਰਾਵਟ ਆਈ ਹੈ। ਇਸ ਦੇ ਨਾਲ ਹੀ ਪਾਕਿਸਤਾਨ ਵਿੱਚ ਧਾਰਮਿਕ ਕੱਟੜਤਾ ਵਿੱਚ 6 ਫੀਸਦੀ ਵਾਧਾ ਹੋਇਆ ਹੈ। ਇਸ ਸਰਵੇ 'ਚ ਦੁਨੀਆਂ ਭਰ ਦੇ 57 ਦੇਸ਼ਾਂ ਦੇ 51927 ਲੋਕਾਂ ਨਾਲ ਗੱਲਬਾਤ ਕੀਤੀ ਗਈ ਤੇ ਹਰ ਦੇਸ਼ ਦੇ ਲਗਭਗ 1000 ਮਰਦ ਅਤੇ ਔਰਤਾਂ ਨੂੰ ਸ਼ਾਮਲ ਕੀਤਾ ਗਿਆ। ਚੀਨ ਵਿੱਚ ਸਭ ਤੋਂ ਨਾਸਤਿਕ ਪਾਏ ਗਏ। ਚੀਨ ਦੀ ਅੱਧੀ ਅਬਾਦੀ ਪਰਮਾਤਮਾ 'ਚ ਵਿਸ਼ਵਾਸ ਨਹੀਂ ਰੱਖਦੀ ਜੋ ਕਿ ਦੁਨੀਆਂ ਭਰ 13 ਪ੍ਰਤੀਸ਼ਤ ਤੋਂ ਜਿਆਦਾ ਹੈ। ਪੋਪ ਦੇ ਘਰ ਅਰਜਨਟਾਈਨਾ ਵਿੱਚ ਵੀ ਧਾਰਮਿਕ ਲੋਕਾਂ ਦੀ ਗਿਣਤੀ ਘਟੀ ਹੈ। ਏਥੇ ਆਪਣੇ ਆਪ ਨੂੰ ਧਾਰਮਿਕ ਕਹਿਣ ਵਾਲੇ ਲੋਕਾਂ ਦੀ ਗਿਣਤੀ 'ਚ 8 ਫੀਸਦੀ ਗਿਰਾਵਟ ਆਈ ਹੈ। ਜਦਕਿ ਸਾਊਥ ਅਫਰੀਕਾ ਵਿੱਚ ਇਹ ਗਿਰਾਵਟ 19 ਪ੍ਰਤੀਸ਼ਤ ਅਮਰੀਕਾ ਵਿੱਚ 13 ਪ੍ਰਤੀਸ਼ਤ ਅਤੇ ਸਵਿਟਜ਼ਰਲੈਂਡ ਅਤੇ ਫਰਾਂਸ ਵਿੱਚ 21 ਪ੍ਰਤੀਸ਼ਤ ਲੋਕਾਂ ਦਾ ਵਿਸ਼ਵਾਸ ਧਰਮ ਵਿੱਚੋਂ ਉੱਠ ਗਿਆ ਹੈ।

ਨਸ਼ਤਰਾਂ

ਗੱਲੀਂ ਬਾਤੀਂ ਕਰੇ ਉਹ ਆਲ੍ਹਣਿਆਂ ਦਾ ਹੇਜ਼,
ਫਿਰਦਾ ਬਿਰਖ ਨਿਹਾਰਦਾ ਕਰਕੇ ਆਰੇ ਤੇਜ।

***


ਰੋਜ਼ ਹੈ ਨੇਤਾ ਆਖਦਾ ਛਾਤੀ ਤੇ ਹੱਥ ਮਾਰ,
ਬਾਹਰੋਂ ਆਊ ਕੰਪਨੀ ਦੇਣ ਲਈ ਰੁਜ਼ਗਾਰ।

***

ਮੰਡੀ ਕਰਦੀ ਮੰਗ ਹੈ, ਬੰਦੇ ਹੋਵਣ ਸੀਲ।
ਸਭ ਰਾਹ ਹੋਵਣ ਪੱਧਰੇ, ਨਾ ਅਪੀਲ-ਦਲੀਲ।

***

ਗੁਰਦੁਆਰੇ, ਮਸਜਿਦਾਂ ਮੰਦਰ ਕਈ ਹਜ਼ਾਰ
ਬੱਸ ਇੱਕੋ ਨਹੀਂ ਲੱਭਦਾ, ਬੰਦੇ ਦਾ ਕਿਰਦਾਰ



ਗੁਰਚਰਨ ਨੂਰਪੁਰ (98550-51099)

ਸ਼ਹੀਦਾਂ ਦੇ ਨਾਮ 'ਤੇ ਲੋਕ ਵਿਰੋਧੀ ਸਿਆਸਤ

ਜਸਵੰਤ ਜੀਰਖ



ਰਾਜ ਗੱਦੀਆਂ ਅਤੇ ਅਖੌਤੀ ਧਾਰਮਿਕ ਸੰਸਥਾਵਾਂ ਦੇ ਆਗੂਆਂ ਦੀਆਂ ਕੁਰਸੀਆਂ ਤੇ ਬਿਰਾਜਮਾਨ ਆਪਣੇ ਆਪ ਨੂੰ ਜਨਤਾ ਦੇ ਰਾਖੇ ਕਹਾਉਂਦੇ ਫੁੱਲੇ ਨਹੀਂ ਸਮਾਉਂਦੇ। ਇਹਨਾਂ ਦੇ ਦਾਦੇ-ਪੜਦਾਦਿਆਂ, ਨਾਨਿਆਂ ਦਾ ਇਤਿਹਾਸ ਇਹਨਾਂ ਦੇ ਮੂੰਹ 'ਤੇ ਥੁੱਕਦਾ ਹੈ। ਇਹਨਾਂ ਦੇ ਵਡੇਰਿਆਂ ਦੇ ਕਾਰਨਾਮੇ ਕੋਈ ਬਹਾਦਰਾਂ ਵਾਲੇ ਨਹੀਂ ਸਗੋਂ ਗਦਾਰਾਂ ਵਾਲੇ ਹਨ, ਜਿਹੜੇ ਅੰਗਰੇਜ਼ਾਂ ਦੇ ਚਾਪਲੂਸ ਬਣੇ ਹੋਏ ਸਨ। ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਉਹ ਪੰਜਾਬ ਦੇ ਖੂਹਾਂ ਵਿੱਚ ਇਸ ਕਰਕੇ ਗੋਹਾ ਘੋਲ ਦਿੰਦੇ ਸਨ ਤਾਂ ਕਿ ਦੇਸ਼ ਦੀ ਆਜ਼ਾਦੀ ਲਈ ਵਿਦਰੋਹ ਕਰਨ ਵਾਲੇ ਬੱਬਰ, ਗ਼ਦਰੀ ਉਹਨਾਂ ਵਿੱਚੋਂ ਪਾਣੀ ਨਾ ਪੀ ਸਕਣ। ਜਲ੍ਹਿਆਂ ਵਾਲਾ ਬਾਗ ਵਿੱਚ ਅਨੇਕਾਂ ਪੰਜਾਬੀਆਂ ਦੇ ਕਾਤਲ ਅੰਗਰੇਜ਼ ਨੂੰ ਸਰੋਪੇ ਦੇ ਕੇ ਸਨਮਾਨਤ ਕਰਨ ਵਾਲੇ ਵੀ ਇਹਨਾਂ ਵਿੱਚੋਂ ਹੀ ਸਨ। ਅੰਗਰੇਜ਼ਾਂ ਦੀ ਚਾਪਲੂਸੀ ਦੇ ਇਵਜ ਅਤੇ ਭਾਰਤੀ ਲੋਕਾਂ ਨਾਲ ਗੱਦਾਰੀਆਂ ਕਰਨ ਬਦਲੇ ਹੀ ਉਹਨਾਂ ਨੂੰ ਜਾਗੀਰਾਂ ਅਤੇ ਜੈਲਦਾਰੀਆਂ ਦੇ ਕੇ ਅੰਗਰੇਜ਼ਾਂ ਵੱਲੋਂ ਆਪਣੀ ਸੇਵਾ ਦਾ ਮੁੱਲ ਤਾਰਿਆ ਗਿਆ ਸੀ। ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਆਪਣੀਆਂ ਗੱਦੀਆਂ ਸਲਾਮਤ ਰੱਖਣ ਲਈ ਨਾਮ ਵਰਤ ਕੇ ਸਿਆਸੀ ਰੋਟੀਆਂ ਸੇਕਣ ਵਾਲੇ ਅਖੌਤੀ ਲੀਡਰਾਂ ਨੂੰ ਕੀ ਹੱਕ ਹੈ ਕਿ ਉਹ ਕਿਰਤੀ ਲੋਕਾਂ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦਾ ਨਾਮ ਆਪਣੀ ਜੁਬਾਨ 'ਤੇ ਲਿਆਉਣ? ਜੇ ਅੰਗਰੇਜ਼ ਰਾਜ ਸਮੇਂ ਹੱਕ ਮੰਗਦੇ ਲੋਕਾਂ ਉੱਪਰ ਲਾਠੀਆਂ ਗੋਲੀਆਂ ਚਲਾਈਆਂ ਜਾਂਦੀਆਂ ਸਨ ਤਾਂ ਅੱਜ ਅੰਗਰੇਜ਼ਾਂ ਤੋਂ ਬਾਅਦ ਵੀ ਉਹਨਾਂ ਦੀਆਂ ਗੱਦੀਆਂ ਤੇ ਬੈਠੇ ਭਾਰਤੀ ਹਾਕਮਾਂ ਵੱਲੋਂ ਉਹੀ ਕੁੱਝ ਸ਼ਰੇਆਮ ਕੀਤਾ ਜਾ ਰਿਹਾ ਹੈ।

ਪਿਛਲੇ ਸਮੇਂ ਵਿੱਚ ਪੰਜਾਬ ਦੀ ਅਕਾਲੀ ਸਰਕਾਰ ਤੋਂ ਵੱਖ ਹੋਏ ਇੱਕ ਸਾਬਕਾ ਮੰਤਰੀ (ਮਨਪ੍ਰੀਤ ਸਿੰਘ ਬਾਦਲ) ਵੱਲੋਂ ਆਪਣੀ ਵੱਖਰੀ ਪਾਰਟੀ ਬਣਾ ਕੇ ਸ਼ਹੀਦ ਭਗਤ ਸਿੰਘ ਦਾ ਨਾਂ ਵਰਤਕੇ ਸਿਸਟਮ ਬਦਲਣ ਦਾ ਅਡੰਬਰ ਰਚਿਆ ਗਿਆ। ਆਰ.ਐਸ.ਐਸ. ਦੀ ਅਗਵਾਈ ਹੇਠ ਚੱਲ ਰਹੀ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ) ਅਤੇ ਇਸ ਨਾਲ ਸੰਬੰਧਤ ਧਾਰਮਿਕ ਹਿੰਦੂ ਸੰਸਥਾਵਾਂ ਵੀ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਆਪਣੇ ਰੰਗ ਵਿੱਚ ਢਾਲ ਕੇ ਲੋਕਾਂ ਵਿੱਚ ਪ੍ਰਚਾਰਨ ਤੋਂ ਪਿੱਛੇ ਨਹੀਂ। ਉਹਨਾਂ ਨੇ ਵੀ ਸ਼ਹੀਦ ਭਗਤ ਸਿੰਘ ਨੂੰ ਆਰੀਆ ਸਮਾਜੀ ਬਣਾਕੇ ਪੇਸ਼ ਕਰਨ ਲਈ ਆਪਣੇ ਹੱਥਕੰਡੇ ਵਰਤਣ ਤੋਂ ਗੁਰੇਜ ਨਹੀਂ ਕੀਤਾ। ਇਹਨਾਂ ਵੱਲੋਂ ਕਦੀ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਬੁੱਤਾਂ ਨੂੰ ਕੱਚੀ ਲੱਸੀ ਨਾਲ ਨਹਾਉਣ ਅਤੇ ਕਦੀ ਉਹਨਾਂ ਬੁੱਤਾਂ ਦੇ ਗਲਾਂ ਵਿੱਚ ਆਪਣੀ ਸਿਆਸੀ ਪਾਰਟੀ ਦੇ ਚੋਣ ਨਿਸ਼ਾਨਾਂ ਵਾਲੇ ਹਾਰ ਪਹਿਨਾ ਕੇ ਹੋਸੀ ਖੇਡ ਖੇਡੀ ਜਾਂਦੀ ਹੈ। ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਜਗਰਾਉਂ ਪੁਲ ਲੁਧਿਆਣਾ ਵਿਖੇ ਲੱਗੇ ਬੁੱਤਾਂ ਨਾਲ ਤਾਂ ਇਹ ਖਿਲਵਾੜ ਅਕਸਰ ਹੀ ਹੁੰਦਾ ਰਹਿੰਦਾ ਹੈ। ਸ਼ਹੀਦ ਭਗਤ ਸਿੰਘ ਦੀ ਧਰਮਾਂ ਪ੍ਰਤੀ ਕੀ ਪਹੁੰਚ ਸੀ, ਉਸ ਸਬੰਧੀ ਇਹਨਾਂ ਹਰ ਕਿਸਮ ਦੇ ਧਰਮਾਂ ਵਾਲਿਆਂ ਨੂੰ ਕੋਈ ਸਰੋਕਾਰ ਨਹੀਂ। ਇਹਨਾਂ ਨੇ ਤਾਂ ਉਸਨੂੰ ਵਿੰਗੇ ਟੇਢੇ ਢੰਗ ਨਾਲ ਆਪਣੇ ਧਰਮ ਦੀ ਵਲਗਣ ਵਿੱਚ ਲਿਆਕੇ ਆਪਣੀਆਂ ਸਿਆਸੀ ਚੌਧਰਾਂ ਲਈ ਵਰਤ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਹੁੰਦਾ ਹੈ। ਧਰਮਾਂ ਬਾਰੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਪੁਸ਼ਟੀ ਉਹਨਾਂ ਦੀ ਆਪਣੀ ਲਿਖਤ ਰਾਹੀਂ ਸਪੱਸ਼ਟ ਹੈ, ਉਹਨਾਂ ਕਿਹਾ ਸੀ ਕਿ 'ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁਹੱਬਤ ਦੀ ਥਾਂ ਉਹਨਾਂ ਨੂੰ ਇੱਕ ਦੂਜੇ ਨਾਲ ਨਫ਼ਰਤ ਕਰਨੀ ਸਿਖਾਵੇ, ਅੰਧ ਵਿਸ਼ਵਾਸਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ ਵਿੱਚ ਰੁਕਾਵਟ ਬਣੇ, ਦਿਮਾਗਾਂ ਨੂੰ ਖੁੰਢਾ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ' ਅਤੇ ਅੱਜ ਅਜਿਹਾ ਕੋਈ ਵੀ ਧਰਮ ਨਹੀਂ ਜੋ ਇਹ ਕੁੱਝ ਨਹੀਂ ਕਰਦਾ।

ਮੌਕਾ ਪ੍ਰਸਤ ਸਿਆਸਤਦਾਨ ਸ਼ਹੀਦਾਂ ਦੇ ਪ੍ਰੀਵਾਰਾਂ ਨੂੰ ਵੀ ਕਈ ਵਾਰੀ ਆਪਣੀ ਗੰਦੀ ਸਿਆਸਤ ਦਾ ਹਿੱਸਾ ਬਣਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ। ਜਿਵੇਂ ਕਿ ਪਿਛਲੇ ਸਮੇਂ ਵਿੱਚ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਜੋ ਲੁਧਿਆਣਾ ਦੇ ਜੰਮਪਲ ਸਨ ਦੇ ਪ੍ਰੀਵਾਰਕ ਮੈਂਬਰ ਨੂੰ ਵੋਟਾਂ ਵਿੱਚ ਖੜਾ ਕਰਕੇ ਸ਼ਹੀਦ ਦੀ ਕੁਰਬਾਨੀ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਦੇ ਉਲਟ ਵਰਤ ਕੇ ਨਿੱਜੀ ਲਾਭ ਲੈਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਇਸੇ ਤਰ੍ਹਾਂ ਸ਼ਹੀਦ ਸੁਖਦੇਵ ਦੀ ਥਾਪਰ ਬਰਾਦਰੀ ਦੇ ਕੁੱਝ ਚੌਧਰੀ ਉਸਦੇ ਨਾਮ ਨਾਲ ਥਾਪਰ ਜੋੜਕੇ (ਸੁਖਦੇਵ ਥਾਪਰ) ਉਸ ਦੀ ਕੁਰਬਾਨੀ ਨੂੰ ਆਪਣੇ ਸਿਆਸੀ ਮੰਤਵਾਂ ਲਈ ਵਰਤਣ ਤੋਂ

ਗੁਰੇਜ ਨਹੀਂ ਕਰ ਰਹੇ ਅਤੇ ਉਸਦੇ ਜਨਮ ਦਿਨ ਤੇ ਹਵਨ ਕਰਨ ਦੇ ਢੌਂਗ ਰਾਹੀਂ ਉਸਨੂੰ ਆਪਣੀ ਭਗਵਾਕਰਨ ਦੀ ਨੀਤੀ ਦਾ ਹਿੱਸਾ ਬਣਾ ਰਹੇ ਹਨ। ਇੱਥੋਂ ਤੱਕ ਕਿ ਸ਼ਹੀਦ ਸੁਖਦੇਵ ਦੇ ਜਨਮ ਅਸਥਾਨ (ਮਹੱਲਾ ਨੌ ਘਰਾ ਲੁਧਿਆਣਾ) 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਅਧੀਨ ਲੁਧਿਆਣਾ ਦੇ ਕੁੱਝ ਇਨਸਾਫ ਪਸੰਦ ਅਤੇ ਜਮਹੂਰੀ ਮੈਂਬਰਾਂ ਤੇ ਅਧਾਰਤ ਇੱਕ ਕਮੇਟੀ ਵੱਲੋਂ ਸ਼ਹੀਦ ਸੁਖਦੇਵ ਦੀ ਯਾਦਗਾਰ ਦਰਸਾਉਂਦਾ ਇੱਕ ਪੱਥਰ, ਬੁੱਤ ਦੇ ਹੇਠਾਂ ਲਗਾਇਆ ਗਿਆ, ਜਿਸਨੂੰ ਥਾਪਰ ਬਰਾਦਰੀ ਦੇ ਨਾਂ ਤੇ ਬਣੇ ਟ੍ਰੱਸਟੀ ਆਗੂਆਂ ਨੇ ਉਖਾੜ ਕੇ ਉੱਥੇ ਆਪਣਾ ਥਾਪਰ ਟ੍ਰੱਸਟ ਦਾ ਪੱਥਰ ਲਗਾ ਕੇ ਅਤਿ ਘਟੀਆ ਕਾਰਵਾਈ ਕੀਤੀ, ਜਿਸਤੋਂ ਸਪੱਸ਼ਟ ਹੈ ਕਿ ਉਹ ਸ਼ਹੀਦ ਸੁਖਦੇਵ ਨੂੰ ਸਿਰਫ ਤੇ ਸਿਰਫ ਥਾਪਰ ਬਰਾਦਰੀ ਤੱਕ ਹੀ ਸੀਮਤ ਕਰਕੇ ਉਸਦੀ ਕੁਰਬਾਨੀ ਨੂੰ ਆਪਣੇ ਕੋਝੇ ਮੰਤਵਾਂ ਲਈ ਵਰਤਣਾ ਚਾਹੁੰਦੇ ਹਨ।

ਇਹਨਾਂ ਸ਼ਹੀਦਾਂ ਦੀ ਵਿਗਿਆਨਕ ਵਿਚਾਰਧਾਰਾ ਨੂੰ ਖੋਰਾ ਲਾਉਣ ਲਈ ਪੱਬਾ ਭਾਰ ਹੋਈ ਮੋਦੀ ਸਰਕਾਰ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੀ। ਉਸ ਵੱਲੋਂ ਵੀ ਹੁਣ ਵਿਦਿਅਕ ਸਲੇਬਸ ਵਿੱਚ ਗੀਤਾ ਅਤੇ ਹੋਰ ਧਾਰਮਿਕ ਪ੍ਰਸੰਗਾਂ ਨੂੰ ਲਾਗੂ ਕਰਕੇ ਸ਼ਹੀਦਾਂ ਦੀ ਵਿਚਾਰਧਾਰਾ ਉੱਪਰ ਕੋਝੇ ਹਮਲੇ ਕੀਤੇ ਜਾ ਰਹੇ ਹਨ। ਇਹਨਾਂ ਵੱਲੋਂ ਇਹ ਕਹਿਣਾ ਕਿ ਗਣੇਸ਼ ਜੀ ਦੇ ਸਿਰ ਉੱਪਰ ਹਾਥੀ ਦਾ ਸਿਰ ਲਗਾਉਣਾ ਉਸ ਵੇਲੇ ਦੀ ਮੈਡੀਕਲ ਸਰਜਰੀ ਦਾ ਕ੍ਰਿਸ਼ਮਾ ਹੈ, ਵੀ ਇਤਿਹਾਸ ਨੂੰ ਪੁੱਠਾ ਗੇੜ ਦੇਣ ਦੇ ਬਰਾਬਰ ਹੈ। ਸ਼ਹੀਦ ਭਗਤ ਸਿੰਘ ਦੇ ਲਿਖੇ ਅਨੁਸਾਰ ਕਿ, 'ਜਿਹੜਾ ਵੀ ਮਨੁੱਖ' ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉੱਤੇ ਪੁਰਾਣੇ ਵਿਸ਼ਵਾਸਾਂ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿੱਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ। ਪ੍ਰਚੱਲਤ ਵਿਸ਼ਵਾਸਾਂ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਪਏਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫਲਸਫੇ ਵਿੱਚ ਵਿਸ਼ਵਾਸ ਕਰਨ ਲੱਗਦਾ ਹੈ ਤਾਂ ਉਹ ਵਿਸ਼ਵਾਸ ਸਰਾਹੁਣਯੋਗ ਹੈ, ਉਹਦੀ ਦਲੀਲ ਗਲਤ ਜਾਂ ਉੱਕਾ ਹੀ ਬੇਬੁਨਿਆਦ ਹੋ ਸਕਦੀ ਹੈ, ਪਰ ਉਸਨੂੰ ਠੀਕ ਰਾਹ 'ਤੇ ਲਿਆਂਦਾ ਜਾ ਸਕਦਾ ਹੈ ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ ਤਾਰਾ ਹੁੰਦੀ ਹੈ। ਪਰ ਨਿਰਾ ਵਿਸ਼ਵਾਸ ਅਤੇ ਅੰਨ੍ਹਾਂ ਵਿਸ਼ਵਾਸ ਖਤਰਨਾਕ ਹੁੰਦਾ ਹੈ।'

ਭਾਰਤ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਨੇ ਹਾਲ ਹੀ ਵਿੱਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤਣ ਦੀ ਕੋਸ਼ਿਸ਼ ਕੀਤੀ ਜਿਹਨਾਂ ਵਿੱਚੋਂ ਇੱਕ ਹੱਥਕੰਡਾ ਆਪਣੇ ਆਪ ਨੂੰ ਨਸੀਬ ਵਾਲਾ ਪ੍ਰਧਾਨ ਮੰਤਰੀ ਘੋਸ਼ਿਤ ਕਰਨ ਵਾਲਾ ਵੀ ਸੀ। ਤਾਂ ਜੋ ਲੋਕਾਂ ਨੂੰ ਕਿਸਮਤਵਾਦੀ ਜਿੱਲ੍ਹਣ ਵਿੱਚ ਧੱਕਿਆ ਜਾ ਸਕੇ।

ਦਿੱਲੀ ਵਿਧਾਨ ਸਭਾ ਦੀਆਂ ਤਾਜੀਆਂ ਚੋਣਾਂ ਦੌਰਾਨ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਜਿਹਨਾਂ ਨੇ ਦਿੱਲੀ ਦੇ ਮੁੱਖਮੰਤਰੀ ਵਜੋਂ ਸਹੁੰ ਚੁੱਕੀ ਹੈ, ਵੱਲੋਂ ਵੀ ਜਿੱਥੇ ਆਪਣੀਆਂ ਸਟੇਜਾਂ ਉੱਪਰ ਸ਼ਹੀਦ ਭਗਤ ਸਿੰਘ ਵੱਲੋਂ ਦਿੱਤੇ 'ਇਨਕਲਾਬ ਜਿੰਦਾਬਾਦ' ਦੇ ਨਾਹਰੇ ਲਾਏ ਜਾਂਦੇ ਹਨ, ਉੱਥੇ ਹੀ ਮਹਾਤਮਾ ਗਾਂਧੀ ਦੇ ਵੀ ਗੁਣਗਾਨ ਕੀਤੇ ਜਾਂਦੇ ਹਨ। ਇਸਨੂੰ ਵੀ ਜੇ ਮੌਕਾਪ੍ਰਸਤੀ ਨਹੀਂ ਤਾਂ ਹੋਰ ਕੀ ਕਿਹਾ ਜਾ ਸਕਦਾ ਹੈ, ਕਿਉਂਕਿ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਅਤੇ ਮਹਾਤਮਾ ਗਾਂਧੀ ਦੇ ਅਖੌਤੀ ਸਵਰਾਜ ਦਾ ਜ਼ਮੀਨ ਅਸਮਾਨ ਦਾ ਫਰਕ ਹੈ। ਇਹਨਾਂ ਦੋਨਾਂ ਦੀ ਵਿਚਾਰਧਾਰਾ ਦਾ ਕੋਈ ਮੇਲ ਹੀ ਨਹੀਂ। ਪਰ ਕੇਜਰੀਵਾਲ ਇਹਨਾਂ ਦੋਨਾਂ ਨੂੰ ਸਿਸਟਮ ਦੀ ਤਬਦੀਲੀ ਲਈ ਵਰਤਣ ਦੀ ਵਕਾਲਤ ਕਰ ਰਹੇ ਹਨ। ਗਾਂਧੀ ਨੇ ਕਦੀ ਵੀ ਅੰਗਰੇਜ਼ੀ ਰਾਜ ਵਿਰੁੱਧ ਸਿਸਟਮ ਬਦਲਣ ਦਾ ਹੁੰਗਾਰਾ ਨਹੀਂ ਭਰਿਆ, ਜਦੋਂਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਅੰਗਰੇਜ਼ੀ ਰਾਜ ਦਾ ਖੁਰਾ ਖੋਜ ਖਤਮ ਕਰਕੇ ਇੱਥੇ ਨਵਾਂ ਪ੍ਰਬੰਧ ਉਸਾਰਨ ਦੀ ਲੜਾਈ ਲੜ ਰਹੇ ਸਨ।


ਸੋ ਅੱਜ ਵੋਟਾਂ ਵਟੋਰਨ ਲਈ ਲਾਏ ਜਾਂਦੇ ਲੋਕ ਲੁਭਾਊ ਨਾਹਰਿਆਂ ਨੂੰ ਪਰਖਣ ਦੀ ਬਹੁਤ ਵੱਡੀ ਲੋੜ ਹੈ ਜਿਹੜੇ ਕਿ ਮੌਜੂਦਾ ਸਾਰੀਆਂ ਹੀ ਲੋਕ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਮੂਰਖ ਬਣਾਉਣ ਲਈ ਵਰਤੇ ਜਾਂਦੇ ਹਨ। ਜਦੋਂ ਤੱਕ ਆਮ ਲੋਕ ਇਹ ਨਹੀਂ ਸਮਝਣਗੇ, ਉਦੋਂ ਤੱਕ ਇਹ ਸਿਆਸੀ ਲੋਕ ਆਮ ਜਨਤਾ ਦੇ ਅੱਖੀਂ ਘੱਟਾ ਪਾਉਣ ਲਈ ਸਫਲ ਹੁੰਦੇ ਰਹਿਣਗੇ ਅਤੇ ਸ਼ਹੀਦ ਭਗਤ ਸਿੰਘ ਹੋਰਾਂ ਵੱਲੋਂ ਚਿਤਵੇ ਬਰਾਬਰਤਾ ਵਾਲੇ ਇਨਸਾਫ ਪਸੰਦ ਅਤੇ ਜਮਹੂਰੀ ਕਦਰਾਂ ਕੀਮਤਾਂ ਵਾਲੇ ਰਾਜ ਪ੍ਰਬੰਧ ਨੂੰ ਸਥਾਪਤ ਕਰਨ ਨਾਲ ਖਿਲਵਾੜ ਹੁੰਦਾ ਰਹੇਗਾ।

98151-69885

ਲੜਨਗੇ ਨਾਲ ਤੇਰੇ ! ਹਨੇਰੇ,
ਅੰਤ ਤੱਕ ਸਾਥੀ
ਇੰਨ੍ਹਾਂ ਨਹੀਂ ਚੈਨ ਸੰਗ ਬਹਿਣਾ
ਜਦੋਂ ਤੱਕ ਰਾਤ ਬਾਕੀ ਹੈ।

- ਮਹਿੰਦਰ ਸਾਥੀ

ਮੌਤ ਦਾ ਡਰ



ਅਜਾਇਬ ਜਲਾਲਆਣਾ

ਕੁਝ ਸਮਾਂ ਪਹਿਲਾਂ ਸਾਡੇ ਕੋਲ ਇੱਕ ਲੜਕੀ ਦਾ ਕੇਸ ਆਇਆ, ਜੋ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ ਤੇ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਉਸ ਦੀ ਇੱਕ ਵੱਡੀ ਸਮੱਸਿਆ ਸੀ ਕਿ ਉਸ ਨੂੰ ਅਕਸਰ ਦੌਰੇ ਪੈਂਦੇ ਸਨ। ਉਸ ਦੇ ਬਾਪ ਨੇ ਸਾਨੂੰ ਦੱਸਿਆ, 'ਅਸੀਂ ਕੋਈ ਗੰਭੀਰ ਬਿਮਾਰੀ ਸਮਝ ਕੇ ਲੜਕੀ ਨੂੰ ਚੰਗੇ ਹਸਪਤਾਲ ਦਾਖਲ ਕਰਵਾਇਆ। ਡਾਕਟਰਾਂ ਨੇ ਬਹੁਤ ਸਾਰੇ ਟੈਸਟ ਕਰਵਾਏ ਪਰ ਸਰੀਰ ਵਿੱਚ ਕੋਈ ਨੁਕਸ ਨਾ ਲੱਭਾ। ਵੱਡਾ ਡਾਕਟਰ ਸਾਨੂੰ ਬੁਲਾ ਕੇ ਕਹਿੰਦਾ ਇਸ ਨੂੰ ਕੋਈ ਬਿਮਾਰੀ ਨਹੀਂ ਹੈ। ਇਹ ਡਰੀ ਹੋਈ ਹੈ। ਘਰੇ ਲੈ ਜਾਓ ਇਹ ਖੁਦ ਬਖੁਦ ਠੀਕ ਹੋ ਜਾਵੇਗੀ। ਅਸੀਂ ਇਸ ਨੂੰ ਘਰੇ ਤਾਂ ਲੈ ਆਏ ਪਰ ਦੌਰੇ ਪੈਣੇ ਬੰਦ ਨਾ ਹੋਏ।'

ਕੁਝ ਚਿਰ ਚੁੱਪ ਰਹਿਣ ਮਗਰੋਂ ਉਹ ਹੌਕਾ ਲੈ ਕੇ ਫਿਰ ਦੱਸਣ ਲੱਗਾ, 'ਅਸੀਂ ਬਾਬਿਆਂ-ਸਿਆਣਿਆਂ ਦੇ ਚੱਕਰਾਂ ਵਿੱਚ ਫਸ ਗਏ। ਉਹ ਸਾਡੇ ਤੋਂ ਪੂਜਾ ਪਾਠ ਤੇ ਸਮੱਗਰੀ ਦੇ ਨਾਂ 'ਤੇ ਪੈਸਿਆਂ ਦੀ ਮੰਗ ਵਾਰ ਵਾਰ ਕਰਦੇ ਸਨ। ਅਸੀਂ ਔਖੇ ਸੌਖੇ ਉਨ੍ਹਾਂ ਦੀ ਮੰਗ ਪੂਰੀ ਕਰਦੇ ਰਹੇ ਪਰ ਉਨ੍ਹਾਂ ਤੋਂ ਤੰਤਰ ਮੰਤਰ ਕਰਵਾਉਣ ਦੇ ਬਾਵਜੂਦ ਲੜਕੀ ਰਾਜੀ ਨਹੀਂ ਹੋਈ। ਚੇਲਿਆਂ ਦੇ ਇਲਾਜ ਨਾਲ ਇਹ ਠੀਕ ਹੋਣ ਦੀ ਬਜਾਏ ਕਾਫੀ ਕਮਜ਼ੋਰ ਹੋ ਗਈ। ਆਖਰ ਅਸੀਂ ਲੜਕੀ ਨੂੰ ਲੁਧਿਆਣੇ ਦੇ ਨਾਮੀ ਹਸਪਤਾਲ ਵੀ ਲੈ ਕੇ ਗਏ। ਉਨ੍ਹਾਂ ਸਾਰੇ ਟੈਸਟ ਤੇ ਰਿਪੋਰਟਾਂ ਦੇਖਣ ਮਗਰੋਂ ਇਹੋ ਆਖਿਆ ਕਿ ਇਸ ਨੂੰ ਕੋਈ ਬਿਮਾਰੀ ਨਹੀਂ ਹੈ। ਵਾਪਸੀ 'ਤੇ ਰਸਤੇ ਵਿੱਚ ਇਸ ਨੂੰ ਫਿਰ ਦੌਰਾ ਪੈ ਗਿਆ। ਰਾਹ ਵਿੱਚ ਰਿਸ਼ਤੇਦਾਰੀ 'ਚ ਰੁਕੇ ਤਾਂ ਉਨ੍ਹਾਂ ਇੱਕ ਪੰਡਤ ਬੁਲਾ ਲਿਆਂਦਾ। ਉਹ ਵੇਖਣ ਸਾਰ ਹੀ ਕਹਿਣ ਲੱਗਾ, 'ਇਸ ਨੂੰ ਕਿਸੇ ਨੇ ਕੁਝ ਕਰਾਇਆ ਹੋਇਆ ਹੈ। ਇਹ ਠੀਕ ਤਾਂ ਹੋ ਜਾਵੇਗੀ ਪਰ ਉਪਾਅ 'ਤੇ ਰੁਪਈਆ ਸੱਤ ਹਜ਼ਾਰ ਖਰਚ ਆਵੇਗਾ। ਅਸੀਂ ਉਸਨੂੰ ਉਪਾਅ ਲਈ ਰੁਪਏ ਦੇ ਦਿੱਤੇ ਤੇ ਉਪਾਅ ਵੀ ਕਰਵਾ ਲਿਆ ਪਰ ਘਰੇ ਪਹੁੰਚੇ ਹੀ ਸਾਂ ਕਿ ਦੌਰਾ ਫਿਰ ਪੈ ਗਿਆ। ਹੁਣ ਤੱਕ ਅਸੀਂ ਮੜ੍ਹੀਆਂ-ਮਸਾਣਾਂ 'ਤੇ ਸੁੱਖਾਂ ਸੁਖਦੇ ਰਹੇ ਹਾਂ ਪਰ ਲੜਕੀ ਨੂੰ ਅਰਾਮ ਨਹੀਂ ਮਿਲਿਆ। ਸਾਡਾ ਸਾਰਾ ਟੱਬਰ ਬੁਰੀ ਤਰ੍ਹਾਂ ਡਰਿਆ ਪਿਆ ਹੈ। ਅਸੀਂ ਉਸ ਨੂੰ ਆਪਣੇ ਵੱਲੋਂ ਮਦਦ ਦਾ ਭਰੋਸਾ ਦਿੱਤਾ ਤੇ ਲੜਕੀ ਦੀਆਂ ਰਿਪੋਰਟਾਂ 'ਤੇ ਮੋਟੀ ਮੋਟੀ ਨਜ਼ਰ ਮਾਰੀ।

ਜਦੋਂ ਪੀੜਤ ਲੜਕੀ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਕਈ ਮਹੀਨੇ ਪਹਿਲਾਂ ਉਸਨੂੰ ਇੱਕ ਸੁਪਨਾ ਆਇਆ ਸੀ ਜਿਸ ਵਿੱਚ ਇੱਕ ਆਦਮੀ ਦੀ ਲਾਸ਼ ਵੇਖੀ ਸੀ। ਉਸਨੂੰ ਬਹੁਤ ਚਿੰਤਾ ਹੋਈ ਤਾਂ ਸਭ ਤੋਂ ਪਹਿਲਾਂ ਆਪਣੀ ਭੂਆ ਨੂੰ ਸੁਪਨੇ ਵਾਲੀ ਗੱਲ ਦੱਸੀ। ਭੂਆ ਨੇ ਉਸਨੂੰ ਵਹਿਮ ਵਿੱਚ ਪਾ ਦਿੱਤਾ ਅਤੇ ਆਖਿਆ ਕਿ ਕਈ ਵਾਰ ਸਵੇਰ ਵੇਲੇ ਦਾ ਸੁਪਨਾ ਸੱਚਾ ਹੋ ਜਾਂਦਾ ਹੈ। ਕੁਝ ਹੀ ਦਿਨਾਂ ਬਾਅਦ ਉਸਨੂੰ ਫਿਰ ਉਹ ਸੁਪਨਾ ਆਇਆ ਤੇ ਲਾਸ਼ ਉਸਦੇ ਪਿਤਾ ਦੀ ਸੀ। ਇਹ ਵੇਖ ਕੇ ਮੈਂ ਬੁਰੀ ਤਰ੍ਹਾਂ ਡਰ ਗਈ। ਉਸ ਦਿਨ ਤੋਂ ਹੀ ਮੈਨੂੰ ਲਗਾਤਾਰ ਦੌਰੇ ਪੈ ਰਹੇ ਹਨ।

ਅਸੀਂ ਉਸ ਲੜਕੀ ਨੂੰ ਸੁਪਨਿਆਂ ਬਾਰੇ ਜਾਣਕਾਰੀ ਦਿੱਤੀ ਤੇ ਚੰਗੇ ਮੰਦੇ ਸੁਪਨਿਆਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਸੁਪਨਿਆਂ ਬਾਰੇ ਉਸ ਦੇ ਮਨ 'ਚ ਪਏ ਸਾਰੇ ਭਰਮ-ਭੁਲੇਖੇ ਦੂਰ ਹੋ ਗਏ। ਲੜਕੀ ਦੇ ਸਹਿਯੋਗ ਤੋਂ ਲਗਦਾ ਸੀ ਕਿ ਉਸ ਨੇ ਸਾਡੇ ਸੁਝਾਵਾਂ ਨੂੰ ਚੰਗੀ ਤਰ੍ਹਾਂ ਸਮਝ ਲਿਆ। ਉਸ ਨੇ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਤਰ੍ਹਾਂ ਦੀਆਂ ਗੱਲਾਂ ਉਸ ਨੂੰ ਕਦੇ ਵੀ ਕਿਤੋਂ ਸੁਣਨ ਜਾਨਣ ਨੂੰ ਨਹੀਂ ਮਿਲੀਆਂ। ਇੱਥੋਂ ਤੱਕ ਕਿ ਸਾਡੇ ਸਕੂਲ ਅਧਿਆਪਕਾਂ ਨੇ ਵੀ ਸਾਨੂੰ ਕਦੇ ਇਸ ਤਰ੍ਹਾਂ ਦੀ ਜਾਣਕਾਰੀ ਨਹੀਂ ਦਿੱਤੀ। ਅਸਲ 'ਚ ਉਸ ਲੜਕੀ ਦੇ ਮਨ 'ਚ ਸੁਪਨੇ ਵੇਖ ਕੇ ਇਹ ਡਰ ਘਰ ਕਰ ਗਿਆ ਸੀ ਕਿ ਉਸ ਦੇ ਬਾਪ ਜਾਂ ਭਰਾ ਦੀ ਮੌਤ ਜਲਦੀ ਹੋ ਜਾਵੇਗੀ। ਇਸ ਡਰ ਨੇ ਉਸ ਦੇ ਮਨ ਦਾ ਚੈਨ ਖੋਹ ਲਿਆ। ਉਸ ਦੀ ਭੁੱਖ ਪਿਆਸ ਵੀ ਕਿਧਰੇ ਉੱਡ ਗਈ। ਉਸ ਦਾ ਕਿਸੇ ਕੰਮ 'ਚ ਵੀ ਦਿਲ ਨਹੀਂ ਸੀ ਲਗਦਾ ਤੇ ਉਸਨੂੰ ਸਕੂਲ ਜਾਣਾ ਵੀ ਛੱਡ ਦਿੱਤਾ। ਵੱਡੇ ਹਸਪਤਾਲਾਂ ਵਾਲੇ ਆਪਣੀਆਂ ਫੀਸਾਂ ਲੈ ਕੇ ਟੈਸਟ ਤਾਂ ਕਰਦੇ ਰਹੇ ਪਰ ਕਿਸੇ ਨੇ ਉਸ ਦੀ ਮਨੋ-ਅਵਸਥਾ ਨੂੰ ਸਮਝਦਿਆਂ ਕੌਂਸਲਿੰਗ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਅਸੀਂ ਸੰਮੋਹਨ ਰਾਹੀਂ ਲੜਕੀ ਨੂੰ ਉਸਾਰੂ ਸੁਝਾਅ ਦਿੱਤੇ। ਸੰਮੋਹਨ ਤੋਂ ਬਾਅਦ ਲੜਕੀ ਦੇ ਚਿਹਰੇ 'ਤੇ ਤਸੱਲੀ ਦੇ ਹਾਵ-ਭਾਵ ਸਨ। ਉਹ ਆਪਣੇ ਆਪ ਨੂੰ ਠੀਕ ਮਹਿਸੂਸ ਕਰ ਰਹੀ ਸੀ। ਅਸੀਂ ਉਸ ਨੂੰ ਪਰਿਵਾਰ ਸਮੇਤ ਵਾਪਸ ਭੇਜ ਦਿੱਤਾ। ਅਗਲੇ ਹੀ ਦਿਨ ਤੋਂ ਉਸ ਨੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਤੇ ਹਫ਼ਤੇ ਤੱਕ ਉਹ ਬਿਲਕੁਲ ਸਧਾਰਨ ਹਾਲਤ ਵਿੱਚ ਪਹਿਲਾਂ

ਵਾਂਗ ਠੀਕ ਰਹਿਣ ਲੱਗੀ। ਸਾਡੇ ਯਤਨਾਂ ਨਾਲ ਇੱਕ ਲੜਕੀ ਤੇ ਉਸ ਦੇ ਪਰਿਵਾਰ ਦਾ ਮਸਲਾ ਹੱਲ ਹੋ ਗਿਆ ਸੀ।

ਅਗਿਆਨਤਾ ਹੀ ਜੜ੍ਹ ਹੈ : ਸਮਾਜ ਦੇ ਵਹਿਮਾਂ ਭਰਮਾਂ 'ਚ ਫਸੇ ਹੋਣ ਦਾ ਇੱਕ ਕਾਰਨ ਅਗਿਆਨਤਾ ਵੀ ਹੈ। ਅਗਿਆਨਤਾਵਸ ਲੋਕ ਡਾਕਟਰੀ ਇਲਾਜ ਕਰਵਾਉਣ ਦੀ ਬਜਾਏ ਸਾਧ-ਸਿਆਣਿਆਂ ਦੇ ਚੱਕਰਵਿਊ ਵਿੱਚ ਫਸ ਜਾਂਦੇ ਹਨ। ਇਸ ਕੇਸ ਵਿੱਚ ਪਹਿਲਾਂ ਪਰਿਵਾਰ ਨੇ ਡਾਕਟਰੀ ਮਦਦ ਜਰੂਰ ਲਈ ਪ੍ਰੰਤੂ ਡਾਕਟਰਾਂ ਦੇ ਵਪਾਰਕ ਹਿਤਾਂ ਕਰਕੇ ਉਨ੍ਹਾਂ ਨੂੰ ਸਹੀ ਅਗਵਾਈ ਨਹੀਂ ਮਿਲੀ। ਡਾਕਟਰੀ ਇਲਾਜ ਤੋਂ ਨਿਰਾਸ਼ ਰਿਸ਼ਤੇਦਾਰ ਦਬਾਅ ਹੇਠ ਉਹ ਲੜਕੀ ਦੇ ਇਲਾਜ ਲਈ ਤਾਂਤਰਿਕਾਂ ਦੇ ਚੁੰਗਲ 'ਚ ਫਸੇ। ਲੋੜ ਇਸ ਗੱਲ ਦੀ ਹੈ ਕਿ ਅਗਿਆਨਤਾ ਖਿਲਾਫ਼ ਸੰਘਰਸ਼ ਤੇਜ਼ ਕੀਤਾ ਜਾਵੇ ਤੇ ਲੋਕਾਂ ਦੀ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਸਾਂਝ ਪਵਾਈ ਜਾਵੇ। ਇਸ ਅਹਿਮ ਕਾਰਜ ਲਈ ਤਰਕਸ਼ੀਲ ਕਾਮਿਆਂ ਨੂੰ ਵੱਡਾ ਹੰਭਲਾ ਮਾਰਨਾ ਪਵੇਗਾ।

ਸੰਪਰਕ - 094167-24331

'ਕਸਰ' ਦਾ ਰਹੱਸ

ਨੀਟੂ ਸਰਕਾਰੀ ਸਕੂਲ 'ਚ ਅੱਠਵੀਂ ਕਲਾਸ ਦਾ ਵਿਦਿਆਰਥੀ ਸੀ। ਉਹ ਆਪਣੀ ਜਮਾਤ ਦੇ ਹੁਸ਼ਿਆਰ ਵਿਦਿਆਰਥੀਆਂ ਵਿੱਚੋਂ ਇੱਕ ਸੀ। ਸਕੂਲ ਦੇ ਅਧਿਆਪਕ ਵੀ ਉਸ ਨੂੰ ਬਹੁਤ ਪਿਆਰ ਕਰਦੇ ਸਨ। ਅਚਾਨਕ ਇੱਕ ਦਿਨ ਉਹ ਅੱਧੀ ਛੁੱਟੀ ਵੇਲੇ ਅਵਾ ਤਵਾ ਬੋਲਣ ਲੱਗ ਪਿਆ। ਉਸ ਨੂੰ ਵੇਖ ਕੇ ਸਾਰੇ ਵਿਦਿਆਰਥੀ ਡਰ ਗਏ ਤੇ ਆਪਣੇ ਅਧਿਆਪਕਾਂ ਪਾਸ ਲੈ ਗਏ। ਅਧਿਆਪਕਾਂ ਨੂੰ ਵੀ ਪਹਿਲੀ ਨਜ਼ਰੇ ਗੱਲ ਸਮਝ ਨਹੀਂ ਆਈ। ਉਨ੍ਹਾਂ ਨੀਟੂ ਨੂੰ ਘਰ ਭੇਜ ਦਿੱਤਾ।

ਅਗਲੇ ਦਿਨ ਉਸ ਦੇ ਮਾਪਿਆਂ ਨੇ ਆ ਕੇ ਦੱਸਿਆ ਕਿ ਨੀਟੂ ਨੂੰ ਤਾਂ ਕਸਰ ਹੋ ਗਈ ਹੈ। ਪਿਛਲੇ ਸਾਲ ਅਣਆਈ ਮੌਤ ਮਰਿਆ ਨੌਜਵਾਨ ਬੋਲਣ ਲੱਗ ਪਿਆ ਹੈ। ਜਦ ਇਹ ਗੱਲ ਸਕੂਲ ਦੇ ਸਾਇੰਸ ਦੇ ਅਧਿਆਪਕ ਕੋਲ ਪਹੁੰਚ ਤਾਂ ਉਸ ਨੇ ਮਾਪਿਆਂ ਨੂੰ ਤੁਰੰਤ ਸਕੂਲੇ ਬੁਲਾਇਆ। ਉਸ ਨੂੰ ਉਸ ਦੇ ਇਲਾਜ ਲਈ ਚੇਲਿਆਂ ਦੇ ਦਰਬਾਰਾਂ 'ਚ ਹਾਜ਼ਰੀ ਭਰਨ ਵਿੱਚ ਜਾਣ ਤੋਂ ਰੋਕ ਦਿੱਤਾ ਤੇ ਨੀਟੂ ਨੂੰ ਛੁੱਟੀ ਤੋਂ ਬਾਅਦ ਸਕੂਲੇ ਲਿਆਉਣ ਲਈ ਆਖਿਆ। ਤਰਕਸ਼ੀਲ ਵਿਚਾਰਾਂ ਦੇ ਧਾਰਨੀ ਇਸ ਅਧਿਆਪਕ ਨੇ ਨੀਟੂ ਤੋਂ ਪਿਆਰ ਨਾਲ ਪੁੱਛਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਦੀ ਗਲੀ ਵਿੱਚ ਹੀ ਇੱਕ ਚੇਲਾ ਰਹਿੰਦਾ ਹੈ। ਜਿਹੜਾ ਹਰੇਕ ਵੀਰਵਾਰ ਨੂੰ ਆਪਣਾ ਦਰਬਾਰ ਲਗਾਉਂਦਾ ਹੈ। ਉਸ ਦੇ ਘਰ ਵੀ ਭੂਤਾਂ ਪ੍ਰੇਤਾਂ ਤੇ ਕਸਰਾਂ ਦੀਆਂ ਗੱਲਾਂ ਅਕਸਰ ਹੀ ਚਲਦੀਆਂ ਰਹਿੰਦੀਆਂ ਹਨ। ਇਨ੍ਹਾਂ ਗੱਲਾਂ ਦਾ ਵੀ ਨੀਟੂ ਦੇ ਮਨ 'ਤੇ ਅਸਰ ਸੀ। ਜਦ ਉਹ ਸਕੂਲੋਂ ਗੈਰ-ਹਾਜ਼ਰ ਰਹਿਣ ਲੱਗ ਪਿਆ ਤਾਂ ਉਸ ਦੇ ਮਨ 'ਤੇ ਪੜ੍ਹਾਈ ਦਾ ਬੋਝ ਵੀ ਪੈਣ ਲੱਗਾ। ਅਧਿਆਪਕ ਨੇ ਉਸ ਦੇ ਮਾਪਿਆਂ ਨੂੰ ਸਮਝਾਇਆ ਕਿ ਘਰੇ ਉਸ ਨਾਲ ਵਹਿਮੀਂ ਗੱਲਾਂ ਕਰਨ ਤੋਂ ਗੁਰੇਜ ਕੀਤਾ ਜਾਵੇ ਤੇ ਉਸ ਦੇ ਖੁਰਾਕ ਤੇ ਮਾਨਸਿਕ ਸਿਹਤ ਦਾ ਖਿਆਲ ਰੱਖਿਆ ਜਾਵੇ। ਕੁਝ ਦਿਨਾਂ ਬਾਅਦ ਨੀਟੂ ਸਕੂਲ ਆਇਆ ਤਾਂ ਸਾਇੰਸ ਅਧਿਆਪਕ ਨੇ ਉਸਨੂੰ ਇਹ ਵਿਸ਼ਵਾਸ ਦਵਾਇਆ ਕਿ ਸਕੂਲ ਦਾ ਕੰਮ ਉਹ ਆਰਾਮ ਨਾਲ ਨਿਬੇੜ ਲਵੇ। ਉਸਨੂੰ ਕਿਸੇ ਵਿਸ਼ੇ ਦਾ ਅਧਿਆਪਕ ਤੰਗ ਪਰੇਸ਼ਾਨ ਨਹੀਂ ਕਰੇਗਾ ਪਰ ਆਪਣਾ ਧਿਆਨ ਪੜ੍ਹਾਈ 'ਤੇ ਹੀ ਕੇਂਦਰਿਤ ਕਰਨਾ ਹੈ। ਅਧਿਆਪਕ ਦੀ ਇਸ ਪ੍ਰੇਰਨਾ ਤੇ ਸਹਿਯੋਗ ਨਾਲ ਨੀਟੂ ਦੇ ਦਿਮਾਗ ਤੋਂ ਪੜ੍ਹਾਈ ਦੇ ਕੰਮ ਦਾ ਬੋਝ ਵੀ ਉਤਰ ਗਿਆ। ਉਹ ਸਹਿਜੇ ਸਹਿਜੇ ਠੀਕ ਅਵਸਥਾ ਵੱਲ ਮੁੜਨ ਲੱਗਾ। ਉਸ ਦੇ ਮਾਪਿਆਂ ਨੇ ਵੀ ਸਾਇੰਸ ਅਧਿਆਪਕ ਵੱਲੋਂ ਦਿੱਤੇ ਸੁਝਾਵਾਂ ਤੇ ਪੂਰੀ ਤਰ੍ਹਾਂ ਗੌਰ ਕੀਤਾ ਤੇ ਆਪਣੇ ਆਂਢ-ਗੁਆਂਢ ਤੇ ਰਿਸ਼ਤੇਦਾਰਾਂ ਦੇ ਇਸ ਸੁਝਾਅ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਕਿ ਨੀਟੂ ਦੀ ਕਸਰ ਦਾ ਤਾਂਤਰਿਕਾਂ ਤੋਂ ਬਕਾਇਦਾ ਇਲਾਜ ਕਰਵਾਇਆ ਜਾਵੇ। ਉਨ੍ਹਾਂ ਨੇ ਸਾਰੀ ਟੇਕ ਸਕੂਲ ਦੇ ਸਾਇੰਸ ਅਧਿਆਪਕ ਦੀ ਅਗਵਾਈ 'ਤੇ ਹੀ ਰੱਖੀ। ਤਿੰਨ ਕੁ ਹਫਤਿਆਂ ਵਿੱਚ ਨੀਟੂ ਨੇ ਆਪਣੇ ਸਕੂਲ ਦਾ ਰਹਿੰਦਾ ਕੰਮ ਪੂਰਾ ਕਰ ਲਿਆ ਤੇ ਉਹ ਬਿਲਕੁਲ ਠੀਕ ਹੋ ਗਿਆ। ਆਪਣੇ ਬੇਲੀਆਂ ਨਾਲ ਪਹਿਲਾਂ ਵਾਂਗ ਹੀ ਵਿਚਰਨ ਲੱਗ ਪਿਆ। ਉਸ ਵਿੱਚ ਆਈ ਇਸ ਤਬਦੀਲੀ ਤੋਂ ਉਸ ਦੇ ਮਾਪੇ ਬਹੁਤ ਹੈਰਾਨ ਤੇ ਖੁਸ਼ ਸਨ ਪਰ ਇਸ ਸਾਰੇ ਘਟਨਾਕ੍ਰਮ ਪਿੱਛੇ ਤਰਕਸ਼ੀਲ ਵਿਚਾਰਾਂ ਦੀ ਰੌਸ਼ਨੀ ਹੀ ਉਨ੍ਹਾਂ ਦਾ ਘਰ ਸੰਵਾਰ ਰਹੀ ਸੀ। ਅਧਿਆਪਕ ਨੇ ਉਸ ਦੇ ਮਾਪਿਆਂ ਨੂੰ ਸਕੂਲ ਬੁਲਾ ਕੇ ਸਾਰੀ ਅਵਸਥਾ ਤੋਂ ਜਾਣੂੰ ਕਰਵਾਇਆ ਤੇ ਅੱਗੇ ਤੋਂ ਅਜਿਹੇ ਭਰਮ ਭੁਲੇਖਿਆਂ ਤੋਂ ਦੂਰ ਰਹਿਣ ਲਈ ਆਖਿਆ। ਇੱਕ ਸੂਝਵਾਨ ਅਧਿਆਪਕ ਦੀ ਦੂਰ ਦ੍ਰਿਸ਼ਟੀ ਨੇ ਇੱਕ ਹੁਸ਼ਿਆਰ ਵਿਦਿਆਰਥੀ ਤੇ ਉਸਦੇ ਮਾਪਿਆਂ ਨੂੰ ਸਹੀ ਅਗਵਾਈ ਦੇ ਕੇ ਕਸਰ ਦਾ ਰਹੱਸ ਸਾਰਿਆਂ ਸਾਹਮਣੇ ਉਜਾਗਰ ਕਰ ਦਿੱਤਾ। ਅੱਜ ਵੀ ਸਮਾਜ ਵਿੱਚ ਬਹੁਤ ਸਾਰੇ ਲੋਕ ਅਗਿਆਨਤਾ ਵੱਸ ਭੁਲੇਖਿਆ ਦਾ ਸ਼ਿਕਾਰ ਹੋ ਕੇ ਜ਼ਿੰਦਗੀ 'ਚ ਭਟਕ ਰਹੇ ਹਨ। ਜਿਨ੍ਹਾਂ ਦਾ ਰਾਹ ਰੁਸ਼ਨਾਉਣ ਲਈ ਤਰਕਸ਼ੀਲ ਵਿਚਾਰਾਂ ਦੀ ਰੁਸ਼ਨਾਈ ਬਹੁਤ ਜਰੂਰੀ ਹੈ। ਹਰ ਵਿਅਕਤੀ ਦਾ ਫਰਜ਼ ਹੈ ਕਿ ਉਹ ਇਸ ਰੁਸ਼ਨਾਈ ਨੂੰ ਵਧੇਰੇ ਲੋਕਾਂ ਤੱਕ ਲੈ ਕੇ ਜਾਵੇ।

(ਤਰਕਸ਼ੀਲ ਫੀਚਰਜ਼)

ਵਹਿਮਾਂ-ਭਰਮਾਂ ਦੇ ਜਾਲ ਵਿੱਚ ਫਸਿਆ ਮਨੁੱਖ

ਸਕਿਟਜ਼ੋਫ੍ਰੇਨੀਆ

- ਡਾ. ਯਤੀਸ਼ ਅਗਰਵਾਲ



ਗੰਭੀਰ ਰੋਗ ਹੁੰਦਿਆਂ ਹੋਇਆਂ ਵੀ ਸਕਿਟਜ਼ੋਫ੍ਰੇਨੀਆ ਅੱਜ ਇਲਾਜ ਦੀ ਪ੍ਰਣਾਲੀ ਤੋਂ ਬਾਹਰ ਨਹੀਂ ਹੈ । ਮੌਜੂਦਾ ਦਵਾਈਆਂ ਨਾਲ ਇਸ ਰੋਗ ਦੇ ਲੱਛਣਾਂ ਉੱਤੇ ਕਾਬੂ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਰੋਗੀ ਨੂੰ ਜੀਵਨ ਦੀ ਮੁੱਖਧਾਰਾ ਵਿਚ ਲਿਆਂਦਾ ਜਾ ਸਕਦਾ ਹੈ । ਚਰਚਿਤ ਪੁਸਤਕ ਅਤੇ ਹੌਲੀਵੁੱਡ ਫਿਲਮ 'ਏ ਬਿਊਟੀਫੁਲ ਮਾਈਂਡ' ਕੋਰੀ ਕਲਪਨਾ ਨਹੀਂ, ਇੱਕ ਨੋਬਲ ਪੁਰਸਕਾਰ ਵਿਜੇਤਾ ਗਣਿਤ-ਸ਼ਾਸਤਰੀ ਜਾਨ ਨੈਸ਼ ਦੀ ਸੱਚੀ ਕਹਾਣੀ ਹੈ । ਇਹ ਕਹਾਣੀ ਕਿਸੇ ਦੀ ਵੀ ਕਹਾਣੀ ਹੋ ਸਕਦੀ ਹੈ ! ਜ਼ਰੂਰਤ ਸਿਰਫ਼ ਇੰਨੀ ਹੈ ਕਿ ਰੋਗੀ ਦੇ ਪਰਿਵਾਰ ਦੇ ਜੀਅ ਅਸਲੀਅਤ ਨੂੰ ਸਮਝ ਕੇ ਸਹਿਯੋਗ ਅਤੇ ਪ੍ਰੇਮ ਦਾ ਦ੍ਰਿਸ਼ਟੀਕੋਣ ਅਪਣਾਉਣ, ਰੋਗੀ ਦੇ ਇਲਾਜ ਵੱਲ ਧਿਆਨ ਦੇਣ ਅਤੇ ਵਕਤ ਆਉਣ 'ਤੇ ਉਸ ਨੂੰ ਪੁਨਰਵਾਸ ਦਾ ਰਸਤਾ ਲੱਭਣ ਵਿੱਚ ਮੱਦਦ ਕਰਨ ।

'ਸਕਿਟਜ਼ੋਫ੍ਰੇਨੀਆ' ਮਨ ਦਾ ਬੇਹੱਦ ਜਟਿਲ ਤੇ ਗੰਭੀਰ ਰੋਗ ਹੈ । ਇਸ ਵਿੱਚ ਮਨ ਵਹਿਮਾਂ-ਭਰਮਾਂ ਦੇ ਜਾਲ ਵਿੱਚ ਫਸ ਜਾਂਦਾ ਹੈ, ਸੱਚਾਈ ਨਾਲੋਂ ਸੰਬੰਧ ਟੁੱਟ ਜਾਂਦਾ ਹੈ, ਦੁਨੀਆਂ ਮਾਇਆ ਨਜ਼ਰ ਆਉਂਦੀ ਹੈ, ਮਨਨ ਸ਼ਕਤੀ ਰੋਗੀ ਹੋ ਜਾਂਦੀ ਹੈ, ਵਿਵਹਾਰ ਊਟ-ਪਟਾਂਗ ਤੇ ਅਸਭਿਆ ਹੋ ਜਾਂਦਾ ਹੈ, ਭਾਵਨਾਤਮਕ ਸਿਥਲਤਾ ਪੈਦਾ ਹੋ ਜਾਂਦੀ ਹੈ ਤੇ ਰੋਗੀ ਸਮਾਜ ਤੋਂ ਅਲੱਗ-ਥਲੱਗ ਹੁੰਦਾ ਜਾਂਦਾ ਹੈ । ਕੁਝ ਦਾ ਰੋਗ ਇੰਨਾ ਪ੍ਰਬਲ ਹੋ ਜਾਂਦਾ ਹੈ ਕਿ ਰਹਿਣ-ਸਹਿਣ ਤੇ ਪਹਿਰਾਵਾ ਵੀ ਅਜੀਬੋ-ਗਰੀਬ ਹੋ ਜਾਂਦਾ ਹੈ ਅਤੇ ਹਾਵ-ਭਾਵ ਤੋਂ ਵੀ ਰੋਗ ਸਪੱਸ਼ਟ ਝਲਕਣ ਲਗਦਾ ਹੈ । ਕਦੀ ਰੋਗੀ ਬਿਲਕੁਲ ਜੜ ਹੋ ਜਾਂਦਾ ਹੈ, ਕਦੀ ਬੇਹੱਦ ਉਤੇਜਿਤ । ਉਸ ਦੀ ਦੁਨੀਆਂ ਬਿਲਕੁਲ ਸੁੰਗੜ ਜਾਂਦੀ ਹੈ ਅਤੇ ਉਹ ਉਸ ਵਿੱਚ ਓਤ-ਪੋਤ ਹੋ ਕੇ ਇਕੱਲਾ ਹੋ ਜਾਂਦਾ ਹੈ । ਸਕਿਟਜ਼ੋਫ੍ਰੇਨੀਆ ਦੀ ਜਿਸ ਸ਼ਬਦ ਤੋਂ ਉਤਪਤੀ ਹੋਈ ਹੈ, ਉਸ ਦਾ ਅਰਥ ਹੈ - ਖੰਡਿਤ ਮਨ ਪਰ ਸੱਚਾਈ ਇਹ ਹੈ ਕਿ ਇਸ ਰੋਗ ਵਿੱਚ ਨਾ ਤਾਂ ਰੋਗੀ ਦਾ ਵਿਅਕਤੀਤਵ ਖੰਡਿਤ ਹੁੰਦਾ ਹੈ ਅਤੇ ਨਾ ਹੀ ਵਿਅਕਤੀ ਇੱਕ ਸਮੇਂ ਤੇ ਇੱਕ ਤੋਂ ਵੱਧ ਸਖ਼ਸੀਅਤ ਜਿਉਂਦਾ ਹੈ । ਇਸ ਵਿੱਚ ਰੋਗ ਹੁੰਦਾ ਹੈ ਮਨ ਵਿੱਚ ਉੱਠਣ ਵਾਲੇ ਵਿਚਾਰਾਂ ਦਾ , ਬੋਧ-ਸ਼ਕਤੀ ਦਾ, ਵਿਵਹਾਰ ਦਾ ! ਅਤੇ ਏਹੀ ਅਰਥ ਲੈ ਕੇ 20ਵੀਂ ਸਦੀ ਦੇ ਸ਼ੁਰੂ ਵਿੱਚ ਸਵਿਸ ਮਨੋਚਿਕਿਤਸਕ ਡਾ. ਯੂਜਿਨ ਬਲਯੂਲਰ ਨੇ ਇਸ ਨੂੰ ਇਹ ਨਾਂ ਦਿੱਤਾ ਸੀ ।

'ਸਕਿਟਜ਼ੋਫ੍ਰੇਨੀਆ' ਵਰਤਮਾਨ ਯੁਗ ਦਾ ਰੋਗ ਨਹੀਂ ਹੈ, ਇਸ ਦੀ ਹੋਂਦ ਸਦੀਆਂ ਪੁਰਾਣੀ ਹੈ । ਇਸ ਦਾ ਉਲੇਖ ਈਸਾ ਤੋਂ 1400 ਸਾਲ ਪਹਿਲਾਂ ਵੀ ਮਿਲਦਾ ਹੈ । ਇਹ ਹੀ ਉਹ ਰੋਗ ਹੈ ਜਿਸ ਨੂੰ ਜਰਮਨ ਮਨੋਚਿਕਿਤਸਕ ਡਾ. ਐਮਿਲ ਕ੍ਰੇਪੇਲਿਨ ਨੇ ਸੰਨ 1896 ਦੇ ਅੰਤ ਵਿੱਚ 'ਡਿਮੇਸ਼ੀਆ ਪ੍ਰਿਕੋਕਸ' ਦਾ ਨਾਂ ਦਿੱਤਾ ਸੀ । ਸਕਿਟਜ਼ੋਫ੍ਰੇਨੀਆ ਦਾ ਰੋਗ ਰੋਗੀ ਦੇ ਜੀਵਨ ਉੱਤੇ ਸਮੱਸਿਆ ਬਣ ਕੇ ਆਉਂਦਾ ਹੈ। ਰੋਗੀ ਸੱਚ ਅਤੇ ਝੂਠ ਵਿਚਾਲੇ ਫ਼ਰਕ ਕਰ ਸਕਣ ਦੀ ਮਨਨ-ਸਮਰਥਾ ਗੁਆ ਦਿੰਦਾ ਹੈ, ਸਹੀ ਅਤੇ ਊਲ-ਜਲੂਲ ਵਿਚਾਰਾਂ ਵਿੱਚ ਫ਼ਰਕ ਨਹੀਂ ਕਰ ਸਕਦਾ ਅਤੇ ਨਾ ਹੀ ਉਸ ਨੂੰ ਸਹੀ ਤੇ ਗਲਤ ਵਿਵਹਾਰ ਵਿਚਾਲੇ ਦੀ ਸੋਝੀ ਰਹਿੰਦੀ ਹੈ । ਅਜਿਹੇ ਵਿੱਚ ਨਾ ਤਾਂ ਉਹ ਠੀਕ ਕੰਮ ਕਰ ਸਕਦਾ ਹੈ ਅਤੇ ਨਾ ਦੂਜਿਆਂ ਨਾਲ ਚੰਗੇ ਸੰਬੰਧ ਰੱਖ ਸਕਦਾ ਹੈ ਅਤੇ ਨਾ ਆਪਣੀ ਦੇਖਭਾਲ ਕਰ ਸਕਦਾ ਹੈ । ਇਹ ਰੋਗ ਸਮੇਂ-ਸਮੇਂ ਉੱਤੇ ਇੰਨਾ ਉੱਗਰ ਹੋ ਜਾਂਦਾ ਹੈ ਕਿ ਰੋਗੀ ਨੂੰ ਹਸਪਤਾਲ ਵਿੱਚ ਭਰਤੀ ਹੋਣ ਦੀ ਜ਼ਰੂਰਤ ਪੈਂਦੀ ਹੈ । ਰੋਗੀ ਦੇ ਖੁਦਕੁਸ਼ੀ ਕਰਨ ਦੀ ਸ਼ੱਕ ਵੀ ਜ਼ੋਰਦਾਰ ਬਣੀ ਰਹਿੰਦੀ ਹੈ । ਲਗਭਗ 40 ਪ੍ਰਤੀਸ਼ਤ ਰੋਗੀ ਆਪਦੇ ਜੀਵਨਕਾਲ ਵਿੱਚ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ 15-20 ਪ੍ਰਤੀਸ਼ਤ ਦੀ ਮੌਤ ਇਸੇ ਵਿੱਚ ਹੋ ਜਾਂਦੀ ਹੈ । ਹੁਣ ਤੱਕ ਅਜਿਹਾ ਕੋਈ ਇਲਾਜ ਨਹੀਂ ਹੈ ਕਿ ਰੋਗ ਜੜ੍ਹ ਤੋਂ ਮਿਟ ਸਕੇ । ਪਰ ਹਾਂ, ਆਧੁਨਿਕ ਦਵਾਈਆਂ ਦੀ ਮੱਦਦ ਨਾਲ ਇਹ ਸੰਭਵ ਹੈ ਕਿ, ਰੋਗੀ ਸਾਧਾਰਣ ਹੋ ਕੇ ਸਰਗਰਮ ਜੀਵਨ ਵਿੱਚ ਆ ਸਕੇ । ਪ੍ਰਸਿੱਧ ਗਣਿਤ-ਸ਼ਾਸਤਰੀ ਜਾਨ ਨੈਸ਼, ਜਿਸ ਨੇ 'ਗੈਮ ਥਿਊਰੀ' ਦੇ ਕੇ ਅਰਥ-ਸ਼ਾਸਤਰ ਵਿੱਚ ਇੱਕ ਨਵੇਂ ਸਿਧਾਂਤ ਦੀ ਰਚਨਾ ਕੀਤੀ, ਸਕਿਟਜ਼ੋਫ੍ਰੇਨੀਆ ਉੱਤੇ ਜਿੱਤ ਹਾਸਿਲ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਅਕਤੀਆਂ ਵਿੱਚ ਇੱਕ

ਚਰਚਿਤ ਨਾਂ ਹੈ।ਉਸ ਦੇ ਜੀਵਨ ਉੱਤੇ ਕੁਝ ਸਾਲ ਪਹਿਲਾਂ 'ਏ ਬਿਊਟੀਫੁਲ ਮਾਈਂਡ' ਨਾਂ ਦੀ ਅੰਗਰੇਜ਼ੀ ਫਿਲਮ ਬਣੀ ਸੀ।

ਵਿਆਪਕ ਰੋਗ : ਸਕਿਟਜੋਫ੍ਰੇਨੀਆ ਦੁਨੀਆਂ ਦੇ ਹਰ ਦੇਸ਼ ਵਿੱਚ ਇਕਸਾਰ ਫੈਲਿਆ ਹੋਇਆ ਹੈ।ਸਦੀਆਂ ਤੋਂ ਇਸ ਦੀ ਦਰ ਵੀ ਇਕੋ ਜਿੰਨੀ ਬਣੀ ਹੋਈ ਹੈ।ਅਧਿਐਨਾਂ ਅਨੁਸਾਰ ਵਿਸ਼ਵ ਵਿੱਚ ਇੱਕ ਪ੍ਰਤੀਸ਼ਤ ਇਸਤਰੀ-ਪੁਰਸ਼ ਆਪਣੀ ਉਮਰ ਦੌਰਾਨ ਇਸ ਰੋਗ ਦਾ ਕਸ਼ਟ ਭੋਗਦੇ ਹਨ। ਇਹ ਇਸਤਰੀਆਂ ਵਿੱਚ ਪੁਰਸ਼ਾਂ ਜਿੰਨਾ ਹੀ ਆਮ ਹੈ ਪਰ ਇਸਤਰੀਆਂ ਵਿੱਚ ਰੋਗ ਪੁਰਸ਼ਾਂ ਦੀ ਤੁਲਨਾ ਵਿੱਚ ਘੱਟ ਉੱਗਰ ਹੁੰਦਾ ਹੈ। ਸਕਿਟਜੋਫ੍ਰੇਨੀਆ ਦੀ ਸ਼ੁਰੂਆਤ ਅਕਸਰ ਜਵਾਨੀ ਦੀ ਉਮਰ ਵਿੱਚ ਹੀ ਹੋ ਜਾਂਦੀ ਹੈ। ਸਭ ਤੋਂ ਵੱਧ ਮਾਮਲੇ 15-30 ਸਾਲ ਦੀ ਉਮਰ ਵਿੱਚ ਸਾਹਮਣੇ ਆਉਂਦੇ ਹਨ ਪਰ ਕਦੀ-ਕਦੀ ਰੋਗ ਦੇਰ ਨਾਲ ਵੀ ਪ੍ਰਗਟ ਹੁੰਦਾ ਹੈ।

ਪ੍ਰਮੁੱਖ ਲੱਛਣ: ਇਹ ਰੋਗ ਕਦੀ ਵੀ ਸ਼ੁਰੂ ਹੋ ਸਕਦਾ ਹੈ।ਅਕਸਰ ਇਹ ਹੌਲੀ-ਹੌਲੀ ਅੰਦਰ ਹੀ ਅੰਦਰ ਵਧਦਾ ਰਹਿੰਦਾ ਹੈ ਅਤੇ ਕਦੀ ਵੀ ਪ੍ਰਗਟ ਹੋ ਸਕਦਾ ਹੈ।ਕੁਝ ਵਿੱਚ ਸ਼ੁਰੂ ਵਿੱਚ ਰੋਗ ਦੇ ਲੱਛਣ ਅਸਥਾਈ ਹੁੰਦੇ ਹਨ ਅਤੇ ਕੁਝ ਵਿੱਚ ਰੋਗ ਇਸ ਰੂਪ ਵਿੱਚ ਸਾਲ ਦਰ ਸਾਲ ਕਿਸੇ ਇੱਕ ਖਾਸ ਮੌਸਮ ਵਿੱਚ ਕੁਝ ਸਾਲਾਂ ਤੱਕ ਹੋ ਕੇ ਠੀਕ ਵੀ ਹੋ ਜਾਂਦਾ ਹੈ।ਇਸ ਨੂੰ ਸਕਿਟਜੋਫ੍ਰੇਨੀਫਾਰਮ ਡਿਸਆਰਡਰ ਕਿਹਾ ਗਿਆ ਹੈ। ਬਹੁਤੇ ਰੋਗੀਆਂ ਵਿੱਚ ਰੋਗ ਇੱਕ ਵਾਰ ਹੋ ਜਾਵੇ ਤਾਂ ਉਮਰ ਭਰ ਰਹਿੰਦਾ ਹੈ। ਹਾਂ, ਇਸ ਦੇ ਲੱਛਣ ਕਦੀ ਉੱਗਰ ਤੇ ਕਦੀ ਸ਼ਾਂਤ ਹੋ ਸਕਦੇ ਹਨ। ਮਨਨ-ਸਮਰੱਥਾ ਦੇ ਕੰਮ ਨਾ ਕਰਨ ਦੇ ਕਾਰਨ ਰੋਗੀ ਅਕਸਰ ਇਹ ਨਹੀਂ ਸਮਝਦਾ ਕਿ ਉਹਦਾ ਮਨ ਰੋਗੀ ਹੈ।ਨਤੀਜੇ ਵਜੋਂ ਉਹ ਆਪਣੇ ਬੁਣੇ ਭਰਮ-ਜਾਲ ਵਿੱਚ ਹੀ ਫਸਦਾ ਜਾਂਦਾ ਹੈ। ਉਸ ਨੂੰ ਕਈ ਤਰ੍ਹਾਂ ਦੇ ਅਜੀਬੋ-ਗਰੀਬ ਅਨੁਭਵ ਸਤਾਉਣ ਲਗਦੇ ਹਨ। ਸੋਚ-ਸਮਝ, ਭਾਵਨਾਵਾਂ ਤੇ ਕ੍ਰਿਆਵਾਂ ਵਿੱਚ ਤਾਲਮੇਲ ਨਹੀਂ ਰਹਿੰਦਾ। ਵਿਵਹਾਰ ਕਾਹਲਾ ਜਿਹਾ ਹੋ ਜਾਂਦਾ ਹੈ। ਦੁਨੀਆਂ ਇੱਕ ਛਲਾਵਾ ਨਜ਼ਰ ਆਉਣ ਲਗਦੀ ਹੈ। ਹਰ ਕੋਈ ਸਾਜ਼ਿਸ਼ ਕਰਦਾ ਨਜ਼ਰ ਆਉਂਦਾ ਹੈ।ਕੁਝ-ਕੁਝ ਇਸ ਤਰ੍ਹਾਂ ਦੇ ਮਾਨਸਿਕ ਲੱਛਣਾਂ ਥਾਣੀ ਕਦੀ-ਕਦੀ ਕੋਈ ਸਾਧਾਰਣ ਵਿਅਕਤੀ ਵੀ ਥੋੜ੍ਹੇ ਦਿਨਾਂ ਲਈ ਗੁਜ਼ਰ ਸਕਦਾ ਹੈ। ਬੇਸਿਰ-ਪੈਰ ਦੀਆਂ ਕਲਪਨਾਵਾਂ ਦੇ ਉਲਟ-ਪੁਲਟ ਵਿਚਾਰ ਸਾਡੇ ਸਭ ਦੇ ਅੰਤਰ-ਮਨ ਵਿੱਚ ਕਦੀ ਨਾ ਕਦੀ ਥਾਂ ਲੈਂਦੇ ਹਨ, ਸਾਡਾ ਵਿਵਹਾਰ ਵੀ ਅਨੇਕਾਂ ਵਾਰ ਬੇਤਰਕ ਤੇ ਵਿਸੰਗਤ ਹੋ ਜਾਂਦਾ ਹੈ ਪਰ ਮਨ ਸਾਧਾਰਣ ਰੂਪ ਨਾਲ ਕੰਮ ਕਰ ਰਿਹਾ ਹੋਵੇ ਤਾਂ ਅਸੀਂ ਅਸਲੀਅਤ ਅਤੇ ਭਰਮ ਦੇ ਵਿਚਾਲੇ ਫ਼ਰਕ ਕਰ ਲੈਂਦੇ ਹਾਂ।ਸਕਿਟਜੋਫ੍ਰੇਨੀਆ ਦਾ ਰੋਗੀ ਇਹ ਭੇਤ ਨਹੀਂ ਸਮਝਦਾ।ਸਕਿਟਜੋਫ੍ਰੇਨੀਆ ਪੀੜਤ ਵਿੱਚ ਇਹ ਲੱਛਣ ਪ੍ਰਮੁੱਖ ਰੂਪ ਵਿੱਚ ਦੇਖੇ ਜਾਂਦੇ ਹਨ।

ਮਿਥਿਆ ਵਿਸ਼ਵਾਸ : ਰੋਗੀ ਦੇ ਮਨ ਉੱਤੇ ਕਈ ਤਰ੍ਹਾਂ ਦੇ ਮਿਥਿਆ ਨਿਰਮੂਲ ਵਿਸ਼ਵਾਸ ਭਾਰੂ ਹੋ ਜਾਂਦੇ ਹਨ।ਕਦੀ ਉਸ ਨੂੰ ਲਗਦਾ ਹੈ ਕਿ ਕੋਈ ਉਸ ਦੇ ਮਨ ਉੱਤੇ ਆਪਣੇ ਵਿਚਾਰ ਥੋਪ ਰਿਹਾ ਹੈ। ਕਦੀ ਉਸ ਨੂੰ ਲਗਦਾ ਹੈ ਕਿ ਉਸ ਦੇ ਵਿਚਾਰਾਂ ਨੂੰ ਦੂਜੇ ਸੁਣ ਸਕਦੇ ਹਨ।ਕਦੀ ਇਹ ਕਿ ਲੋਕ ਉਸ ਦੇ ਮਨ ਵਿੱਚੋਂ ਵਿਚਾਰ ਬਾਹਰ ਖਿੱਚ ਲੈਂਦੇ ਹਨ ਅਤੇ ਕਦੀ ਇਹ ਕਿ ਕਿਸੇ ਅਦ੍ਰਿਸ਼ ਸ਼ਕਤੀ ਨੇ ਉਸ ਦੇ ਮਨ ਉੱਤੇ ਕਬਜ਼ਾ ਕਰ ਲਿਆ ਹੈ।ਕਦੀ-ਕਦੀ ਉਹ ਆਪਣੇ-ਆਪ ਨੂੰ ਦੇਸ਼ ਦਾ ਬਾਦਸ਼ਾਹ, ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਵੀ ਸਮਝਣ ਲਗਦਾ ਹੈ।ਇਸ ਵਹਿਮ ਦੀ ਹਾਲਤ ਵਿੱਚ ਉਹ ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ ਜਿਸ ਵਿੱਚ ਵਿਗਿਆਨ, ਅਰਥ-ਸ਼ਾਸਤਰ ਅਤੇ ਕਈ ਤਰ੍ਹਾਂ ਦੇ ਜਟਿਲ ਸਿੱਧਾਂਤ ਸ਼ਾਮਿਲ ਹੋ ਸਕਦੇ ਹਨ।

ਭਰਮ: ਸਕਿਟਜੋਫ੍ਰੇਨੀਆ ਵਿੱਚ ਰੋਗੀ ਦਾ ਸਾਹਮਣਾ ਕਈ ਤਰ੍ਹਾਂ ਦੇ ਭਰਮਾਂ ਨਾਲ ਹੋ ਸਕਦਾ ਹੈ। ਇਹ ਭਰਮ-ਦ੍ਰਿਸ਼ਟੀ, ਸੁਣਨ, ਗੰਧ, ਸੁਆਦ, ਮਹਿਸੂਸ ਕਰਨ ਆਦਿ ਕਿਸੇ ਨਾਲ ਵੀ ਹੋ ਸਕਦੇ ਹਨ।ਸੁਣਨ-ਭਰਮ ਹੋਣ 'ਤੇ ਰੋਗੀ ਨੂੰ ਵਚਿੱਤਰ ਅਨੁਭਵ ਹੁੰਦੇ ਹਨ - ਆਵਾਜ਼ਾਂ ਸੁਣਾਈ ਦਿੰਦੀਆਂ ਹਨ, ਲਗਦਾ ਹੈ ਕਿ ਕੋਈ ਉਸ ਨਾਲ ਗੱਲਬਾਤ ਕਰ ਰਿਹਾ ਹੈ।ਕਦੀ ਲਗਦਾ ਹੈ ਕਿ ਕੋਈ ਉਸ ਦੇ ਮਨ ਵਿੱਚ ਉਠਣ ਵਾਲੇ ਵਿਚਾਰਾਂ ਨੂੰ ਉੱਚੀ ਆਵਾਜ਼ ਵਿੱਚ ਕਹਿ ਰਿਹਾ ਹੈ।ਕਦੀ ਲਗਦਾ ਹੈ ਕਿ ਕੋਈ ਉਸ ਨੂੰ ਕੁਝ ਕੰਮ ਕਰਨ ਲਈ ਹਿਦਾਇਤ ਦੇ ਰਿਹਾ ਹੈ ਜਾਂ ਡਰਾ-ਧਮਕਾ ਰਿਹਾ ਹੈ।ਕਦੀ ਰੋਗੀ ਨੂੰ ਦ੍ਰਿਸ਼ਟੀ-ਭਰਮ ਹੁੰਦੇ ਹਨ।ਲਗਦਾ ਹੈ ਅੱਖਾਂ ਮੋਹਰੇ ਵਚਿੱਤਰ ਮੂਰਤਾਂ ਘੁੰਮ ਰਹੀਆਂ ਹਨ।ਅਜਿਹੇ ਵਿੱਚ ਸਾਹਮਣੇ ਹੁੰਦਾ ਕੁਝ ਹੈ, ਦਿਖਾਈ ਕੁਝ ਹੋਰ ਦਿੰਦਾ ਹੈ।ਜਿਵੇਂ ਰੁੱਖ ਉਤੇ ਟੰਗੀ ਰੱਸੀ ਸੱਪ ਦਿਸਣ ਲਗਦੀ ਹੈ ਅਤੇ ਰੋਗੀ ਭੈ-ਭੀਤ ਹੋ

ਜਾਂਦਾ ਹੈ । ਇਸ ਤਰ੍ਹਾਂ ਦਾ ਭਰਮ ਆਮ ਆਦਮੀ ਨੂੰ ਵੀ ਹੋ ਸਕਦਾ ਹੈ ਪਰ ਅਸਲੀਅਤ ਦਾ ਪਤਾ ਲਗਦਿਆਂ ਹੀ ਉਹ ਉਸ ਭਰਮ ਦੀ ਧੁੰਦ ਵਿੱਚੋਂ ਬਾਹਰ ਨਿਕਲ ਜਾਂਦਾ ਹੈ ਪਰ ਸਕਿਟਜ਼ੋਫ੍ਰੇਨੀਆ ਦੇ ਰੋਗੀ ਨੂੰ ਲੱਖ ਸਮਝਾਇਆਂ ਵੀ ਉਹ ਆਪਣੀ ਧਾਰਣਾ ਨਹੀਂ ਬਦਲਦਾ। ਇੱਕ ਗੱਲ ਹੋਰ - ਸਕਿਟਜ਼ੋਫ੍ਰੇਨੀਆ ਵਿੱਚ ਇਹ ਅਨੁਭਵ ਚੌਵੀ ਘੰਟਿਆਂ ਤੱਕ ਹੁੰਦੇ ਹਨ । ਇਸ ਤੋਂ ਉਲਟ ਦੂਜੇ ਮਨੋਵਿਕਾਰਾਂ ਵਿੱਚ ਜੇਕਰ ਅਜਿਹੇ ਅਨੁਭਵ ਹੁੰਦੇ ਹਨ ਤਾਂ ਇਹ ਰਾਤ ਦੇ ਪਹਿਲੇ ਪਹਿਰ ਵਿੱਚ ਹੀ ਸੀਮਤ ਰਹਿੰਦੇ ਹਨ ।

ਉਲਟ-ਪੁਲਟ ਵਿਵਹਾਰ: ਸਕਿਟਜ਼ੋਫ੍ਰੇਨੀਆ ਦਾ ਪ੍ਰਭਾਵ ਰੋਗੀ ਦੇ ਵਿਵਹਾਰ, ਹਾਵ-ਭਾਵ ਅਤੇ ਸਰੀਰਕ ਸਥਿਤੀਆਂ ਤੋਂ ਮਹਿਸੂਸ ਕੀਤਾ ਜਾ ਸਕਦਾ ਹੈ । ਇਸ ਵਿੱਚ ਇੰਨੀ ਵਚਿੱਤਰਤਾ ਹੁੰਦੀ ਹੈ ਕਿ ਕੋਈ ਵੀ ਇਹ ਸਮਝ ਸਕਦਾ ਹੈ ਕਿ ਉਸ ਦੀ ਮਾਨਸਿਕ ਸਿਹਤ ਠੀਕ ਨਹੀਂ ਹੈ । ਜਿਵੇਂ ਉਹ ਆਪਣੇ ਆਪ ਨਾਲ ਹੀ ਗੱਲ ਕਰਨ ਲਗਦਾ ਹੈ, ਕਦੀ ਪਿਛਾਂਹ ਨੂੰ ਤੁਰਨ ਲਗਦਾ ਹੈ । ਉਹਦੇ ਹਾਵ-ਭਾਵ ਵੀ ਬੇਤਰਕ ਹੋ ਜਾਂਦੇ ਹਨ - ਕਦੀ ਜ਼ੋਰ ਨਾਲ ਹੱਸਣ ਲਗਦਾ ਹੈ ਤੇ ਕਦੀ ਰੋਣ ।ਕਦੀ ਉਸ ਨੂੰ ਲਗਦਾ ਹੈ ਕਿ ਉਹ 'ਅਲੌਕਿਕ' ਸੁੱਖ ਦੀ ਅਵਸਥਾ ਵਿੱਚ ਹੈ । ਲਗਦਾ ਹੈ, ਪੂਰੇ ਬ੍ਰਹਿਮੰਡ ਨਾਲ ਉਹਦੀ ਇਕਮਿਕਤਾ ਹੋ ਗਈ ਹੈ ।ਉਸ ਨੂੰ ਧਾਰਮਿਕ ਫੈਂਟੇਸੀ ਵੀ ਹੋ ਸਕਦੀ ਹੈ - ਆਪਣੀ ਹੋਂਦ ਕਿਸੇ ਦੈਵੀ-ਸ਼ਕਤੀ ਵਿੱਚ ਸਮਾਈ ਨਜ਼ਰ ਆਉਂਦੀ ਹੈ । ਕਦੀ ਉਹ ਅਜੀਬੋ-ਗਰੀਬ ਚਿਹਰਾ ਬਣਾਉਣ ਲਗਦਾ ਹੈ। ਉਹ ਅਜੀਬ ਜਿਹੀ ਹਾਲਤ ਵਿੱਚ ਦੇਰ ਤੱਕ ਪਿਆ ਰਹਿ ਸਕਦਾ ਹੈ । ਭਾਵੇਂ ਉਹ ਹਾਲਤ ਸਰੀਰ ਲਈ ਕਿੰਨੀ ਵੀ ਤਕਲੀਫ਼ ਵਾਲੀ ਕਿਉਂ ਨਾ ਹੋਵੇ ।ਕਦੀ ਉਹ ਇੱਕ ਹੀ ਕੰਮ ਵਾਰ-ਵਾਰ ਕਰਦਾ ਰਹਿੰਦਾ ਹੈ - ਜਿਵੇਂ ਜੁੱਤਿਆਂ ਦੇ ਫੀਤੇ ਖੋਲ੍ਹਦੇ-ਬੰਨ੍ਹਦੇ ਰਹਿਣਾ । ਕਦੀ ਉਹ ਬਿਲਕੁਲ ਦੂਜੇ ਦੀ ਨਕਲ ਕਰਦਾ ਹੈ । ਉਸ ਨੂੰ ਆਪਣੇ ਪਹਿਰਾਵੇ ਤੇ ਛਬੀ ਦੀ ਸੁੱਧ ਨਹੀਂ ਰਹਿੰਦੀ ।

ਭਰਮਿਤ ਵਿਚਾਰ ਤੇ ਬੋਲ: ਵਿਚਾਰਕ ਪੱਧਰ ਉਤੇ ਭਰਮ ਦੀ ਸਥਿਤੀ ਹੋਣ ਦੇ ਕਾਰਨ ਸਕਿਟਜ਼ੋਫ੍ਰੇਨੀਆ ਦੇ ਰੋਗੀ ਦੀ ਗੱਲ ਵੀ ਅਜਿਹੀ ਬੇਤੁਕੀ ਹੋ ਜਾਂਦੀ ਹੈ ਕਿ ਉਸ ਨੂੰ ਸਮਝਿਆ ਨਹੀਂ ਜਾ ਸਕਦਾ । ਗੱਲਬਾਤ ਕਰਦਿਆਂ ਉਹ ਅਚਾਨਕ ਹੀ ਇੱਕ ਵਿਸ਼ੇ ਤੋਂ ਦੂਜੇ ਤੇ ਦੂਜੇ ਤੋਂ ਤੀਜੇ ਤੇ ਫਿਰ ਚੌਥੇ ਤੱਕ ਪਹੁੰਚ ਜਾਂਦਾ ਹੈ । ਉਹਦਾ ਪਹਿਲਾ ਵਾਕ ਦੂਜੇ ਵਾਕ ਨਾਲ ਨਹੀਂ ਜੁੜਦਾ ਅਤੇ ਉਹ ਖੁਦ ਆਪਣੇ ਨਵੇਂ ਸ਼ਬਦ ਜੋੜ ਲੈਂਦਾ ਹੈ ।ਇਨ੍ਹਾਂ ਸ਼ਬਦਾਂ ਦਾ ਕੋਈ ਮਤਲਬ ਨਹੀਂ ਹੁੰਦਾ ।ਕੁਝ ਰੋਗੀ ਦੂਜਿਆਂ ਦੇ ਹੀ ਸ਼ਬਦ ਦੁਹਰਾਉਂਦੇ ਹਨ ।ਕੁਝ ਬਿਲਕੁਲ ਮੌਨ ਧਾਰਣ ਕਰ ਲੈਂਦੇ ਹਨ ।

ਭਾਵ-ਰਹਿਤ: ਬਹੁਤੇ ਰੋਗੀਆਂ ਵਿੱਚ ਭਾਵ-ਰਹਿਤ ਸਥਿਤੀ ਉਤਪੰਨ ਹੋ ਜਾਂਦੀ ਹੈ । ਉਨ੍ਹਾਂ ਨੂੰ ਕਿਸੇ ਨਾਲ ਸਨੇਹ ਨਹੀਂ ਰਹਿੰਦਾ, ਨਾ ਹੀ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਰਹਿੰਦੀ ਹੈ ।ਉਹ ਦੂਜਿਆਂ ਤੋਂ ਅੱਖਾਂ ਚੁਰਾਉਣ ਲਗਦੇ ਹਨ ਜਾਂ ਅਜਿਹਾ ਵਿਵਹਾਰ ਦਿਖਾਉਂਦੇ ਹਨ ਕਿ ਜਿਵੇਂ ਦੂਜੇ ਲੋਕ ਹੈਨ ਹੀ ਨਹੀਂ ।ਉਨ੍ਹਾਂ ਦਾ ਚਿਹਰਾ ਭਾਵ-ਰਹਿਤ ਹੋ ਜਾਂਦਾ ਹੈ, ਅੱਖਾਂ ਇਕਾਂਤ ਵਿੱਚ ਝਾਕਣ ਲਗਦੀਆਂ ਹਨ ਅਤੇ ਉਹ ਮੱਠੀ ਸੁਰ ਵਿੱਚ ਆਪਣੇ ਨਾਲ ਹੀ ਬੁੜਬੁੜ ਕਰਨ ਲੱਗ ਪੈਂਦੇ ਹਨ ।

ਕਾਰਜ-ਸਮਰੱਥਾ ਵਿੱਚ ਫ਼ਰਕ ਅਤੇ ਦੂਜੇ ਲੱਛਣ : ਰੋਗ ਦਾ ਪ੍ਰਭਾਵ ਯਾਦਾਸ਼ਤ, ਮਾਨਸਿਕ ਇਕਾਗਰਤਾ, ਕਲਪਨਾ ਸ਼ਕਤੀ ਅਤੇ ਨਿਯੋਜਨ ਸਮਰੱਥਾ ਉਤੇ ਵੀ ਪੈਂਦਾ ਹੈ । ਸਿੱਟੇ ਵਜੋਂ, ਰੋਗੀ ਆਪਣੇ ਕੰਮ ਵਿੱਚ ਪਿਛੜ ਜਾਂਦਾ ਹੈ ਪਰ ਦੂਜੇ ਲੋਕ ਇਹੀ ਸੋਚਦੇ ਹਨ ਕਿ ਉਹ ਆਪਣੇ ਕੰਮ ਪ੍ਰਤੀ ਈਮਾਨਦਾਰ ਨਹੀਂ ਰਿਹਾ ਜਦ ਕਿ ਹਾਲਾਤ ਉਸ ਦੇ ਵੱਸ ਨਹੀਂ ਹੁੰਦੇ । ਉਸ ਉਤੇ ਚਿੰਤਾ, ਉਦਾਸੀ ਤੇ ਆਤਮਘਾਤ ਦੇ ਵਿਚਾਰ ਵੀ ਸਮੇਂ-ਸਮੇਂ ਭਾਰੂ ਹੁੰਦੇ ਰਹਿੰਦੇ ਹਨ ।ਉਹ ਨਸ਼ੇ ਦੀ ਲਤ ਵਿੱਚ ਵੀ ਪੈ ਸਕਦਾ ਹੈ । ਨਸ਼ਿਆਂ ਵਿੱਚ ਪੈ ਕੇ ਉਹ ਦੂਜਿਆਂ ਤੋਂ ਹੋਰ ਵੀ ਅਲੱਗ-ਥਲੱਗ ਹੋ ਜਾਂਦਾ ਹੈ ।

ਸਕਿਟਜ਼ੋਫ੍ਰੇਨੀਆ ਦੀਆਂ ਕਿਸਮਾਂ: ਕੁਝ ਮਨੋਚਿਕਿਤਸਕ ਸਕਿਟਜ਼ੋਫ੍ਰੇਨੀਆ ਨੂੰ ਛੇ ਬੁਨਿਆਦੀ ਕਿਸਮਾਂ ਵਿੱਚ ਵਰਗੀਕ੍ਰਿਤ ਕਰਦੇ ਹਨ - ਕੈਟਾਟੋਨੀਆ, ਹੈਬਿਫ੍ਰੇਨੀਆ, ਪੈਰਨਾਇਡ, ਅਨਡਿਫਰੇਂਸ਼ਿਏਟਿਡ, ਰੇਜਿਡੁਅਲ ਅਤੇ ਸਿੰਪਲ ਸਕਿਟਜ਼ੋਫ੍ਰੇਨੀਆ।ਕੈਟਾਟੋਨੀਆ ਵਿੱਚ ਰੋਗੀ ਜੜ ਹੋ ਜਾਂਦਾ ਹੈ । ਦੁਨੀਆਂ ਨਾਲ ਉਹਦਾ ਕੋਈ ਸੰਬੰਧ ਨਹੀਂ ਰਹਿੰਦਾ ਅਤੇ ਉਹ ਅਸਾਧਾਰਣ ਹਾਲਾਤ ਅਪਨਾਉਂਦਾ ਲਗਦਾ ਹੈ ।ਉਸ ਦੇ ਸਰੀਰ ਦੀਆਂ ਪੇਸ਼ੀਆਂ ਤਣੀਆਂ ਰਹਿੰਦੀਆਂ ਹਨ । ਜਦ ਕਦੀ ਉਹ ਉਤੇਜਿਤ ਹੋ ਜਾਂਦਾ ਹੈ ਤਾਂ ਉਹ ਆਪਣੇ ਤੇ ਹੋਰਾਂ ਲਈ ਖ਼ਤਰਨਾਕ ਬਣ ਜਾਂਦਾ ਹੈ ।ਹੈਬਿਫ੍ਰੇਨੀਆ ਮੂਲ-ਰੂਪ ਵਿੱਚ ਮੂਡ ਨਾਲ ਸੰਬੰਧਤ ਵਿਕਾਰ ਹੈ । ਇਸ ਵਿੱਚ ਰੋਗੀ ਕਦੀ ਜ਼ੋਰ ਨਾਲ

ਹੱਸਦਾ ਹੈ, ਕਦੀ ਮੁਸਕਰਾਉਂਦਾ ਤੇ ਕਦੀ ਉਲਟ-ਪੁਲਟ ਇਸ਼ਾਰਿਆਂ ਨਾਲ ਮੂੰਹ ਬਣਾਉਂਦਾ ਲਗਦਾ ਹੈ। ਇਨ੍ਹਾਂ ਦੋ ਕਿਸਮਾਂ ਦੀ ਤੁਲਨਾ ਵਿੱਚ ਪੈਰਾਨੋਇਡ ਸਕਿਟਜੋਫ੍ਰੇਨੀਆ ਘੱਟ ਗੰਭੀਰ ਹੁੰਦਾ ਹੈ ।ਇਹ ਰੋਗ ਆਮ ਤੌਰ ਤੇ ਅੱਧਖੜ ਉਮਰ ਵਿੱਚ ਹੁੰਦਾ ਹੈ ।ਇਸ ਵਿੱਚ ਰੋਗੀ ਦੇ ਮਨ ਵਿੱਚ ਇਹ ਵਹਿਮ ਰਹਿੰਦਾ ਹੈ ਕਿ ਹਰ ਕੋਈ ਉਸ ਦੇ ਖਿਲਾਫ਼ ਸਾਜ਼ਿਸ਼ ਕਰ ਰਿਹਾ ਹੈ ।ਸਮਰੂਪ (ਅਨਡਿਫਰੇਂਸ਼ਿਏਟਿਡ) ਸਕਿਟਜੋਫ੍ਰੇਨੀਆ ਇਨ੍ਹਾਂ ਪਹਿਲੀਆਂ ਤਿੰਨਾਂ ਕਿਸਮਾਂ ਦਾ ਮਿਲਿਆ-ਜੁਲਿਆ ਰੂਪ ਹੈ । ਇਸ ਵਿੱਚ ਕੈਟਾਟੋਨੀਆ, ਹੈਬਿਫ੍ਰੇਨੀਆ ਅਤੇ ਪੈਰਾਨੋਇਡ ਤਿੰਨਾਂ ਹੀ ਕਿਸਮਾਂ ਦੇ ਲੱਛਣ ਮੌਜੂਦ ਹੁੰਦੇ ਹਨ। ਰੇਜਿਡੂਅਲ ਸਕਿਟਜੋਫ੍ਰੇਨੀਆ ਵਿੱਚ ਰੋਗ ਦੇ ਕਾਰਨ ਮਰੀਜ਼ ਕੁਝ ਨਹੀਂ ਕਰਨਾ ਚਾਹੁੰਦਾ, ਉਸ ਵਿੱਚ ਕੁਝ ਵੀ ਨਵਾਂ ਕਰਨ ਦੀ ਇੱਛਾ ਨਹੀਂ ਰਹਿੰਦੀ, ਉਹ ਦੂਜਿਆਂ ਨਾਲ ਅੱਖ ਨਹੀਂ ਮਿਲਾਉਂਦਾ, ਆਪਣੀ ਸਰੀਰਕ ਦੇਖਭਾਲ ਪ੍ਰਤਿ ਉਦਾਸ ਹੋ ਜਾਂਦਾ ਹੈ ਅਤੇ ਇਸ ਗੱਲ ਦੀ ਉਸ ਨੂੰ ਜ਼ਰਾ ਵੀ ਪ੍ਰਵਾਹ ਨਹੀਂ ਰਹਿੰਦੀ ਕਿ ਕੋਈ ਉਸ ਬਾਰੇ ਕੀ ਸੋਚੇਗਾ। ਸਿੰਪਲ ਸਕਿਟਜੋਫ੍ਰੇਨੀਆ ਸਭ ਤੋਂ ਨਰਮ ਕਿਸਮ ਹੈ । ਇਸ ਵਿੱਚ ਰੋਗੀ ਨੂੰ ਵਹਿਮ-ਭਰਮ ਨਹੀਂ ਹੁੰਦੇ ਪਰ ਉਹ ਆਪਣੇ-ਆਪ ਨੂੰ ਸਮਾਜ ਵਿੱਚ ਖਪਾ ਨਹੀਂ ਪਾਉਂਦਾ । ਇਉਂ ਉਹ ਆਪਣੀ ਸਾਰੀ ਜ਼ਿੰਦਗੀ ਇਧਰ-ਉਧਰ ਘੁੰਮਦਿਆਂ ਬਿਤਾ ਦਿੰਦਾ ਹੈ । ਸਕਿਟਜੋਫ੍ਰੇਨੀਆ ਦਾ ਇਹ ਵਰਗੀਕਰਣ ਦਰਅਸਲ ਬਹੁਤਾ ਅਰਥ ਨਹੀਂ ਰਖਦਾ ।ਅਕਸਰ ਰੋਗੀਆਂ ਦੇ ਲੱਛਣ ਮਿਲਦੇ-ਜੁਲਦੇ ਹੁੰਦੇ ਹਨ ਅਤੇ ਕਿਸੇ ਇੱਕ ਵਿਅਕਤੀ ਵਿੱਚ ਵੀ ਰੋਗ ਸਮੇਂ-ਸਮੇਂ ਰੂਪ ਬਦਲਦਾ ਰਹਿੰਦਾ ਹੈ ।

ਸਕਿਟਜੋਫ੍ਰੇਨੀਆ ਦੀਆਂ ਜੜ੍ਹਾਂ : ਸਕਿਟਜੋਫ੍ਰੇਨੀਆ ਦੀ ਉਪਜ ਕਿਸੇ ਇੱਕ ਕਾਰਨ ਨਾਲ ਨਹੀਂ ਜੁੜੀ ਹੋਈ ।ਇਸ ਦੀਆਂ ਜੜ੍ਹਾਂ ਬਹੁ-ਆਯਾਮੀ ਲਗਦੀਆਂ ਹਨ । ਅਧਿਐਨਾਂ ਤੋਂ ਪ੍ਰਮਾਣ ਮਿਲਦਾ ਹੈ ਕਿ ਰੋਗ ਦੀ ਉਪਜ ਆਦਮੀ ਦੇ ਜੀਨਜ਼, ਦਿਮਾਗ ਵਿੱਚ ਉਪਜਣ ਵਾਲੇ ਜੈਵ-ਰਸਾਇਣ ਡੋਪਾਮਿਨ ਦੀ ਬਹੁਲਤਾ, ਦਿਮਾਗ ਦੀ ਅੰਦਰੂਨੀ ਰਚਨਾ ਦੇ ਵਿਕਾਰਾਂ ਤੇ ਮਾਂ ਦੇ ਪੇਟ ਵਿੱਚ ਹੁੰਦਿਆਂ ਹੋਇਆਂ ਪ੍ਰਤਿਕੂਲ ਸਥਿਤੀਆਂ ਥਾਣੀ ਲੰਘਣ ਨਾਲ ਜੁੜੀ ਹੋਈ ਹੈ ।ਕਿਸੇ ਵਿਅਕਤੀ ਵਿੱਚ ਅਜਿਹੀਆਂ ਸਥਿਤੀਆਂ ਹੋਣ ਤਾਂ ਉਸ ਦੇ ਜੀਵਨ ਵਿੱਚ ਵਧੇਰੇ ਤਣਾਅ ਰੋਗ ਦਾ ਕਾਰਨ ਸਿੱਧ ਹੋ ਸਕਦਾ ਹੈ ।

ਖ਼ਾਨਦਾਨੀ ਰੋਗ: ਸਕਿਟਜੋਫ੍ਰੇਨੀਆ ਦੇ ਖ਼ਾਨਦਾਨੀ ਰੋਗ ਹੋਣ ਦੀ ਪੁਸ਼ਟੀ ਕਈ ਅਧਿਐਨਾਂ ਵਿੱਚ ਕੀਤੀ ਜਾ ਚੁੱਕੀ ਹੈ । ਇੱਕ ਮਾਡਲ ਦੇ ਅਨੁਸਾਰ ਮਾਂ ਜਾਂ ਪਿਤਾ ਵਿੱਚ ਸਕਿਟਜੋਫ੍ਰੇਨੀਆ ਹੋਣ ਉਤੇ ਸੰਤਾਨ ਵਿੱਚ ਰੋਗ ਹੋਣ ਦੀ ਦਰ 13 ਪ੍ਰਤੀਸ਼ਤ ਪਾਈ ਗਈ ਹੈ । ਇਹ ਦਰ ਮਾਤਾ-ਪਿਤਾ ਦੋਹਾਂ ਦੇ ਸਕਿਟਜੋਫ੍ਰੇਨੀਆ ਹੋਣ ਤੱਕ ਵਧ ਕੇ 46 ਪ੍ਰਤੀਸ਼ਤ ਤੱਕ ਪਹੁੰਚ ਜਾਂਦੀ ਹੈ । ਇਸ ਉੱਤੇ ਘਰ ਦੇ ਵਾਤਾਵਰਣ ਦਾ ਕੋਈ ਪ੍ਰਭਾਵ ਨਹੀਂ ਪੈਂਦਾ ।ਸਬੂਤ ਦੇ ਤੌਰ 'ਤੇ ਸਕਿਟਜੋਫ੍ਰੇਨੀਆ ਰੋਗ ਵਾਲੇ ਮਾਤਾ-ਪਿਤਾ ਦੀਆਂ ਅਜਿਹੀਆਂ ਸੰਤਾਨਾਂ ਜੋ ਜਨਮ ਤੋਂ ਹੀ ਦੂਜੇ ਪਰਿਵਾਰ ਵਿੱਚ ਗੋਦ ਲੈ ਲਈਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਵੀ ਸਕਿਟਜੋਫ੍ਰੇਨੀਆ ਦੀ ਪਹਿਲਾਂ ਵਾਲੀ ਦਰ ਬਣੀ ਰਹਿੰਦੀ ਹੈ । ਇਸ ਤਰ੍ਹਾਂ ਕੋਈ ਸਕਿਟਜੋਫ੍ਰੇਨੀਆ ਰੋਗੀ ਕੋਈ ਦੂਜੇ ਦੀ ਸੰਤਾਨ ਗੋਦ ਲੈਂਦਾ ਹੈ ਤਾਂ ਗੋਦ ਲਏ ਬੱਚੇ ਵਿੱਚ ਰੋਗ ਦੀ ਦਰ ਨਹੀਂ ਵਧਦੀ । ਸਮਰੂਪ ਜੁੜਵੇਂ ਭੈਣਾਂ-ਭਰਾਵਾਂ ਵਿੱਚ ਵੀ ਇੱਕ ਦੇ ਰੋਗਗ੍ਰਸਤ ਹੋਣ 'ਤੇ ਦੂਜੇ ਵਿੱਚ ਰੋਗ ਦੀ ਦਰ 48 ਪ੍ਰਤੀਸ਼ਤ ਪਾਈ ਗਈ ਹੈ । ਇਹ ਦਰ ਜਨਮ ਤੋਂ ਵਿਛੜੇ ਜੁੜਵੇਂ ਭੈਣਾਂ-ਭਰਾਵਾਂ ਵਿੱਚ ਵੀ ਇੰਨੀ ਹੀ ਰਹਿੰਦੀ ਹੈ ।

ਜੈਵ-ਰਸਾਇਣਕ ਕਾਰਣ: ਜੈਵ-ਰਸਾਇਣਕ ਖੋਜ ਤੋਂ ਇਹ ਪ੍ਰਮਾਣ ਵੀ ਮਿਲੇ ਹਨ ਕਿ ਦਿਮਾਗ ਵਿੱਚ ਸੰਦੇਸ਼ ਵਾਹਕ ਦੀ ਭੂਮਿਕਾ ਨਿਭਾਉਣ ਵਾਲੇ ਜੈਵਿਕ ਰਸਾਇਣਾਂ ਦਾ ਵੀ ਸਕਿਟਜੋਫ੍ਰੇਨੀਆ ਦੀ ਉਪਜ ਵਿੱਚ ਹੱਥ ਹੈ । ਇਨ੍ਹਾਂ ਰਸਾਇਣਾਂ ਵਿੱਚ ਡੋਪਾਮਿਨ ਸਰਵ ਪ੍ਰਮੁੱਖ ਹੈ । ਦਿਮਾਗ ਦੇ ਕੁਝ ਵਿਸ਼ੇਸ਼ ਖੇਤਰਾਂ ਵਿੱਚ ਡੋਪਾਮਿਨ ਦੀ ਬਹੁਲਤਾ ਜਾਂ ਇਨ੍ਹਾਂ ਖੇਤਰਾਂ ਦੀ ਡੋਪਾਮਿਨ ਪ੍ਰਤਿ ਅਤਿ ਸੰਵੇਦਨਸ਼ੀਲਤਾ ਸਕਿਟਜੋਫ੍ਰੇਨੀਆ ਨੂੰ ਉਤਪੰਨ ਕਰਨ ਵਿੱਚ ਮਹੱਤਵਪੂਰਨ ਹੋ ਸਕਦੀ ਹੈ । ਮਨੋ-ਵਿਸ਼ੇਸ਼ਗ ਦਲੀਲ ਦਿੰਦੇ ਹਨ ਕਿ ਰੋਗੀਆਂ ਨੂੰ ਐਂਟੀ-ਸਾਇਕੋਟਿਕ ਦਵਾਈਆਂ ਤੋਂ ਹੋਣ ਵਾਲਾ ਲਾਭ ਇਸ ਜੈਵ-ਤੱਥ ਉਤੇ ਟਿਕਿਆ ਹੋਇਆ ਹੈ । ਇਹ ਦਵਾਈਆਂ ਦਿਮਾਗ ਵਿੱਚ ਸਥਿਤ ਡੋਪਾਮਿਨ ਜੈਵ ਰਿਸੈਪਟਰਸ ਨੂੰ ਬਲਾਕ ਕਰ ਕੇ ਆਪਣਾ ਪ੍ਰਭਾਵ ਦਿਖਾਉਂਦੀਆਂ ਹਨ ।

ਦਿਮਾਗ ਦੀ ਰਚਨਾ ਦੇ ਵਿਕਾਰ: ਐਮ.ਆਰ.ਆਈ., ਸੀ.ਟੀ. ਸਕੈਨ ਜਾਂ ਪੋਜੀਟ੍ਰੋਨ ਇਮਿਸ਼ਨ ਟੋਮੋਗ੍ਰਾਫੀ ਨਾਲ ਸਕਿਟਜੋਫ੍ਰੇਨੀਆ ਦੇ ਰੋਗੀਆਂ ਦੇ ਦਿਮਾਗ ਦਾ ਅਧਿਐਨ ਕਰਨ

’ਤੇ ਕੁਝ ਖ਼ਾਸ ਕਿਸਮ ਦੇ ਦਿਮਾਗ-ਰਚਨਾ ਸੰਬੰਧੀ ਵਿਕਾਰ ਵੀ ਸਾਹਮਣੇ ਆਏ ਹਨ । ਇਨ੍ਹਾਂ ਵਿਕਾਰਾਂ ਵਿੱਚ ਦਿਮਾਗ ਅੰਦਰ ਸਥਿਤ ਵੇਂਟ੍ਰਿਕਲਸ ਦਾ ਵਧਿਆ ਹੋਣਾ, ਕੁੱਲ ਖੇਤਰਫਲ ਦੀ ਦ੍ਰਿਸ਼ਟੀ ਤੋਂ ਦਿਮਾਗ ਦਾ ਛੋਟਾ ਹੋਣਾ ਅਤੇ ਦਿਮਾਗ ਦੇ ਕੁਝ ਖੇਤਰਾਂ - ਜਿਵੇਂ ਮੱਥੇ ਵਾਲਾ ਹਿੱਸਾ (ਫਰੰਟਲ ਲੋਬ), ਸੰਖ ਖੰਡ (ਟੈਮਪੋਰਲ ਲੋਬ), ਆਧਾਰੀ ਗੀਡਿਕਾ (ਬੇਸਲ ਗੈਂਗਲਿਯਾ), ਹਿਪੋਕੈਂਪਸ, ਚੈਤਕ (ਥੈਲੇਮਸ) - ਦੀਆਂ ਕੁਝ ਅਸਮਾਨਤਾਵਾਂ ਪ੍ਰਮੁੱਖ ਹਨ । ਇਨ੍ਹਾਂ ਵਿਕਾਰਾਂ ਦੇ ਆਧਾਰ ’ਤੇ ਸਰੀਰਕ੍ਰਿਆ ਵਿਗਿਆਨੀਆਂ ਨੇ ਸਕਿਟਜੋਫ੍ਰੇਨੀਆ ਦੇ ਮੂਲ ਲੱਛਣਾਂ ਨੂੰ ਸਮਝਣ ਦਾ ਯਤਨ ਵੀ ਕੀਤਾ ਹੈ ।

ਗਰਭ ਅਵਸਥਾ ਦੌਰਾਨ ਹਾਲਾਤ : ਮਾਂ ਦੇ ਪੇਟ ਵਿੱਚ ਵਧਦੇ ਸਮੇਂ ਪ੍ਰਤਿਕੂਲ ਸਥਿਤੀਆਂ ਨਾਲ ਸਾਹਮਣਾ ਹੋਣ ’ਤੇ ਵੀ ਬੱਚਾ ਅੱਗੇ ਚੱਲ ਕੇ ਸਕਿਟਜੋਫ੍ਰੇਨੀਆ ਦਾ ਕਸ਼ਟ ਭੋਗ ਸਕਦਾ ਹੈ । ਅਜਿਹੀਆਂ ਮਾਵਾਂ ਜਿਨ੍ਹਾਂ ਨੂੰ ਗਰਭ ਅਵਸਥਾ ਦੌਰਾਨ ਇੰਫਲੂੰਜਾ ਹੋ ਜਾਂਦਾ ਹੈ ਜਾਂ ਚੋਖੀ ਮਾਤਰਾ ਵਿੱਚ ਖੁਰਾਕ ਨਹੀਂ ਮਿਲਦੀ ਉਨ੍ਹਾਂ ਦੇ ਬੱਚਿਆਂ ਵਿੱਚ ਸਕਿਟਜੋਫ੍ਰੇਨੀਆ ਹੋਣ ਦੀ ਦਰ ਸਾਧਾਰਣ ਮਾਵਾਂ ਦੇ ਬੱਚਿਆਂ ਦੀ ਤੁਲਨਾ ਵਧੇਰੇ ਦੇਖੀ ਗਈ ਹੈ ।

ਤਣਾਅ ਦੀ ਭੂਮਿਕਾ : ਕੁਝ ਮਨੋ-ਵਿਗਿਆਨੀਆਂ ਅਨੁਸਾਰ ਸਕਿਟਜੋਫ੍ਰੇਨੀਆ ਦੇ ਤੰਤੂ ਮਨ ਦੇ ਅੰਦਰ ਤੱਕ ਪਏ ਹਨ । ਮਨੋਚਿਕਿਤਸਕ ਡਾ. ਏਡੋਲਫ ਮੇਅਰ ਅਨੁਸਾਰ ਰੋਗ ਦੀ ਉਤਪਤੀ ਵਿੱਚ ਤਣਾਅ ਨਿਸਚਿਤ ਰੂਪ ਵਿੱਚ ਮਹੱਤਵਪੂਰਨ ਹੈ । ਮਨੋਵਿਗਿਆਨੀ ਡਾ. ਹੈਰੀ ਸੂਲਿਵੇਨ ਦਾ ਵੀ ਮਤ ਹੈ ਕਿ ਬਚਪਨ ਵਿੱਚ ਸੁਖਾਵੇਂ ਸੰਬੰਧਾਂ ਦੀ ਅਣਹੋਂਦ ਰੋਗ ਦਾ ਕਾਰਨ ਬਣ ਸਕਦੀ ਹੈ । ਇਸ ਨਾਲ ਵਿਅਕਤੀ ਵਿੱਚ ਭਾਵ-ਰਹਿਤ ਹਾਲਤ ਆ ਜਾਂਦੀ ਹੈ ਅਤੇ ਉਹ ਇਸੇ ਕਾਰਨ ਵੱਡੇ ਹੋਣ ’ਤੇ ਜੀਵਨ ਵਿੱਚ ਦੂਜਿਆਂ ਨਾਲ ਸੰਬੰਧ ਨਹੀਂ ਬਣਾਉਂਦਾ । ਮਾਂ ਦਾ ਬਹੁਤ ਜਿਆਦਾ ਰੋਹਬ ਜਾਂ ਵੈਰ ਭਰਿਆ ਰਵੱਈਆ, ਪਿਤਾ ਵੱਲੋਂ ਮਾਰ-ਕੁੱਟ ਜਾਂ ਪਿਤਾ/ਮਾਤਾ ਦੀ ਕਮੀ ਵੀ ਰੋਗ ਦੀ ਉਪਜ ਵਿੱਚ ਮਹੱਤਵਪੂਰਨ ਸਾਬਤ ਹੋ ਸਕਦੀ ਹੈ । ਮਾਤਾ-ਪਿਤਾ ਦੇ ਆਪਸੀ ਵਿਰੋਧ ਦੇ ਕਾਰਨ ਬੱਚੇ ਨੂੰ ਹਰ ਪਲ ਬਰਾਬਰ-ਵਿਰੋਧੀ ਹਿਦਾਇਤਾਂ ਮਿਲਣ ਨਾਲ ਵੀ ਰੋਗ ਦੀ ਉਪਜ ਨੂੰ ਜੋੜਿਆ ਗਿਆ ਹੈ । ਅੱਜ ਜ਼ੋਰ ਇਸ ਗੱਲ ਉਤੇ ਹੈ ਕਿ ਸਕਿਟਜੋਫ੍ਰੇਨੀਆ ਮੂਲ ਰੂਪ ਵਿੱਚ ਜੈਵਿਕ ਰੋਗ ਹੈ, ਇਸ ਜੈਵਿਕ ਪਿੱਠਭੂਮੀ ਉਤੇ ਜ਼ਿਆਦਾ ਤਣਾਅ ਅੱਗ ਨੂੰ ਫੂਕ ਮਾਰਨ ਦਾ ਕੰਮ ਕਰਦਾ ਹੈ ।

ਇਲਾਜ : ਅੱਜ ਸਕਿਟਜੋਫ੍ਰੇਨੀਆ ਦੇ ਇਲਾਜ ਲਈ ਅਨੇਕਾਂ ਪ੍ਰਭਾਵਸ਼ਾਲੀ ਐਂਟੀਸਾਈਕੋਟਿਕ ਦਵਾਈਆਂ ਉਪਲਬਧ ਹਨ । ਉਨ੍ਹਾਂ ਦੀ ਮੱਦਦ ਨਾਲ ਰੋਗੀ ਦੇ ਮਨ ਦੇ ਭਰਮ ਨੂੰ ਦੂਰ ਭਜਾਇਆ ਜਾ ਸਕਦਾ ਹੈ । ਇਹ ਮਿਥਿਆ ਵਿਸ਼ਵਾਸਾਂ ਅਤੇ ਵਿਭਰਮਾਂ ਤੋਂ ਮੁਕਤੀ ਪਾ ਸਕਦਾ ਹੈ ਅਤੇ ਪਹਿਲਾਂ ਵਾਂਗ-ਜੀਵਨ ਦੀ ਮੁੱਖਧਾਰਾ ਵਿੱਚ ਆ ਸਕਦਾ ਹੈ । ਦਵਾ ਲੈਣ ਵਾਲੇ 60-80 ਪ੍ਰਤੀਸ਼ਤ ਰੋਗੀਆਂ ਨੂੰ ਲਾਭ ਪਹੁੰਚਾਉਂਦਾ ਹੈ, ਪਰ ਦਵਾਈਆਂ ਲੰਮੇ ਸਮੇਂ ਤੱਕ ਅਤੇ ਅਕਸਰ-ਉਮਰ ਭਰ ਲੈਣੀਆਂ ਪੈਂਦੀਆਂ ਹਨ । ਦਵਾਈ ਦੀ ਮਾਤਰਾ ਅਤੇ ਖੁਰਾਕ ਵਿੱਚ ਵੀ ਆਪਦੇ ਵੱਲੋਂ ਫੇਰ-ਬਦਲ ਨਹੀਂ ਕੀਤਾ ਜਾ ਸਕਦਾ । ਦਵਾਈਆਂ ਕਿਸੇ ਮਨੋਰੋਗਾਂ ਦੇ ਸਪੈਸ਼ਲਿਸਟ ਦੀ ਅਗਵਾਈ ਅਧੀਨ ਹੀ ਲੈਣੀਆਂ ਚਾਹੀਦੀਆਂ ਹਨ। ਕਈ ਰੋਗੀ ਮਨ ਦੇ ਅਸਵਸਥ ਹੋਣ ਦੇ ਕਾਰਨ ਦਵਾ ਲੈਣ ਲਈ ਤਿਆਰ ਨਹੀਂ ਹੁੰਦੇ । ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਦਵਾ ਦੀ ਕੋਈ ਜ਼ਰੂਰਤ ਨਹੀਂ ਹੈ । ਕਈਆਂ ਨੂੰ ਇਹ ਵੀ ਲਗਦਾ ਹੈ ਕਿ ਮਨੋਚਿਕਿਤਸਕ ਅਤੇ ਪਰਿਵਾਰ ਦੇ ਹੋਰ ਜੀਅ ਉਨ੍ਹਾਂ ਵਿਰੁੱਧ ਸਾਜ਼ਿਸ਼ ਰਚ ਰਹੇ ਹਨ ਅਤੇ ਦਵਾ ਦੀ ਥਾਂ ਜ਼ਹਿਰ ਦੇ ਰਹੇ ਹਨ । ਅਜਿਹੀ ਹਾਲਤ ਵਿੱਚ ਰੋਗੀ ਦੀ ਦੇਖਭਾਲ ਕਰਨ ਵਾਲੇ ਪਰਿਵਾਰ ਦੇ ਜੀਆਂ ਨੂੰ ਆਪਣੀਆਂ ਭਾਵਨਾਵਾਂ ਉੱਤੇ ਪੱਥਰ ਰੱਖਣਾ ਪੈਂਦਾ ਹੈ ਅਤੇ ਰੋਗੀ ਦੇ ਭਲੇ ਲਈ ਕੁਝ ਮੁਸ਼ਕਿਲ ਫੈਸਲੇ ਲੈਣੇ ਪੈਂਦੇ ਹਨ। ਕੁਝ ਐਂਟੀ-ਸਾਇਕੋਟਿਕ ਦਵਾਈਆਂ ਤਰਲ ਰੂਪ ਵਿੱਚ ਵੀ ਉਪਲਬਧ ਹਨ । ਲੋੜ ਪੈਣ ’ਤੇ ਡਾਕਟਰ ਨਾਲ ਸਲਾਹ ਕਰ ਕੇ ਇਨ੍ਹਾਂ ਨੂੰ ਕਿਸੇ ਖਾਣ-ਪੀਣ ਵਾਲੀ ਚੀਜ਼ ਵਿੱਚ ਮਿਲਾ ਕੇ ਰੋਗੀ ਨੂੰ ਦਿੱਤਾ ਜਾ ਸਕਦਾ ਹੈ । ਇਹ ਸਮਝਣਾ ਜ਼ਰੂਰੀ ਹੁੰਦਾ ਹੈ ਕਿ ਦਵਾਈ ਲਏ ਬਿਨਾਂ ਰੋਗੀ ਤੰਦਰੁਸਤ ਨਹੀਂ ਹੋ ਸਕਦਾ ।

ਪਰਿਵਾਰ ਦੇ ਕਈ ਜੀਅ ਰੋਗੀ ਨੂੰ ਆਰਾਮ ਆਉਂਦਾ ਦੇਖ ਕੇ ਉਸ ਵੱਲ ਬੇਫ਼ਿਕਰ ਹੋ ਜਾਂਦੇ ਹਨ । ਇਹ ਰੋਗੀ ਦੀ ਤੰਦਰੁਸਤੀ ਲਈ ਗਲਤ ਸਾਬਤ ਹੁੰਦਾ ਹੈ । ਦਵਾ ਬੰਦ ਕਰਦਿਆਂ ਹੀ ਰੋਗ ਫਿਰ ਵਧ ਜਾਂਦਾ ਹੈ ਅਤੇ ਸਾਰੇ ਕੀਤੇ-ਕਰਾਏ

ਉਤੇ ਪਾਣੀ ਫਿਰ ਜਾਂਦਾ ਹੈ। ਐਂਟੀ-ਸਾਇਕੋਟਿਕ ਦਵਾਈਆਂ ਦੀ ਇਹ ਸੀਮਾ ਵੀ ਹੈ ਕਿ ਇਹ ਕਦੀ-ਕਦੀ ਗੈਰ-ਜ਼ਰੂਰੀ ਮਾੜਾ ਪ੍ਰਭਾਵ ਵੀ ਦਿਖਾ ਸਕਦੀਆਂ ਹਨ । ਹਲਕੇ-ਫੁਲਕੇ ਲੱਛਣ - ਜਿਵੇਂ ਮੂੰਹ ਸੁੱਕਣਾ, ਕਬਜ਼ ਹੋਣਾ, ਚੱਕਰ ਆਉਣਾ ਅਤੇ ਸੁਸਤ ਬਣੇ ਰਹਿਣਾ - ਨੂੰ ਬਹੁਤਾ ਮਹੱਤਵ ਨਹੀਂ ਦੇਣਾ ਚਾਹੀਦਾ । ਪਰ ਕੁਝ ਮੁਸ਼ਕਿਲ ਮਹਿਸੂਸ ਹੋਵੇ ਤਾਂ ਡਾਕਟਰ ਨਾਲ ਸਲਾਹ ਕਰ ਲੈਣੀ ਚਾਹੀਦੀ ਹੈ । ਆਪਣੇ-ਆਪ ਅਚਾਨਕ ਦਵਾ ਛੱਡ ਦੇਣੀ ਇਸ ਦਾ ਹੱਲ ਨਹੀਂ। ਕੁਝ ਰੋਗੀਆਂ ਨੂੰ ਦਵਾ ਕਾਰਨ ਗੰਭੀਰ ਬੁਰੇ ਪ੍ਰਭਾਵ ਨੂੰ ਵੀ ਸਹਿਣ ਕਰਨਾ ਪੈਂਦਾ ਹੈ । ਪੱਠਿਆਂ ਵਿੱਚ ਆਕੜ, ਕੰਬਣੀ, ਜ਼ੁਬਾਨ ਤੇ ਮੂੰਹ ਦੀਆਂ ਪੇਸ਼ੀਆਂ ਵਿੱਚ ਆਪਣੇ-ਆਪ ਹਰਕਤ ਹੋਣ ਲੱਗ ਸਕਦੀ ਹੈ । ਨਵੀਆਂ ਐਂਟੀ-ਸਾਇਕੋਟਿਕ ਦਵਾਈਆਂ ਨਾਲ ਇਨ੍ਹਾਂ ਬੁਰੇ ਪ੍ਰਭਾਵਾਂ ਦੀ ਦਰ ਘੱਟ ਹੋਈ ਹੈ ਪਰ ਇਹ ਅਜਿਹਾ ਸੰਕਟ ਹੈ ਜਿਸ ਨੂੰ ਝੱਲਣ ਤੋਂ ਸਿਵਾ ਕੋਈ ਬਦਲ ਨਹੀਂ ।

ਸਕਿਟਜੋਫ੍ਰੇਨੀਆ ਦੇ ਉਨ੍ਹਾਂ ਰੋਗੀਆਂ ਵਿੱਚ ਜਿਨ੍ਹਾਂ ਵਿੱਚ ਦਵਾਈਆਂ ਅਸਰਦਾਰ ਨਹੀਂ ਹੁੰਦੀਆਂ ਜਾਂ ਜਿਨ੍ਹਾਂ ਵਿੱਚ ਆਤਮ-ਹੱਤਿਆ ਦਾ ਵਿਚਾਰ ਜੜ੍ਹ ਫੜ ਲੈਂਦਾ ਹੈ, ਬਿਜਲੀ ਦੇ ਝਟਕੇ ਦਾ ਇਲਾਜ (ਈ.ਸੀ.ਟੀ.) ਵੀ ਦੇਣਾ ਪੈ ਸਕਦਾ ਹੈ । ਅਜਿਹੇ ਗੰਭੀਰ ਰੋਗੀਆਂ ਦੀ ਚੌਵੀ ਘੰਟੇ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ ਅਤੇ ਸਹੂਲਤ ਹੋਵੇ ਤਾਂ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਹੁੰਦੀ ਹੈ ।

ਪਰਿਵਾਰ ਦੀ ਜ਼ਿੰਮੇਵਾਰੀ : ਰੋਗੀ ਦੇ ਇਲਾਜ ਵਿੱਚ ਪਰਿਵਾਰ ਦੇ ਜੀਆਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੁੰਦੀ ਹੈ। ਉਹ ਉਸ ਦੀਆਂ ਊਟ-ਪਟਾਂਗ ਤੇ ਬੇਸਿਰ-ਪੈਰ ਗੱਲਾਂ ਅਤੇ ਉਲਟ-ਪੁਲਟ ਵਿਵਹਾਰ ਵੱਲ ਧਿਆਨ ਨਾ ਦੇਣ, ਨਾ ਹੀ ਇਸ ਸਥਿਤੀ ਲਈ ਕਿਸੇ ਉਤੇ ਦੋਸ਼ ਮੜ੍ਹਨ । ਇਸ ਨਾਲ ਹਾਲਤ ਬਿਨਾਂ ਮਤਲਬ ਉਲਝ ਜਾਂਦੀ ਹੈ । ਰੋਗੀ ਨੂੰ ਦਲੀਲ ਨਾਲ ਸਮਝਾਉਣ ਦੀ ਕੋਸ਼ਿਸ਼ ਵੀ ਗਲਤ ਹੈ ਕਿਉਂਕਿ ਰੋਗੀ ਦਾ ਮਨ ਉਸ ਦੇ ਵੱਸ ਵਿੱਚ ਨਹੀਂ ਹੁੰਦਾ ਕਿ ਉਹ ਸੱਚਾਈ ਸਮਝ ਸਕੇ । ਕਿਸੇ ਦਾ ਵੀ ਉਸ ਨਾਲ ਉਲਝਣਾ ਹਾਲਤ ਨੂੰ ਬਦਤਰ ਬਣਾ ਸਕਦਾ ਹੈ । ਪਰਿਵਾਰ ਦੇ ਜੀਆਂ ਦਾ ਪੂਰਾ ਧਿਆਨ ਸਿਰਫ ਇਸ ਵੱਲ ਹੋਣਾ ਚਾਹੀਦਾ ਹੈ ਕਿ ਰੋਗੀ ਦਾ ਇਲਾਜ ਠੀਕ ਤਰ੍ਹਾਂ ਹੋ ਸਕੇ । ਜੇਕਰ ਉਸ ਦੇ ਖੁਦ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਨਜ਼ਰ ਆਵੇ ਤਾਂ ਉਸਦੀ ਸੁਰੱਖਿਆ ਉੱਤੇ ਵਧੇਰੇ ਧਿਆਨ ਦਿਓ । ਕੋਈ ਰੋਗੀ ਆਤਮ-ਹੱਤਿਆ ਦੀ ਗੱਲ ਕਰੇ ਤਾਂ ਉਸ ਨੂੰ ਨਜ਼ਰ-ਅੰਦਾਜ਼ ਨਾ ਕਰੋ, ਸਗੋਂ ਡਾਕਟਰ ਤੋਂ ਸਲਾਹ ਲਵੋ । ਪਰਿਵਾਰ ਦੇ ਜੀਆਂ ਦੀ ਲਾਪ੍ਰਵਾਹੀ ਰੋਗੀ ਦੀ ਮੌਤ ਦਾ ਕਾਰਨ ਬਣ ਸਕਦੀ ਹੈ ।

ਰੋਗੀ ਦੇ ਇਲਾਜ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਉਸ ਦੇ ਪਰਿਵਾਰ ਦੇ ਜੀਆਂ ਉੱਤੇ ਹੀ ਹੁੰਦੀ ਹੈ। ਨਿਯਮਤ ਦਵਾ ਲੈਣ ਨਾਲ ਹੀ ਰੋਗੀ ਵਿੱਚ ਸੁਧਾਰ ਆ ਸਕਦਾ ਹੈ । ਪਰ ਬਹੁਤੇ ਪਰਿਵਾਰ ਇਸ ਦਾ ਮਹੱਤਵ ਨਹੀਂ ਸਮਝਦੇ ਅਤੇ ਰੋਗ ਕਾਰਨ ਪਰਿਵਾਰ ਵਿੱਚ ਹੋ ਰਹੀ ਕਲਹ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ । ਲੋੜ ਉਸ ਵੇਲੇ ਸਤਹੀ ਲੱਛਣਾਂ ਵਿੱਚ ਨਾ ਉਲਝੇ ਰਹਿ ਕੇ ਅਸਲੀਅਤ ਨੂੰ ਸਮਝਣ ਦੀ ਹੁੰਦੀ ਹੈ । ਇਸ ਨਾਲ ਰੋਗੀ ਨੂੰ ਲਾਭ ਹੋ ਸਕਦਾ ਹੈ, ਨਹੀਂ ਤਾਂ ਸਾਰਾ ਪਰਿਵਾਰ ਹੀ ਬਿਖਰ ਜਾਂਦਾ ਹੈ । ਪਰਿਵਾਰ ਦੇ ਜੀਆਂ ਲਈ ਇਹ ਵੀ ਮਹੱਤਵਪੂਰਨ ਹੈ ਕਿ ਉਹ ਰੋਗੀ ਦਾ ਜੀਵਨ ਪ੍ਰਤਿ ਹੌਸਲਾ ਬਣਾਈ ਰੱਖਣ । ਉਸ ਦੀਆਂ ਰੋਜ਼ਮੱਰਾ ਦੀਆਂ ਸਰਗਰਮੀਆਂ ਵਿੱਚ ਰੁਚੀ ਦਿਖਾਉਣ ਅਤੇ ਜਿਵੇਂ-ਜਿਵੇਂ ਉਸ ਵਿੱਚ ਸੁਧਾਰ ਦਿਸ਼ੇ, ਉਸ ਨੂੰ ਘਰ ਦੇ ਛੋਟੇ-ਮੋਟੇ ਕੰਮ ਸੌਂਪੇ ਜਾਣ ਤਾਂ ਕਿ ਉਸ ਦਾ ਗਵਾਚਿਆ ਸਵੈ-ਵਿਸ਼ਵਾਸ ਪਰਤ ਸਕੇ ਅਤੇ ਇਹ ਸੋਝੀ ਹੋ ਸਕੇ ਕਿ ਪਰਿਵਾਰ ਨੂੰ ਉਸਦੀ ਲੋੜ ਹੈ । ਉਸ ਤੋਂ ਕੋਈ ਗਲਤੀ ਹੋਵੇ ਤਾਂ ਉਹਨੂੰ ਮੰਦਾ ਨਾ ਬੋਲਣ। ਹਮਦਰਦੀ ਜਾਂ ਸੁਹਿਰਦਤਾ ਭਰਿਆ ਵਿਵਹਾਰ ਹੀ ਉਸ ਦੇ ਮੁੜ-ਵਸੇਬੇ ਦਾ ਸਾਧਨ ਬਣ ਸਕਦਾ ਹੈ ।

ਸਕਿਟਜੋਫ੍ਰੇਨੀਆ ਦੇ ਇਲਾਜ ਵਿੱਚ ਮਾਨਵੀ ਚਿਕਿਤਸਾ ਦੀ ਬਹੁਤੀ ਭੂਮਿਕਾ ਨਹੀਂ ਹੁੰਦੀ। ਪਰ ਰੋਗੀ ਦੇ ਤੰਦਰੁਸਤ ਹੋਣ ਉਤੇ ਉਸਦੇ ਕੰਮ ਉਤੇ ਪਰਤਣ ਵਿੱਚ ਉਸਦੀ ਨਿਸਚਿਤ ਉਪਯੋਗਤਾ ਹੁੰਦੀ ਹੈ । ਪ੍ਰੇਮ ਅਤੇ ਹਮਦਰਦੀ ਅਜਿਹੇ ਫੁੱਲ ਹਨ ਜਿਨ੍ਹਾਂ ਨਾਲ ਮੁਸ਼ਕਿਲ ਤੋਂ ਮੁਸ਼ਕਿਲ ਹਾਲਾਤ ਨੂੰ ਪਾਰ ਕੀਤਾ ਜਾ ਸਕਦਾ ਹੈ । ਕਾਰਜ ਚਿਕਿਤਸਾ ਵਿਸ਼ੇਸ਼ਗ ਦੀ ਮੱਦਦ ਨਾਲ ਰੋਗੀ ਜੀਵਨ ਦੀ ਮੁੱਖਧਾਰਾ ਵਿੱਚ ਪਰਤਣ ਲਈ ਉੱਚਿਤ ਮਾਧਿਅਮ ਵੀ ਤਲਾਸ਼ ਸਕਦਾ ਹੈ ।



ਪੰਜਾਬੀ ਅਨੁਵਾਦ :- ਬਲਬੀਰ ਮਾਧੋਪੁਰੀ

093505-48100

ਆਓ ਜਾਦੂ ਸਿੱਖੀਏ

ਸਿੱਕੇ ਤੋਂ ਰਾਖ

ਲੋੜੀਂਦੀ ਸਮੱਗਰੀ : ਮਰਕਿਊਰਿਕ ਕਲੋਰਾਈਡ ਪਾਊਡਰ ਜਾਂ ਇਸਦਾ ਪਾਣੀ ਵਿੱਚ ਘੋਲ, ਐਲੂਮੀਨੀਅਮ ਦਾ ਇੱਕ ਸਿੱਕਾ

ਤਿਆਰੀ : ਅੰਗੂਠੇ ਅਤੇ ਇਸਦੇ ਨਾਲ ਲਗਦੀ ਉਂਗਲੀ ਤੇ ਇਹ ਪਾਊਡਰ ਲਗਾਓ ਜਾਂ ਇਹਨਾਂ ਨੂੰ ਇਸ ਪਾਊਡਰ ਦੇ ਘੋਲ ਵਿੱਚ ਡੋਬੋ।

ਪੇਸ਼ਕਾਰੀ : 1. ਇਕੱਠ ਵਿੱਚੋਂ ਇੱਕ ਵਿਅਕਤੀ ਨੂੰ ਸੱਦੋ ਅਤੇ ਉਸ ਤੋਂ ਦਸ ਜਾਂ ਬੀਹ ਪੈਸੇ ਦਾ ਸਿੱਕਾ ਲਓ।

2. ਅੰਗੂਠੇ ਅਤੇ ਉਂਗਲ ਨੂੰ ਸਿੱਕੇ ਦੇ ਦੋਵੇਂ ਪਾਸੇ ਘਸਾਓ ਅਤੇ ਸਿੱਕੇ ਨੂੰ ਹੱਥ ਵਿੱਚ ਘੁੱਟ ਲਵੋ।

3. ਭੂਰੇ ਰੰਗ ਦਾ ਇੱਕ ਸੁਆਹ ਵਰਗਾ ਪਾਊਡਰ ਸਿੱਕੇ ਤੇ ਪੈਦਾ ਹੋਣਾ ਸ਼ੁਰੂ ਕਰ ਲਵੇਗਾ।


4. ਕੁੱਝ ਸਮੇਂ ਬਾਅਦ ਤੁਸੀਂ ਇਹ ਸਿੱਕਾ ਇਕੱਠ ਨੂੰ ਵਿਖਾ ਸਕਦੇ ਹੋ ਅਤੇ ਉਹਨਾਂ ਨੂੰ ਦੱਸੋ ਕਿ ਤੁਸੀਂ ਸਿੱਕੇ ਤੋਂ ਰਾਖ ਪੈਦਾ ਕਰ ਦਿੱਤੀ।

ਵਿਆਖਿਆ : ਜਦੋਂ ਮਰਕਿਊਰਿਕ ਕਲੋਰਾਈਡ, ਐਲੂਮੀਨੀਅਮ ਨਾਲ ਪ੍ਰਤੀਕਿਰਿਆ ਕਰਦਾ ਹੈ, ਤਾਂ ਤਾਪ ਪੈਦਾ ਹੁੰਦਾ ਹੈ ਅਤੇ ਐਲੂਮੀਨੀਅਮ ਆਕਸਾਈਡ ਦੀ ਉਤਪਤੀ ਹੁੰਦੀ ਹੈ ਜੋ ਰਾਖ (ਸੁਆਹ) ਵਰਗਾ ਵਿਖਾਈ ਦਿੰਦਾ ਹੈ।

ਸਾਵਧਾਨੀਆਂ : 1. ਮਰਕਿਊਰਿਕ ਕਲੋਰਾਈਡ ਜਹਿਰੀਲਾ ਹੁੰਦਾ ਹੈ। ਇਸਨੂੰ ਸੁਰੱਖਿਅਤ ਥਾਂ ਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣਾ ਚਾਹੀਦਾ ਹੈ।

2. ਪੇਸ਼ਕਾਰੀ ਤੋਂ ਬਾਅਦ ਆਪਣੇ ਹੱਥਾਂ ਨੂੰ ਕਈ ਵਾਰ ਸਾਬਣ ਨਾਲ ਧੋਵੋ।

3. ਸਿਰਫ਼ ਐਲੂਮੀਨੀਅਮ ਦਾ ਸਿੱਕਾ ਹੀ ਵਰਤੋ।



ਕਿਹੜੇ ਦਿਨ... ਕੀ?

1 ਮਈ : ਅੰਤਰਰਾਸ਼ਟਰੀ ਮਜ਼ਦੂਰ ਦਿਵਸ (1889)

3 ਮਈ: ਪ੍ਰੈਸ ਆਜ਼ਾਦੀ ਦਿਵਸ

5 ਮਈ: ਜਨਮ ਦਿਨ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਕਾਰਲ ਮਾਰਕਸ (1818)

6 ਮਈ: ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)

10 ਮਈ: ਤਾਰਾ ਵਿਗਿਆਨ ਦਿਵਸ, ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ

24 ਮਈ: ਜਨਮ ਸ਼ਹੀਦ ਕਰਤਾਰ ਸਿੰਘ ਸਰਾਭਾ (1896)

28 ਮਈ: ਸ਼ਹੀਦ ਭਗਵਤੀ ਚਰਨ ਵੋਹਰਾ ਦੀ ਬੰਬ ਪਰਖ ਸਮੇਂ ਬੰਬ ਫਟਣ ਕਾਰਣ ਸ਼ਹਾਦਤ (1930)

5 ਜੂਨ: ਵਿਸ਼ਵ ਵਾਤਾਵਰਣ ਦਿਵਸ

7 ਜੂਨ: ਭਾਰਤ ਦਾ ਦੂਸਰਾ ਉਪਗ੍ਰਹਿ 'ਭਾਸ਼ਕਰ' ਪੁਲਾੜ ਵਿੱਚ ਛੱਡਿਆ ਗਿਆ (1979)

14 ਜੂਨ: ਜਨਮ ਦੱਖਣੀ ਅਫਰੀਕਾ ਦੇ ਇਨਕਲਾਬੀ ਆਗੂ ਅਰਨੈਸਟੋ ਚੀ ਗੁਵੇਰਾ (1928), ਵਿਸਵ ਖ਼ੂਨ ਪ੍ਰਦਾਨ ਦਿਵਸ

ਬਾਲ ਕਵਿਤਾ

ਵਿਗਿਆਨਕ ਸੋਚ

ਆਓ ਵਿਗਿਆਨਕ ਸੋਚ ਅਪਣਾਈਏ,
ਵਹਿਮਾਂ-ਭਰਮਾਂ ਨੂੰ ਦੂਰ ਭਜਾਈਏ।
ਜੰਤਰ-ਮੰਤਰ, ਜਾਦੂ-ਟੂਣੇ,
ਚੱਕਰਾਂ ਦੇ ਵਿੱਚ ਪਾਉਂਦੇ ਦੂਣੇ,
ਲੋਕਾਂ ਤਾਈਂ ਇਹ ਸਮਝਾਈਏ,
ਆਓ ਵਿਗਿਆਨਕ.....
ਰਸਤਾ ਜੇਕਰ ਕੱਟ ਜੇ ਬਿੱਲੀ,
ਕਿਧਰੇ ਦੂਰ ਨੀ ਹੁੰਦੀ ਦਿੱਲੀ,
ਆਪਣੀ ਚਾਲੇ ਚੱਲਦੇ ਜਾਈਏ,
ਆਓ ਵਿਗਿਆਨਕ.....
ਦਿਨ ਨਾ ਕੋਈ ਮਾੜਾ ਹੋਵੇ,
ਜਿਹੜਾ ਸਮਝੇ, ਪਿੱਛੋਂ ਨਾ ਰੋਵੇ,
ਵਿਹਲੇ ਬੈਠ ਨਾ ਵਕਤ ਲੰਘਾਈਏ,
ਆਓ ਵਿਗਿਆਨਕ.....
ਭੂਤ-ਪ੍ਰੇਤ ਨਾ ਕਿਧਰੇ ਕੋਈ,
ਐਵੇਂ ਲੋਕਾਂ ਚੱਕੀ ਢੋਈ,
ਮਨ ਦੇ ਵਿੱਚੋਂ ਡਰ ਹਟਾਈਏ,
ਆਓ ਵਿਗਿਆਨਕ.....

-ਮਨਜੀਤ ਰਤਨਗੜ੍ਹ

ਪ੍ਰਤੀਕਰਮ ਸਬੰਧੀ ਪ੍ਰਤੀਕਰਮ

ਕੀ ਵਧਦੀ ਆਬਾਦੀ ਸਭ ਸਮੱਸਿਆਵਾਂ ਦੀ ਜੜ੍ਹ ਹੈ?

ਜੁਲਾਈ-ਅਗਸਤ, 2014, ਵਿੱਚ ਛਪੇ ਸਾਡੇ ਲੇਖ "ਕੀ ਵਧਦੀ ਆਬਾਦੀ ਸਭ ਸਮੱਸਿਆਵਾਂ ਦੀ ਜੜ੍ਹ ਹੈ" ਦੇ ਪ੍ਰਤੀਕਰਮ ਵਜੋਂ ਮਾਰਚ-ਅਪ੍ਰੈਲ ਦੇ ਅੰਕ 'ਚ ਗੁਰਚਰਨ ਨੂਰਪੁਰ ਦਾ ਇੱਕ ਲੇਖ ਲੱਗਿਆ ਹੈ ਜਿਸ ਦਾ ਸਿਰਲੇਖ ਹੈ "ਕੀ ਵਧ ਰਹੀ ਆਬਾਦੀ ਸਮੱਸਿਆ ਨਹੀਂ?" ਇਸ ਸਬੰਧੀ ਕੁੱਝ ਕੁ ਜਵਾਬ ਦੇਣੇ ਬਣਦੇ ਹਨ, ਜੋ ਦੇ ਰਹੇ ਹਾਂ।

ਨੂਰਪੁਰ ਲਿਖਦਾ ਹੈ ਕਿ "ਕੋਈ ਲੇਖਕ ਆਪਣੇ ਵਿਵੇਕ ਦੀ ਬਜਾਏ ਦੂਜਿਆਂ ਦੀਆਂ ਧਾਰਨਾਵਾਂ ਨੂੰ ਆਧਾਰ ਬਣਾ ਕੇ ਆਬਾਦੀ ਦੇ ਵਾਧੇ ਨੂੰ ਮੁੱਢੋਂ ਰੱਦ ਕਰਦਾ ਤਾਂ ਇਹ ਵੀ ਇੱਕ ਤਰ੍ਹਾਂ ਦਾ ਅੰਧਵਿਸ਼ਵਾਸ ਹੀ ਹੈ।" ਕਿਉਂਕਿ ਇਹ ਲਿਖਿਆ ਹੀ ਸਾਡੇ ਲੇਖ ਦੇ ਪ੍ਰਤੀਕਰਮ ਵਜੋਂ ਹੈ, ਇਸ ਦਾ ਮਤਲਬ ਹੈ ਕਿ ਅਸੀਂ ਆਬਾਦੀ ਦੇ ਵਾਧੇ ਨੂੰ ਮੁੱਢੋਂ ਰੱਦ ਕਰਦੇ ਹਾਂ। ਹੈਰਾਨਗੀ ਦੀ ਗੱਲ ਦੇਖੋ ਕਿ ਸਾਡਾ ਸਿਰਲੇਖ ਹੀ ਇਹ ਹੈ "ਕੀ ਵਧਦੀ ਆਬਾਦੀ ਸਭ ਸਮੱਸਿਆਵਾਂ ਦੀ ਜੜ੍ਹ ਹੈ"। ਇਹ ਵਧਦੀ ਆਬਾਦੀ ਨੂੰ ਮੁੱਢੋਂ ਰੱਦ ਕਰਨਾ ਕਿਵੇਂ ਬਣਿਆ? ਨਾਲੇ ਸਮੱਸਿਆ ਅਤੇ ਉਸਦੀ ਜੜ੍ਹ ਇੱਕੋ ਗੱਲ ਨਹੀਂ ਹੁੰਦੀ। ਮਿਸਾਲ ਵਜੋਂ ਕਿਸੇ ਨੂੰ ਕੋਈ ਮਾਨਸਿਕ ਸਮੱਸਿਆ ਹੈ, ਅਸੀਂ ਉਸਨੂੰ ਹੱਲ ਕਰਨ ਲਈ ਉਸਦੀ ਜੜ੍ਹ ਲੱਭਦੇ ਹਾਂ। ਨੂਰਪੁਰ ਨੂੰ ਸਾਡੇ ਲੇਖ ਦਾ ਭਾਵ ਸਮਝਕੇ ਹੀ ਲਿਖਣਾ ਚਾਹੀਦਾ ਸੀ। ਪਰੰ ਉਸਨੇ ਤਾਂ ਸਿਰਲੇਖ ਨੂੰ ਹੀ ਨਹੀਂ ਸਮਝਿਆ ਤਾਂ ਉਸਦਾ ਪ੍ਰਤੀਕਰਮ ਠੀਕ ਕਿਵੇਂ ਹੋ ਸਕਦਾ ਹੈ। ਫਿਰ ਵੀ ਉਸ ਵੱਲੋਂ ਉਠਾਏ ਕੁੱਝ ਕੁ ਨੁਕਤਿਆਂ ਬਾਰੇ ਗੱਲ ਕਰਦੇ ਹਾਂ।

ਨੂਰਪੁਰ ਲਿਖਦਾ ਹੈ "ਕਿਸੇ ਦੇਸ਼ ਦੀ ਜਨਸੰਖਿਆ ਦਾ ਸਹੀ ਮੁੱਲਾਂਕਣ ਪ੍ਰਤੀ ਵਰਗ ਵਿੱਚ ਆਉਂਦੇ ਲੋਕਾਂ ਦੀ ਗਿਣਤੀ ਤੋਂ ਹੀ ਕੀਤਾ ਜਾ ਸਕਦਾ ਹੈ।" ਉਹ ਘਣਤਾ ਜ਼ਿਆਦਾ ਹੋਣ ਨੂੰ ਸਮੱਸਿਆਵਾਂ ਦਾ ਇੱਕ ਵੱਡਾ ਕਾਰਨ ਦਰਸਾਉਂਦਾ ਲਿਖਦਾ ਹੈ ਕਿ "ਬੰਗਲਾਦੇਸ਼ੀਆਂ ਦਾ ਹਰ ਸਾਲ ਵੱਡੀ ਤਾਦਾਦ ਵਿੱਚ ਇੱਧਰ ਆਉਣਾ ਦੱਸਦਾ ਹੈ ਕਿ ਉੱਥੇ ਲੋਕ ਸਾਡੇ ਦੇਸ਼ ਨਾਲੋਂ ਵੀ ਬੁਰੀਆਂ ਹਾਲਤਾਂ ਵਿੱਚ ਜੂਨ ਹੰਢਾ ਰਹੇ ਹਨ।" ਅਤੇ ਅੱਗੇ "ਇਹ ਠੀਕ ਹੈ ਕਿ ਉੱਥੇ ਵੀ ਕੁਦਰਤੀ ਸਾਧਨਾਂ ਦੀ ਬਾਂਦਰ ਵੰਡ ਹੈ ਪਰ ਹੱਦੋਂ ਵੱਧ ਆਬਾਦੀ ਵੀ ਇੱਕ ਵੱਡਾ ਕਾਰਨ ਹੈ ਜਿਸ ਸਦਕਾ ਉੱਥੇ ਲੋਕਾਂ ਦੀਆਂ ਜਿਉਣ ਹਾਲਤਾਂ ਵਿੱਚ ਲਗਾਤਾਰ ਨਿਘਾਰ ਆ ਰਿਹਾ ਹੈ।" ਆਓ ਦੇਖੀਏ ਕਿ ਕੀ ਵਸੋਂ ਦੀ ਘਣਤਾ ਕਾਰਨ ਹੀ ਹਾਲਤਾਂ ਨਿੱਘਰਦੀਆਂ ਹਨ?

ਆਦਿ-ਮਾਨਵ ਸਮਾਜ ਦੀ ਮਿਸਾਲ ਲਵੋ। ਉਦੋਂ ਵਸੋਂ ਬਹੁਤ ਹੀ ਵਿਰਲੀ ਅਤੇ ਕਿਤੇ ਕਿਤੇ ਸੀ। ਪਰ ਉਦੋਂ ਦਾ ਮਨੁੱਖ ਨੰਗ-ਧੜੰਗਾ ਰਹਿੰਦਾ ਸੀ ਅਤੇ ਉਦੋਂ ਆਦਮਖੋਰੀ (ਮਨੁੱਖ ਨੇ ਮਨੁੱਖ ਨੂੰ ਖਾਣਾ= **Cannibalism**) ਵੀ ਚਾਲੂ ਸੀ ਭਾਵ ਘਣਤਾ ਘੱਟ ਪਰ ਮਨੁੱਖੀ ਜੀਵਨ ਬਦਹਾਲ। ਅੱਜ-ਕੱਲ ਦੀ ਮਿਸਾਲ ਵੀ ਲੈ ਲਵੋ। ਇੰਗਲੈਂਡ ਵਿੱਚ ਪ੍ਰਤੀ ਕਿਲੋਮੀਟਰ ਵਸੋਂ ਦੀ ਘਣਤਾ 395 ਹੈ ਜਦੋਂ ਕਿ ਸਾਡੇ ਦੇਸ਼ ਵਿੱਚ (ਨੂਰਪੁਰ ਮੁਤਾਬਕ) ਵਸੋਂ ਦੀ ਘਣਤਾ ਪ੍ਰਤੀ ਕਿਲੋਮੀਟਰ 368 ਹੈ। ਹੁਣ ਦੇਖੋ, ਜੇਕਰ ਘਣਤਾ ਹੀ ਸਮੱਸਿਆਵਾਂ ਦੀ ਜੜ੍ਹ ਹੋਵੇ ਤਾਂ ਇੰਗਲੈਂਡ ਸਾਡੇ ਦੇਸ਼ ਨਾਲੋਂ ਪਿੱਛੇ ਹੋਣਾ ਚਾਹੀਦਾ ਹੈ। ਪਰ ਇੰਗਲੈਂਡ ਵਿਕਸਤ ਮੁਲਕਾਂ ਦੀ ਕਤਾਰ 'ਚ ਅਤੇ ਸਾਡਾ ਮੁਲਕ ਵਿਕਾਸਸ਼ੀਲ ਮੁਲਕਾਂ ਦੀ ਕਤਾਰ 'ਚ ਆਉਂਦਾ ਹੈ।

ਅਸਲ 'ਚ ਕਿਸੇ ਵੀ ਦੇਸ਼ ਅਤੇ ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਉਸ ਵੇਲੇ ਦਾ ਸਮਾਜਕ-ਪ੍ਰਬੰਧ ਹੁੰਦਾ ਹੈ। ਇਹ ਸਮੱਸਿਆਵਾਂ ਕਿਸੇ ਅਖੌਤੀ "ਪ੍ਰੇਤ ਦਾ ਸਾਇਆ" ਨਹੀਂ ਹੁੰਦੀਆਂ। ਮਨੁੱਖੀ ਜੀਵਨ ਦੀਆਂ ਹਾਲਤਾਂ ਦਾ ਚੰਗਾਂ ਅਤੇ ਮਾੜਾ ਹੋਣਾ ਇਸ ਗੱਲ 'ਤੇ ਨਿਰਭਰ ਕਰਦਾ ਹੁੰਦਾ ਹੈ ਕਿ ਪੈਦਾਵਾਰ ਦਾ ਢੰਗ ਕਿਹੋ-ਜਿਹਾ ਹੈ, ਪੈਦਾਵਾਰੀ ਢੰਗ 'ਚ ਕਿਰਤ ਦੀ ਲੁੱਟ ਹੁੰਦੀ ਹੈ ਜਾਂ ਨਹੀਂ ਅਤੇ ਪੈਦਾਵਾਰੀ ਸ਼ਕਤੀਆਂ(ਮਨੁੱਖ ਅਤੇ ਸੰਦ ਸੰਦੇੜੇ) ਦਾ ਵਿਕਾਸ ਕਿਸ ਪੱਧਰ 'ਤੇ ਹੈ। ਜੇਕਰ ਸਮਾਜਕ-ਪ੍ਰਬੰਧ ਲੁੱਟ 'ਤੇ ਆਧਾਰਤ ਹੈ ਤਾਂ ਲੁੱਟੀ ਜਾਂਦੀ ਕਿਰਤੀ ਵਸੋਂ ਦੀਆਂ ਜੀਵਨ ਹਾਲਤਾਂ ਚੰਗੇਰੀਆਂ **ਹੋ ਹੀ ਨਹੀਂ ਸਕਦੀਆਂ**, ਕਿਰਤੀ ਵਸੋਂ ਕਿੰਨੀ ਵੀ ਕਿਉਂ ਨਾ ਹੋਵੇ।

ਨੂਰਪੁਰ ਆਪਣੀ ਇੱਕ ਹੋਰ ਔਖ ਕੱਢਦਿਆਂ ਲਿਖਦਾ ਹੈ ਕਿ "ਅੰਕੜਿਆਂ ਦੀ ਜਾਦੂਗਰੀ ਨਾਲ ਪੂਰੀ ਦੁਨੀਆਂ ਦੀ ਆਬਾਦੀ, ਕੁਦਰਤੀ ਸਰੋਤਾਂ ਅਤੇ ਦੁਨੀਆਂ ਦੇ ਹਰ ਵਿਅਕਤੀ ਦੇ ਹਿੱਸੇ ਆਉਂਦੀ ਜ਼ਮੀਨ ਦੀ ਵੰਡ ਕਰਕੇ ਦਰਸਾਇਆ ਜਾਂਦਾ ਹੈ ਕਿ ਵੇਖੋ ਦੁਨੀਆਂ ਦੇ ਹਰ ਵਿਅਕਤੀ ਦੇ ਹਿੱਸੇ ਇੰਨੀ ਜ਼ਮੀਨ ਆਉਂਦੀ ਹੈ ਜੋ ਗੁਜਾਰਾ ਕਰਨ ਲਈ ਬਹੁਤ ਹੈ। ਭਾਰਤ ਦੀ ਆਬਾਦੀ ਨੂੰ ਦੁਨੀਆਂ ਦੇ ਕੁਦਰਤੀ ਸਾਧਨਾਂ ਦੇ ਅੰਕੜਿਆਂ ਦੇ ਅਨੁਪਾਤ ਵਿੱਚ ਦੇਖਣ ਦੀਆਂ ਉਦਾਹਰਣਾਂ ਗਿੱਦੜ ਨੂੰ ਊਠ ਦਾ ਬੁਲ ਵਿਖਾ ਕੇ ਉਹਦੇ ਮਗਰ ਤੋਰਨ ਵਾਲੀ ਗੱਲ ਹੈ।" ਹੁਣ ਇਸਨੂੰ ਦੇਖੋ।

ਕੀ ਕੌਮਾਂਤਰੀ ਅੰਕੜਿਆਂ ਨੂੰ ਵਰਤਣਾ ਗਲਤ ਹੈ? ਜੇਕਰ ਗਲਤ ਹੈ ਤਾਂ ਨੂਰਪੁਰ ਆਪ ਕਿਵੇਂ ਚੀਨ ਦੇ ਅੰਕੜੇ ਵਰਤ ਰਿਹਾ ਹੈ? ਅਸੀਂ ਸਮਝਦੇ ਹਾਂ ਕਿ ਕੌਮਾਂਤਰੀ ਨਜ਼ਰੀਆ

ਵਰਤਦਿਆਂ ਕੌਮਾਂਤਰੀ ਅੰਕੜਿਆਂ ਨੂੰ ਪੇਸ਼ ਕਰਨਾ ਠੀਕ ਹੁੰਦਾ ਹੈ। ਕਿਉਂਕਿ ਜਿਹੜਾ ਵੀ ਵਿਅਕਤੀ ਇਸ ਸੰਸਾਰ ਅੰਦਰ ਬਰਾਬਰੀ ਵਾਲਾ ਸਮਾਜ ਸਿਰਜਣਾ ਲੋਚਦਾ ਹੈ ਉਸਨੂੰ ਦੁਨੀਆਂ ਪੱਧਰ 'ਤੇ ਇਹੋ ਜਿਹਾ ਸਮਾਜ ਸਿਰਜਣ ਲਈ ਸੰਸਾਰ ਜੱਦੋਜਹਿਦ ਦਾ ਅੰਗ ਬਣਨਾ ਪਵੇਗਾ। ਇਕੱਲੇ ਦੇਸ਼ ਅੰਦਰ ਸਮਾਜਵਾਦੀ ਸਮਾਜ ਵਕਤੀ ਤੌਰ 'ਤੇ ਹੀ ਟਿਕਿਆ ਰਹਿ ਸਕਦਾ ਹੈ। ਰੂਸ ਅਤੇ ਚੀਨ 'ਚ ਇਨਕਲਾਬਾਂ ਨੂੰ ਆਏ ਪੁੱਠੇ ਗੇੜ ਇਸ ਦੀ ਗਹਿ-ਗੱਢਵੀਂ ਗਵਾਹੀ ਭਰਦੇ ਹਨ। ਸੋ ਕੌਮਾਂਤਰੀ ਅੰਕੜਿਆਂ ਨਾਲ ਦਲੀਲ ਦੇਣੀ "ਗਿੱਦੜ ਨੂੰ ਊਠ ਦਾ ਬੁੱਲ ਵਿਖਾ ਕੇ ਉਹਦੇ ਮਗਰ ਤੋਰਨ ਵਾਲੀ ਗੱਲ" ਨਹੀ ਸਗੋਂ ਹਕੀਕਤ ਦੀ ਸੱਚੀ ਤੇ ਸਹੀ ਤਸਵੀਰ ਪੇਸ਼ ਕਰਨਾ ਹੈ।

ਨੂਰਪੁਰ ਲਿਖਦਾ ਹੈ "ਵਧੀ ਜਨਸੰਖਿਆ ਬੜੇ ਲੁਕਵੇਂ ਢੰਗ ਨਾਲ ਅਮੀਰੀ ਗਰੀਬੀ ਦੇ ਪਾੜੇ ਨੂੰ ਹੋਰ ਵੱਡਾ ਕਰਦੀ ਹੈ(ਸਫਾ 42)"

ਇੱਕ ਅਮੀਰ ਦੀ ਤੁਲਨਾ ਕਿਸੇ ਗਰੀਬ ਨਾਲ ਕਰੋ। ਮੰਨ ਲਵੋ ਅਮੀਰ ਦੀ ਰੋਜ਼ਾਨਾ ਦੀ ਆਮਦਨ ਲੱਖ ਰੁਪਿਆ ਹੈ ਅਤੇ ਗਰੀਬ ਦੀ 100 ਰੁਪਿਆ। ਜੇਕਰ ਗਰੀਬ ਦੇ ਪਰਿਵਾਰ ਦੀ ਗਿਣਤੀ ਘਟ ਜਾਂ ਵਧ ਜਾਵੇ ਜਾਂ ਉਨੀਂ ਰਹੇ, ਪਰ ਉਸ ਪਰਿਵਾਰ ਦੀ ਕੁੱਲ ਆਮਦਨ 100 ਹੀ ਰਹੇ ਤੇ ਅਮੀਰ ਦੀ ਲੱਖ ਰੁਪੈ ਤਾਂ ਕੀ ਅਮੀਰੀ-ਗਰੀਬੀ ਦਾ ਪਾੜਾ ਘੱਟ-ਵੱਧ ਹੋ ਸਕਦਾ ਹੈ? ਸਾਡੇ ਜਾਚੇ ਤਾਂ ਬਿਲਕੁਲ ਨਹੀਂ। ਫਿਰ ਅਮੀਰੀ ਤੇ ਗਰੀਬੀ ਦੇ ਪਾੜੇ ਨੂੰ ਘਟਾਉਣ ਲਈ ਨੂਰਪੁਰ ਹੇਠ ਲਿਖਿਆਂ 'ਚੋਂ ਕਿਹੜਾ ਹੱਲ ਸੁਝਾਵੇਗਾ:

ਪਹਿਲਾ, ਕੀ ਪਾੜਾ ਘਟਾਉਣ ਲਈ ਗਰੀਬ ਨੂੰ ਹੀ ਖਤਮ ਕਰਨ ਲਈ ਉਨ੍ਹਾਂ 'ਤੇ ਸਪਰੇਅ ਕਰ ਦੇਣ ਦਾ; ਜਾਂ

ਦੂਸਰਾ, ਲੁਟੇਰੀ (ਅਮੀਰ ਧਿਰ) ਅਤੇ ਕਿਰਤੀ (ਗਰੀਬ ਧਿਰ) ਦਰਮਿਆਨ ਕੁਦਰਤੀ ਸਰੋਤਾਂ ਦੀ ਬਾਂਦਰ ਵੰਡ ਨੂੰ ਖਤਮ ਕਰਕੇ ਬਰਾਬਰਤਾ ਵਾਲਾ ਸਮਾਜ ਸਿਰਜਣ ਦਾ?

ਅਸੀਂ ਦੂਸਰੇ ਹੱਲ ਦੇ ਹੱਕ 'ਚ ਹਾਂ।

ਨੂਰਪੁਰ ਆਰਥਕਤਾ 'ਚ ਨਵੇਂ ਸਿਧਾਂਤ ਦਾ ਰਚੇਤਾ ਬਣਨ ਲਈ ਵੀ ਲਟਾ-ਪੀਂਘ ਹੁੰਦਾ ਹੈ। ਉਹ ਲਿਖਦਾ ਹੈ "ਵਧਦੀ ਆਬਾਦੀ ਦੀਆਂ ਲੋੜਾਂ ਵੀ ਤੇਜੀ ਨਾਲ ਵਧਦੀਆਂ ਹਨ...ਹਰ ਵਸਤ ਦੀ ਖਰੀਦੋ ਫਰੋਖਤ ਕਰਨ ਵਾਲੇ ਘੱਟ ਹੋਣਗੇ ਤਾਂ ਨਿਸ਼ਚਿਤ ਹੈ ਹਰ ਤਰ੍ਹਾਂ ਦੀਆਂ ਫੈਕਟਰੀਆਂ ਵੀ ਘੱਟ ਹੋਣਗੀਆਂ।" ਇਸ ਤੋਂ ਉਹ ਇਹ ਭਰਮ ਫੈਲਾਉਣ ਦਾ ਭਰਮ ਪਾਲਦਾ ਹੈ ਕਿ ਫੈਕਟਰੀਆਂ ਵਾਲੇ ਸਮਾਜ ਦੀ ਵਧ ਰਹੀ ਵਸੋਂ ਦੀਆਂ ਲੋੜਾਂ ਨੂੰ ਧਿਆਨ 'ਚ ਰੱਖਕੇ ਉਤਪਾਦਨ ਕਰਦੇ ਹਨ। ਪਰ ਆਰਥਕਤਾ ਦਾ ੳ..ਅ.. ਜਾਣਨ ਵਾਲਾ ਵੀ ਇਹ ਗੱਲ ਭਲੀ-ਭਾਂਤ ਜਾਣਦਾ ਹੈ ਕਿ ਸਰਮਾਏਦਾਰੀ, ਸਮਾਜ ਦੀਆਂ ਲੋੜਾਂ ਨੂੰ ਨਹੀਂ ਬਲਕਿ ਮੁਨਾਫੇ ਨੂੰ ਮੁੱਖ ਰੱਖਕੇ ਪੈਦਾਵਾਰ ਕਰਦੀ ਹੈ ਭਾਵ ਪੈਦਾਵਾਰ ਮਨੁੱਖ-ਕੇਂਦਰਤ ਨਹੀਂ ਬਲਕਿ ਮੁਨਾਫਾ-ਕੇਂਦਰਤ ਹੁੰਦੀ ਹੈ। ਮਿਸਾਲ ਵਜੋਂ ਅਮਰੀਕਾ ਹਥਿਆਰਾਂ ਦੇ ਵਪਾਰ ਤੋਂ ਅਰਬਾਂ ਰੁਪੈ ਮੁਨਾਫਾ ਕਮਾ ਰਿਹਾ ਹੈ। ਉਹ ਮਾਰੂ ਤੋਂ ਮਾਰੂ ਹਥਿਆਰ ਬਣਾ ਰਿਹਾ ਹੈ। ਭਲਾਂ ਕੀ ਹਥਿਆਰ ਸਵੈਟਰਾਂ ਦੀ ਥਾਂ ਪਹਿਨੇ ਜਾ ਸਕਦੇ ਹਨ? ਇਹ ਮਨੁੱਖ ਦੀਆਂ ਕਿਹੜੀਆਂ ਬੁਨਿਆਦੀ ਲੋੜਾਂ ਦੀ ਪੇਟ-ਪੂਰਤੀ ਕਰਦੇ ਹਨ?

ਅੱਗੇ ਨੂਰਪੁਰ ਲਿਖਦਾ ਹੈ ਕਿ "ਕੁਦਰਤ ਦਾ ਕਾਨੂੰਨ ਇਹ ਕਹਿੰਦਾ ਹੈ ਕਿ ਕਿਸੇ ਵੀ ਚੀਜ਼ ਦਾ ਹੱਦੋਂ ਬਾਹਲਾ ਵਾਧਾ ਹਰ ਤਰ੍ਹਾਂ ਦੇ ਜੀਵਾਂ ਦੀਆਂ ਜਿਉਣ ਹਾਲਤਾਂ ਨੂੰ ਪ੍ਰਭਾਵਿਤ ਕਰਦਾ ਹੈ।" ਕੁਦਰਤ ਨੇ ਕਿਹੜਾ ਕਾਨੂੰਨੀ ਗ੍ਰੰਥ ਲਿਖਕੇ ਪ੍ਰਿੰਟ ਕਰਵਾਇਆ ਹੈ ਜਿਸ 'ਚੋਂ ਨੂਰਪੁਰ ਹਵਾਲਾ ਦੇ ਰਿਹਾ ਹੈ। ਇਹ ਤਾਂ ਪ੍ਰਮਾਤਮਾ ਨੂੰ ਮੰਨਣ ਵਾਲਿਆਂ ਵੱਲੋਂ ਪ੍ਰਚੱਲਤ ਕੀਤੀ ਕਹਾਵਤ ਕਿ "ਰੱਬ ਤੇ ਅੱਤ ਦਾ ਵੈਰ ਹੁੰਦਾ ਹੈ" ਵਰਗੀ ਗੱਲ ਹੀ ਹੈ। ਸਾਡੇ ਅਨੁਸਾਰ ਕੁਦਰਤ ਕੋਈ ਚੇਤੰਨ ਸ਼ਕਤੀ ਨਹੀਂ ਕਿ ਉਹ ਕਾਨੂੰਨ ਬਣਾ ਅਤੇ ਲਾਗੂ ਕਰ ਸਕਦੀ ਹੋਵੇ। ਖੈਰ ਅਸੀਂ ਇਹ ਨੁਕਤਾ ਛੱਡਦੇ ਹੋਏ ਸਿੱਧੇ ਨੂਰਪੁਰ ਵੱਲੋਂ ਪੇਸ਼ ਕੀਤੇ "ਹੱਦੋਂ ਬਾਹਲਾ ਵਾਧਾ" ਦੇ ਫਾਰਮੂਲੇ 'ਤੇ ਆਉਂਦੇ ਹਾਂ। ਅੰਗਰੇਜ਼ਾਂ ਦੇ ਰਾਜ ਵੇਲੇ ਸਾਡੇ ਦੇਸ਼ ਦੀ ਆਬਾਦੀ 40 ਕਰੋੜ ਦੇ ਲਗਭਗ ਸੀ ਪਰ ਗਰੀਬੀ ਬਹੁਤ ਜ਼ਿਆਦਾ ਸੀ। ਇਹ ਮਿਸਾਲ ਦੇਣ ਤੋਂ ਭਾਵ ਹੈ ਕਿ ਆਬਾਦੀ "ਦਾ ਹੱਦੋਂ ਬਾਹਲਾ ਵਾਧਾ" ਹੋ ਜਾਣ ਦਾ ਰੋਣਾ ਰੋਣ ਵਾਲਾ ਨੂਰਪੁਰ ਪਹਿਲਾਂ ਇਹ ਪੈਮਾਨਾ ਦੱਸੇ ਕਿ ਉਹ ਕਿੰਨੀ ਮਨੁੱਖੀ ਵਸੋਂ ਹੋ ਜਾਣ ਨੂੰ ਹੱਦੋਂ ਬਾਹਲਾ ਮੰਨਦਾ ਹੈ ਅਤੇ ਕਿੰਨੀ ਵਸੋਂ ਦੀ ਹੱਦ ਨੂੰ ਠੀਕ ਮੰਨਦਾ ਹੈ ਤਾਂਕਿ ਉਸ ਪੈਮਾਨੇ ਅਨੁਸਾਰ ਦੇਖਿਆ ਜਾ ਸਕੇ ਕਿ ਆਬਾਦੀ 'ਚ "ਹੱਦੋਂ ਬਾਹਲਾ ਵਾਧਾ" ਹੋ ਰਿਹਾ ਹੈ ਜਾਂ ਨਹੀਂ? ਪਰ ਨਾਂਹ! ਪੈਮਾਨੇ ਦੇ ਤਾਂ ਇਹ ਦਰਸ਼ਨ ਹੀ ਨਹੀਂ ਕਰਾਉਂਦਾ। ਬਸ, ਆਬਾਦੀ ਵਧ ਗਈ, ਆਬਾਦੀ ਵਧ ਗਈ, ਕੁਰਬਲ-ਕੁਰਬਲ ਹੋਵੇਗੀ, ਦਾ ਸ਼ਬਦੀ ਝੁਰਲੂ ਘੁੰਮਾਕੇ ਪਾਠਕਾਂ ਨੂੰ ਮੰਤਰ-ਮੁਗਧ ਕਰਨ ਲਈ ਤਰਲੋਮੱਛੀ ਹੁੰਦਾ ਦਿਖਾਈ ਦਿੰਦਾ ਹੈ।

ਅੱਗੇ। ਅਸੀਂ ਲਿਖਿਆ ਸੀ ਕਿ "1997-2007 ਭਾਵ 10 ਸਾਲਾਂ ਦਰਮਿਆਨ 13 ਲੱਖ ਟਨ ਅਨਾਜ ਗਲ-ਸੜ ਗਿਆ ਭਾਵ ਇੱਕ ਸਾਲ 'ਚ 13000 ਟਨ।....ਇਹ ਅਨਾਜ ਵੰਡ ਕੇ ਭੁੱਖ ਨਾਲ ਹੋਣ ਵਾਲੀਆਂ ਮੌਤਾਂ ਤੋਂ ਬਚਾਇਆ ਜਾ ਸਕਦਾ ਸੀ। ਸੁਪਰੀਮ ਕੋਰਟ ਨੇ ਵੀ ਹਕੂਮਤ ਨੂੰ ਕਿਹਾ ਪਰ

ਹਕੂਮਤ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਲਈ ਅਨਾਜ ਦੀ ਥੁੜ ਸਾਡੇ ਦੇਸ਼ ਦੀ ਭੁੱਖਮਰੀ ਦਾ ਕਾਰਨ ਨਹੀਂ ਬਲਕਿ ਹਕੂਮਤਾਂ ਕਰਨ ਵਾਲੇ ਹਾਕਮਾਂ ਦੀ ਨੀਤ ਅਤੇ ਨੀਤੀ ਹੈ।"

ਸਾਡੇ ਲੇਖ ਦੇ ਪ੍ਰਤੀਕਰਮ 'ਚ ਨੂਰਪੁਰ ਲਿਖਦਾ ਹੈ ਕਿ "ਜੇਕਰ ਅੰਕੜਾ ਵਿਗਿਆਨ ਦੀ ਮਦਦ ਨਾਲ ਇਹ ਕਿਹਾ ਜਾਵੇ ਕਿ ਦੇਖੋ ਹਰ ਸਾਲ ਐਨਾ ਅਨਾਜ ਗਲ ਸੜ ਜਾਂਦਾ ਹੈ ਦੂਜੇ ਪਾਸੇ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਇਹ ਸਭ ਕੁੱਝ ਸਾਧਨਾਂ ਦੀ ਕਾਣੀ ਵੰਡ ਹੀ ਹੈ ਨਾ ਕਿ ਆਬਾਦੀ ਦੇ ਵਾਧੇ ਕਰਕੇ (ਦੇਖੋ ਸਫਾ 39) ।" ਸਪੱਸ਼ਟ ਤੌਰ 'ਤੇ ਨੂਰਪੁਰ ਸਾਡੀ ਤੱਥਾਂ ਸਾਹਿਤ ਦਿੱਤੀ ਉਪਰੋਕਤ ਦਲੀਲ ਨੂੰ ਗਲਤ ਠਹਿਰਾਉਂਦਾ ਹੈ। ਪਰ ਨੂਰਪੁਰ ਦਾ 23 ਮਾਰਚ, 2015 ਨੂੰ ਪੰਜਾਬੀ ਟ੍ਰਿਬਿਊਨ 'ਚ "ਸ਼ਹੀਦ ਭਗਤ ਸਿੰਘ ਦੇ ਸੁਫਨੇ ਤੇ ਦੇਸ਼ ਦੇ ਮੌਜੂਦਾ ਹਾਲਾਤ" ਲੇਖ ਪੜੋ। ਨੂਰਪੁਰ ਲਿਖਦਾ ਹੈ ਕਿ "ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇੱਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ। ਇਹ ਲੋਕ ਅਨਾਜ ਦੇ ਦਾਣੇ-ਦਾਣੇ ਦੇ ਮੁਥਾਜ ਹਨ। ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫਤ ਨਹੀਂ ਵੰਡਿਆ ਜਾ ਸਕਦਾ...।" ਕੀ ਇਹ ਦਲੀਲ ਸਾਡੀ ਦਲੀਲ ਨਾਲੋਂ ਵੱਖਰੀ ਹੈ? ਭੋਰਾ-ਭਰ ਵੀ ਨਹੀਂ। ਫਿਰ ਇਹ ਗੱਲ ਤਾਂ ਇਉਂ ਬਣ ਜਾਂਦੀ ਹੈ ਕਿ ਜੇਕਰ ਕੋਈ ਹੋਰ ਦਲੀਲ ਦਿੰਦਾ ਹੈ ਤਾਂ ਉਹ ਬੇਦਮ ਹੈ ਪਰ ਨੂਰਪੁਰ ਉਹੀ ਦਲੀਲ ਦੇਵੇ ਤਾਂ ਦਮਦਾਰ। ਹੈਰਾਨ ਨਾ ਹੋਣਾ ਪਾਠਕੋ, ਇਹ ਬੌਧਿਕਤਾ ਦੀ ਸ਼ਰਮਾਨਕ ਸਥਿਤੀ ਹੁੰਦੀ ਹੈ। ਅਜਿਹੇ ਬੁੱਧੀਜੀਵੀਆਂ ਦੀ ਮਨੋ-ਸਥਿਤੀ ਲਈ ਹੇਠ ਲਿਖਿਆ ਟੇਬਲ ਦੇਖੋ:

ਨਿਰਜੀਵ	**ਸਜੀਵ**	**ਬੁੱਧੀਜੀਵ**
ਭੋਜਨ ਨਹੀਂ ਛਕਦੇ	ਭੋਜਨ ਛਕਦੇ ਹਨ	ਫੂਕ ਛਕਦੇ ਹਨ
ਸਾਹ ਨਹੀਂ ਲੈਂਦੇ	ਸਾਹ ਲੈਂਦੇ ਹਨ	ਔਖੇ ਸਾਹ ਲੈਂਦੇ ਹਨ
ਤੁਰਦੇ ਨਹੀਂ	ਤੁਰਦੇ ਹਨ	ਆਕੜ ਕੇ ਤੁਰਦੇ ਹਨ

ਅੰਤ ਵਿੱਚ ਇਹ ਹੀ ਕਹਿੰਦੇ ਹਾਂ ਕਿ ਅਸੀਂ ਅੰਕੜਿਆਂ ਅਤੇ ਦਲੀਲਾਂ ਸਾਹਿਤ ਸਾਬਤ ਕੀਤਾ ਸੀ ਕਿ ਵਧਦੀ ਆਬਾਦੀ ਸਭ ਸਮੱਸਿਆਵਾਂ ਦੀ ਜੜ੍ਹ ਨਹੀਂ। ਸਾਰੀਆਂ ਸਮੱਸਿਆਵਾਂ ਦੀ ਜੜ੍ਹ ਸਾਡੇ ਦੇਸ਼ ਦਾ ਅਤੇ ਸੰਸਾਰ-ਪੱਧਰਾ ਲੁਟੇਰਾ ਸਮਾਜਕ-ਪ੍ਰਬੰਧ ਹੈ। ਅਸੀਂ ਸਮਝਦੇ ਹਾਂ ਕਿ ਇੱਥੇ ਬਰਾਬਰੀ ਵਾਲਾ ਸਮਾਜ ਸਥਾਪਤ ਹੋ ਜਾਣ 'ਤੇ ਜੇਕਰ ਆਬਾਦੀ ਕੋਈ ਸਮੱਸਿਆ ਬਣਨ ਵੀ ਲੱਗੇਗੀ ਤਾਂ ਇਸਨੂੰ ਹੱਲ ਕਰ ਲਿਆ ਜਾਵੇਗਾ ਕਿਉਂਕਿ ਉਦੋਂ ਸਮੁੱਚੀ ਮਨੁੱਖ-ਜਾਤੀ, ਸਮੁੱਚੀ ਮਨੁੱਖ-ਜਾਤੀ ਦੇ ਹਿਤਾਂ ਅਨੁਸਾਰ ਕੰਮ ਕਰ ਰਹੀ ਹੋਵੇਗੀ।

ਲੇਖ 'ਚ ਹੋਰ ਬਥੇਰੀਆਂ ਬੇਥਵੀਆਂ **(Irrational)** ਗੱਲਾਂ ਕੀਤੀਆਂ ਗਈਆਂ ਹਨ ਜਿੰਨਾ ਦਾ ਜਵਾਬ ਦੇਣ ਦੀ ਕੋਈ ਤੁਕ ਨਹੀਂ ਬਣਦੀ।


ਹੇਮ ਰਾਜ ਸਟੈਨੋ

ਇਸ ਪ੍ਰਤੀਕਰਮ ਨਾਲ ਇਸ ਮੁੱਦੇ ਤੇ 'ਤਰਕਸ਼ੀਲ' ਵਿੱਚ ਚੱਲ ਰਹੀ ਬਹਿਸ ਸਮਾਪਤ ਕੀਤੀ ਜਾਂਦੀ ਹੈ। – ਅਦਾਰਾ 'ਤਰਕਸ਼ੀਲ'

ਇੰਝ ਪੜ੍ਹੀਏ ਪੁਸਤਕਾਂ

ਤੁਹਾਡੀ ਰਾਸ਼ੀ ਕੀ ਕਹਿੰਦੀ ਹੈ?

'ਤੁਹਾਡੀ ਰਾਸ਼ੀ ਕੀ ਕਹਿੰਦੀ ਹੈ', ਪਾਸ਼ ਦੀ ਲਿਖੀ ਪੁਸਤਕ ਹੈ, ਜਿਸ ਵਿੱਚ ਰਾਸ਼ੀਫਲ ਦਾ ਸਖ਼ਤ ਵਿਰੋਧ ਕੀਤਾ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਰਾਸ਼ੀ ਇੱਕ ਕੋਰਾ ਅੰਧਵਿਸ਼ਵਾਸ ਹੈ। ਜਿੱਥੇ ਪਾਸ਼ ਨੇ ਕਵਿਤਾਵਾਂ ਤੇ ਲੇਖ ਲਿਖੇ ਹਨ, ਉੱਥੇ ਹੀ ਗਿਆਨ ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿੱਚ ਗੰਭੀਰ ਅਧਿਐਨ ਵੀ ਕੀਤਾ ਹੈ। ਇਸ ਪੁਸਤਕ ਵਿੱਚ ਅੰਧਵਿਸ਼ਵਾਸ ਤੇ ਅਸੀਂ ਲੋਕ, ਤੁਹਾਡੀ ਰਾਸ਼ੀ ਕੀ ਕਹਿੰਦੀ ਹੈ, ਫਿਰਕਾਪ੍ਰਸਤੀ ਦੀਆਂ ਜੜ੍ਹਾਂ, ਧਾਰਮਿਕ ਸਮਾਧੀ, ਤੇਰਾ ਕੇਵਡ ਚੀਰਾ, ਕਿਹਾ ਬਿਧਿ ਸਾਜਾ ਪ੍ਰਥਮ ਸੰਸਾਰਾ ਦੇ ਸਿਰਲੇਖਾਂ ਹੇਠ ਇਹੀ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਰਾਸ਼ੀਫਲ, ਪੁੱਛਾ ਦੇਣਾ, ਸਮਾਧੀ ਲਾਉਣਾ, ਹੱਥ ਵੇਖਣਾ ਆਦਿ ਸਭ ਅੰਧਵਿਸ਼ਵਾਸ ਹਨ, ਇਹ ਨਾ ਤਾਂ ਸਾਡਾ ਵਰਤਮਾਨ ਤੇ ਨਾ ਹੀ ਸਾਡਾ ਭਵਿੱਖ ਸੰਵਾਰ ਸਕਦੇ ਹਨ। ਇਹ ਸਿਰਫ਼ ਸਾਨੂੰ ਆਰਥਿਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਕਰਦੇ ਹਨ। ਪਾਸ਼ ਕਹਿੰਦਾ ਹੈ ਕਿ ਅਨਪੜ੍ਹ ਤਾਂ ਇਹਨਾਂ ਵਿੱਚ ਵਿਸ਼ਵਾਸ ਕਰਦੇ ਹੀ ਹਨ, ਪਰ ਸਾਡੀ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ, ਡਾਕਟਰ, ਅਧਿਆਪਕ ਅਤੇ ਵੱਡੇ-ਵੱਡੇ ਵਿਗਿਆਨੀ ਵੀ ਰਾਸ਼ੀ ਵਿੱਚ ਵਿਸ਼ਵਾਸ ਰੱਖਦੇ ਹਨ, ਜੋ ਕਿ ਸਾਡੇ ਲਈ ਸ਼ਰਮ ਦੀ ਗੱਲ ਹੈ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਕੇ ਪਾਸ਼ ਦੇ ਵਿਚਾਰਾਂ ਨੂੰ ਸਾਡੇ ਤੱਕ ਪਹੁੰਚਾਇਆ ਹੈ ਤੇ ਨਾਲ ਹੀ ਸੰਦੇਸ਼ ਦਿੱਤਾ ਹੈ ਕਿ ਜਦ ਤੱਕ ਸਾਡੇ ਅਧਿਆਪਕਾਂ ਅਤੇ ਮਾਪਿਆਂ ਦੇ ਮਨਾਂ ਵਿੱਚ ਗਿਆਨ ਦਾ ਸੰਕਲਪ ਕਮਾਈ ਨਾਲ ਬੱਝਾ ਹੋਇਆ ਹੈ, ਤਦ ਤੱਕ ਅਸਲ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਪੁਸਤਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਗਿਆਨ ਦੀ ਯਾਤਰਾ ਤੇ ਤੁਰਨ ਦਾ ਸੱਦਾ ਦਿੰਦੀ ਹੈ।




ਪਰਮਿੰਦਰ ਫਤਿਹਗੜ੍ਹ

ਮਹੌਲ, ਮਨ ਤੇ ਸਾਹਿਤ

ਡਾ. ਤ੍ਰਿਲੋਕ ਚੰਦ ਤੁਲਸੀ, ਹਾਰਡਬਾਊਂਡ:ਪੰਨੇ 358, ਪ੍ਰਕਾਸ਼ਕ: ਗੁਰਦੇਵ ਫਾਊਂਡੇਸ਼ਨ

'ਮਹੌਲ, ਮਨ ਤੇ ਸਾਹਿਤ' ਡਾ. ਤ੍ਰਿਲੋਕ ਚੰਦ ਤੁਲਸੀ ਰਚਿਤ ਹਿੰਦੀ ਪੁਸਤਕ, 'ਪਰਿਵੇਸ਼, ਮਨ ਔਰ ਸਾਹਿਤਯ', ਦਾ ਪੰਜਾਬੀ ਅਨੁਵਾਦ ਹੈ। ਪੰਜ ਸਾਲਾਂ ਦੇ ਵਿਸ਼ਾਲ ਤੇ ਡੂੰਘੇ ਅਧਿਐਨ ਬਾਅਦ ਲਿਖੀ ਇਸ ਪੁਸਤਕ ਦੀ ਮੌਲਿਕਤਾ ਤੇ ਅਕਾਦਮਿਕ ਮਹੱਤਤਾ ਦੇ ਆਧਾਰ ਤੇ ਪੰਜਾਬ ਯੂਨੀਵਰਸਿਟੀ ਨੇ ਡਾ. ਤੁਲਸੀ ਨੂੰ ਡੀ. ਲਿਟ. ਦੀ ਡਿਗਰੀ ਨਾਲ ਸਨਮਾਨਿਤ ਕੀਤਾ। ਇਸ ਕਿਤਾਬ ਬਾਰੇ ਡਾ. ਤੁਲਸੀ ਦਾ ਸਵੈ-ਕਥਨ ਹੈ ਕਿ, '**ਸੁਆਲਾਂ ਦੇ ਜਵਾਬ ਲੱਭਦਾ ਹੋਇਆ ਇਹ ਅਧਿਐਨ, ਕਈ ਪੱਖਾਂ ਤੋਂ, ਜੀਵਨ ਅਤੇ ਸਾਹਿਤ ਦੇ ਪਰਸਪਰ ਸਬੰਧਾਂ ਦਾ, ਅਧਿਐਨ ਬਣ ਜਾਂਦਾ ਹੈ'।** ਸਾਹਿਤ ਨੂੰ ਸਮਝਣ ਵਾਲੇ ਜਗਿਆਸੂ ਪਾਠਕਾਂ ਅਤੇ ਮਨੁਖੀ ਸੁਭਾਅ ਨੂੰ ਸਮਝਣ ਲਈ ਕਾਰਕੁੰਨਾਂ ਵਾਸਤੇ ਇਹ ਪੁਸਤਕ ਮਹੱਤਵਪੂਰਨ ਹੈ।



ਪੁਸਤਕ ਦੇ ਹੋਂਦ ਵਿੱਚ ਆਉਣ ਦੀ ਪ੍ਰੇਰਨਾ ਬਾਰੇ ਬਾਰੇ ਡਾ. ਤੁਲਸੀ ਦਾ ਕਹਿਣਾ ਹੈ, 'ਰੁਮਾਂਟਿਕ ਕਾਵਿ ਦੀਆਂ ਕੁਝ ਸਾਂਝੀਆਂ ਖੂਬੀਆਂ ਹਨ। ਇਹ ਕਿਹੜੀਆਂ ਕਿਹੜੀਆਂ ਹਨ? ਇੰਨਾਂ ਦਾ ਸਬੰਧ ਕਿਸੇ ਰੁਮਾਂਟਿਕ ਕਵੀ ਦੀਆਂ ਖੂਬੀਆਂ ਨਾਲ ਕਿਵੇਂ ਜੁੜਦਾ ਹੈ? ਕੁਝ ਅਜੇਹੇ ਸਵਾਲ ਸਨ, ਜਿੰਨਾਂ ਨੇ ਹਥਲੇ ਅਧਿਐਨ ਲਈ ਪ੍ਰੇਰਿਆ। ਇੰਨਾਂ ਵੱਖ ਵੱਖ ਸਵਾਲਾਂ ਨੂੰ, ਦੋ ਬੁਨਿਆਦੀ ਸਵਾਲਾਂ ਦੇ ਰੂਪ ਵਿੱਚ ਨਜਿੱਠਿਆ ਗਿਆ ਹੈ। (1) ਕਿਸੇ ਇੱਕ ਯੁੱਗ ਦੇ ਸਾਹਿਤ ਵਿੱਚ ਕੁਝ ਪ੍ਰਵਿਰਤੀਆਂ ਪ੍ਰਚਲਤ ਕਿਉਂ ਹੋ ਜਾਂਦੀਆਂ ਹਨ? (2) ਯੁੱਗ-ਪਰਿਵਰਤਨ ਨਾਲ ਇਹ ਪ੍ਰਵਿਰਤੀਆਂ ਕਿਉਂ ਤੇ ਕਿਵੇਂ ਬਦਲ ਜਾਂਦੀਆਂ ਹਨ'?

ਕਲਾ ਬਾਰੇ ਭੂਮਿਕਾ ਵਿੱਚ ਦਿੱਤੀ ਇਹ ਟਿੱਪਣੀ ਪੁਸਤਕ ਦੇ ਪਸਾਰ ਦੀ ਨਿਸ਼ਾਨਦੇਹੀ ਕਰ ਦਿੰਦੀ ਹੈ: 'ਕਲਾ ਇੱਕ ਬੱਚੇ ਦੀ ਨਿਆਂਈਂ ਹੈ, ਕਲਾਕਾਰ ਉਸ ਦੀ ਮਾਂ ਹੈ ਅਤੇ ਮਹੌਲ ਉਸ ਦਾ ਪਿਉ'। (ਐਰਿਕ ਨਿਊਟਨ) ਹੱਥਲੇ ਅਧਿਐਨ ਵਿੱਚ ਸਾਹਿਤਕ ਬੱਚੇ ਦੇ ਮਾਂ-ਪਿਉ ਨੂੰ ਨੇੜਿਉਂ ਜਾਨਣ ਅਤੇ ਉਨਾਂ ਦੇ ਵਿਆਹੁਤਾ ਜੀਵਨ ਉਪਰ ਝਾਤ ਮਾਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਥਹੁ ਪਾਇਆ ਜਾ ਸਕੇ ਕਿ ਉਸ ਦੇ ਨੈਣ-ਨਕਸ਼, ਉਸ ਦੇ ਤੌਰ ਤਰੀਕੇ, ਉਸ ਦੀ ਚਾਲ ਢਾਲ ਦਾ ਆਧਾਰ ਕੀ ਹੈ? ਮਾਂ-ਪਿਉ ਜਾਂ ਦੋਨਾਂ ਦੇ ਬਦਲਣ ਨਾਲ, ਬਾਲ ਦੇ ਅੰਤਰਮੁਖੀ ਅਤੇ ਬਾਹਰਮੁਖੀ ਸੁਭਾਅ ਵਿੱਚ ਤਬਦੀਲੀ, ਕਿਉਂ ਤੇ ਕਿਹੋ ਜਿਹੀ ਆਉਂਦੀ ਹੈ'?

350 ਪੰਨਿਆਂ ਦੀ ਇਸ ਪੁਸਤਕ ਨੂੰ ਪੰਜ ਕਾਂਡਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਕਾਂਡ ਵਿੱਚ, ਸਾਹਿਤ ਨੂੰ, ਸਮਾਜ ਤੇ ਆਲੇ ਦੁਆਲੇ ਦੇ 'ਵਿਰੂਪਤ ਬਿੰਬ (Distorted image) ਦੀ ਸਥਾਪਨਾ ਦੇ ਆਧਾਰ ਤੇ, ਇਹ ਦਿਖਾਇਆ ਗਿਆ ਹੈ ਕਿ ਵਿਰੂਪਣ ਦੀ ਪ੍ਰਕ੍ਰਿਆ ਦੋਹਰੀ ਹੈ, ਜੋ ਪਹਿਲਾਂ ਸੰਸਾਰ ਨੂੰ ਦੇਖਦਿਆਂ, ਯਥਾਰਥ ਦੇ ਬੋਧ ਵਿੱਚ ਹੁੰਦੀ ਹੈ ਤੇ ਫਿਰ ਉਸ ਨੂੰ ਪ੍ਰਗਟਾਉਣ ਵੇਲੇ। ਤੀਜਾ ਕਾਰਨ ਸਿਰਜਣਾ ਦੀ ਪ੍ਰਕ੍ਰਿਆ (Creative Process) ਦੀ ਵਿਲੱਖਣਤਾ ਨਾਲ ਹੈ। ਇਸ ਲਈ ਮਨੁੱਖੀ ਗਿਆਨ ਵਿੱਚ ਅੰਤਰਮੁਖਤਾ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਿਸ ਨੂੰ ਲਗਾਤਾਰ ਜੋਖਣ-ਪਰਖਣ ਦੀ ਲੋੜ ਬਣੀ ਰਹਿੰਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਾਡੀ ਅੱਖ ਨਹੀਂ ਦੇਖਦੀ, ਅਸੀਂ ਦੇਖਦੇ ਹਾਂ, ਕੰਨ ਨਹੀਂ ਸੁਣਦੇ, ਅਸੀਂ ਸੁਣਦੇ ਹਾਂ।

ਦੂਜੇ ਭਾਗ ਵਿੱਚ, ਸਭਿਆਚਾਰ, ਮੂਲ-ਪ੍ਰਵਿਰਤੀਆਂ, ਇੰਨਾਂ ਦੇ ਸੰਸਕਾਰਾਂ ਵਿੱਚ ਢਲਣ, ਨੈਤਿਕਤਾ, ਕਾਮ ਅਤੇ ਸੁਹੱਪਣ ਦੇ ਮਾਪਦੰਡਾਂ ਦਾ ਲੇਖਾਜੋਖਾ ਕੀਤਾ ਗਿਆ ਹੈ ਤੇ ਇਹ ਦੱਸਿਆ ਗਿਆ ਹੈ ਕਿ ਕਿਵੇਂ ਵੱਖੋ ਵੱਖਰੀ ਸਮਾਜਿਕ ਹੈਸੀਅਤ ਮੁਤਾਬਿਕ ਪਰਿਵਾਰਾਂ ਵਿੱਚ ਰਹਿੰਦੇ ਜੀਆਂ ਦੀ

ਜਹਿਨੀਅਤ ਢਲਦੀ ਹੈ। ਟੇਲਰ ਦਾ ਹਵਾਲਾ ਦਿੰਦਿਆਂ ਕਿ 'ਸਮਾਜਿਕ ਪਸ਼ੂ' ਦੀ ਥਾਂ, ਡਾ. ਤੁਲਸੀ ਦਾ ਕਹਿਣਾ ਹੈ ਕਿ ਮਨੁੱਖ ਨੂੰ 'ਸਭਿਆਚਾਰਕ ਪਸ਼ੂ' ਕਹਿਣਾ ਜਿਆਦਾ ਪ੍ਰਸੰਗਿਕ ਹੈ। ਸਮਾਜਿਕ ਵਿਵਸਥਾ ਤਾਂ ਕੀੜੀਆਂ ਤੇ ਮਧੂਮੱਖੀਆਂ ਵਿੱਚ ਵੀ ਪਾਈ ਜਾਂਦੀ ਹੈ। ਇਸ ਲਈ ਸਮਾਜਿਕਤਾ ਨਹੀਂ, ਸਭਿਆਚਾਰ ਹੀ ਉਹ ਤੱਤ ਹੈ ਜੋ ਕਿ ਮਨੁੱਖ ਨੂੰ ਪਸ਼ੂ ਤੋਂ ਅਲੱਗ ਕਰਦਾ ਹੈ। ਸਭਿਆਚਾਰਕ ਸਿੱਖਿਆ ਹੀ ਬੱਚੇ ਨੂੰ, ਜੋ ਜਨਮਜਾਤ ਪਸ਼ੂ ਹੈ, ਮਾਨਵਤਾ ਦੇ ਸਾਂਚੇ ਵਿੱਚ ਢਾਲਦੀ ਹੈ।

ਤੀਜੇ ਭਾਗ ਵਿੱਚ 'ਮਨ ਤੇ ਸਾਹਿਤ' ਦੇ ਆਪਸੀ ਸਬੰਧਾਂ ਦੀ ਚਰਚਾ ਕਰਦਿਆਂ, ਮਨੁੱਖ, ਮਨੋਵਰਗ, ਉਸ ਦੇ ਰੁਝਾਨ, ਰੁਚੀਆਂ ਦੀ ਚਰਚਾ ਕਰਦਿਆਂ, ਇੰਨਾਂ ਵਿੱਚ ਜੁੰਗ ਵਰਗੇ ਪ੍ਰਸਿੱਧ ਮਨੋਵਿਗਿਆਨੀਆਂ ਦੇ ਸਿਧਾਂਤਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿੱਚ ਇਹ ਦੱਸਿਆ ਗਿਆ ਹੈ ਕਿ ਕਿਵੇਂ ਇੱਕੋ ਵਿਚਾਰਧਾਰਾ ਵਾਲੇ ਬੰਦਿਆਂ ਦੇ ਵਿਵਹਾਰ ਨੂੰ, ਉਨਾਂ ਦੇ ਸੁਭਾਅ, ਵੀ ਪ੍ਰਭਾਵਿਤ ਕਰਦੇ ਹਨ।

'ਸਾਹਿਤ ਤੇ ਸਿਰਜਣਾ' ਨਾਲ ਸਬੰਧਿਤ ਚੌਥੇ ਕਾਂਡ ਵਿੱਚ ਸਿਰਜਣਾ ਪ੍ਰਕ੍ਰਿਆਂ, ਇੰਨਾਂ ਦੀਆਂ ਕਿਸਮਾਂ, ਰਚਨਾਕਾਰਾਂ ਦੇ ਮਨੋਵਰਗਾਂ ਵੱਲੋਂ ਵਰਤੀਆਂ ਜਾਂਦੀਆਂ ਜੁਗਤਾਂ, ਵੱਖ-ਵੱਖ ਸਾਹਿਤਕ ਮਾਪਦੰਡਾਂ ਦੇ ਨਾਲ ਨਾਲ, ਕਵਿਤਾ ਦੇ ਤੁਕ, ਲੈਅ ਅਤੇ ਰੂਪਕ ਵਰਗੇ ਅੰਗਾਂ ਦਾ ਵਿਸ਼ਲੇਸ਼ਣ ਕੀਤਾ ਹੈ। ਚਿੱਤਰ-ਭਾਸ਼ਾ ਦੇ ਅਮੂਰਤ ਬਿੰਬਾਂ ਵਿੱਚ ਵਟਣ ਦੀ ਕਹਾਣੀ ਦਾ ਸਵਿਸਥਾਰ ਚਰਚਾ ਕੀਤਾ ਹੈ। ਕੋਸਲਰ ਦਾ ਕਹਿਣਾ ਹੈ ਕਿ ਸਿਰਜਣਾ ਦਿਵਸੰਯੋਜਨ (Bisociation) ਦੀ ਪ੍ਰਕ੍ਰਿਆ ਹੈ, ਜਿਸ ਦਾ ਅਰਥ ਹੈ -**'ਕਿਸੇ ਸਥਿਤੀ ਜਾਂ ਘਟਨਾ ਨੂੰ ਦੋ ਆਮ ਅਸਬੰਧਿਤ ਸੰਦਰਭਾਂ ਵਿੱਚ ਇੱਕੋ ਵੇਲੇ ਦੇਖਣਾ'**। ਇਹ ਪ੍ਰਕ੍ਰਿਆ ਤਿੰਨ ਤਰ੍ਹਾਂ ਦੀ ਹੋ ਸਕਦੀ ਹੈ। ਪਹਿਲੀ ਟੱਕਰ (Collision) ਵਾਲੀ ਵਿਦੂਸ਼ਕ ਦੀ, ਦੂਜੀ ਵਿਲੀਨਤਾ (Blending) ਵਾਲੀ ਵਿਗਿਆਨੀ ਦੀ, ਤੀਜੀ ਸਹਿਯੋਗ (Association) ਵਾਲੀ ਕਲਾਕਾਰ ਦੀ ਸਿਰਜਣਾ ਹੁੰਦੀ ਹੈ। ਇਸ ਦੀ ਵਿਸਥਾਰਤ ਚਰਚਾ ਪੁਸਤਕ ਵਿਚ ਕੀਤੀ ਗਈ ਹੈ। ਪੰਜਾਬੀ ਸਾਹਿਤ ਵਿੱਚ ਸਿਰਜਣਾ ਪ੍ਰਕ੍ਰਿਆ ਨੂੰ ਇਸ ਤਰਾਂ, ਇਸ ਨਜਰੀਏ ਤੋਂ ਸ਼ਾਇਦ ਕਿਸੇ ਵਿਦਵਾਨ ਨੇ ਸਮਝਿਆ ਤੇ ਨਜਿੱਠਿਆ ਹੋਵੇ।

ਅਖੀਰਲੇ ਕਾਂਡ ਵਿੱਚ ਮਹੌਲ ਦੇ ਸਥਿਰ ਤੇ ਅਸਥਿਰ ਸੰਕਲਪਾਂ ਅਧੀਨ, ਭਾਵ ਸਮਾਜ ਦੇ ਸ਼ਾਂਤ ਸਮਿਆਂ ਅਤੇ ਉਥਲ ਪੁਥਲ ਵਾਲੇ ਇਨਕਲਾਬੀ ਸਮਿਆਂ ਦਾ, ਸਮਕਾਲੀ ਸਾਹਿਤ ਉੱਤੇ ਹੁੰਦੇ ਅਸਰ ਬਾਰੇ ਚਰਚਾ ਕੀਤੀ ਹੈ। ਇੰਨ੍ਹਾਂ ਸਮਿਆਂ ਵਿੱਚ ਵੱਖ-ਵੱਖ ਸਾਹਿਤਕਾਰਾਂ ਦੀ ਰਚਨਾ ਪ੍ਰਕ੍ਰਿਆ ਦਾ ਲੇਖਾ ਜੋਖਾ ਕੀਤਾ ਗਿਆ ਹੈ ਕਿ ਕਿਵੇਂ ਵੱਖ-ਵੱਖ ਸਮਿਆਂ ਵਿੱਚ, ਵੱਖ-ਵੱਖ ਮਨੋਬਿਰਤੀ ਵਾਲੇ ਇਹ ਬੰਦੇ, ਆਗੂ ਰੋਲ ਨਿਭਾਉਂਦੇ ਹਨ।

ਮਨੁੱਖ ਨਾਲ ਸਬੰਧਿਤ ਸ਼ਾਇਦ ਹੀ ਕੋਈ ਅਨੁਸ਼ਾਸ਼ਨ ਹੋਵੇ, ਜਿਸ ਦੀ ਮੱਦਦ ਇਸ ਪੁਸਤਕ ਵਿੱਚ ਨਾ ਲਈ ਗਈ ਹੋਵੇ। ਲੇਖਕ ਦਾ ਦਾਅਵਾ ਹੈ ਕਿ ਉਸ ਨੇ ਅਸਲੋਂ ਹੀ ਨਵੀਂ ਵਿਧੀ, 'ਮਨੋ-ਸਮਾਜਿਕ' ਵਿਧੀ ਨੂੰ ਅਪਣਾਇਆ ਹੈ। ਮਹੌਲ ਨੂੰ ਸਮਾਜਵਿਗਿਆਨ ਅਤੇ ਮਾਨਵਵਿਗਿਆਨ, ਮਨ ਨੂੰ ਮਨੋਵਿਗਿਆਨ ਅਤੇ ਸਾਹਿਤਕ ਸਿਰਜਣਾ ਨੂੰ ਸੌਂਦਰਯ-ਸ਼ਾਸ਼ਤਰ ਦੀ ਰੌਸ਼ਨੀ ਵਿੱਚ ਵੇਖਿਆ ਪਰਖਿਆ ਗਿਆ ਹੈ।

ਕਿਸੇ ਵੀ ਵਿਸ਼ੇ ਬਾਰੇ, ਹੋਰ ਜਾਨਣ ਦੇ ਚਾਹਵਾਨ ਪਾਠਕ ਲਈ, ਆਪੋ ਆਪਣੇ ਵਿਸ਼ਿਆਂ ਦੇ ਮਾਹਰ ਵਿਦਵਾਨਾਂ ਦੁਆਰਾ ਰਚਿਤ, ਹਵਾਲਾ-ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। 'ਗੁਰਦੇਵ ਫਾਉਂਡੇਸ਼ਨ' ਦੁਅਰਾ ਪ੍ਰਕਾਸ਼ਿਤ ਇਸ ਪੁਸਤਕ ਦੀ ਪ੍ਰਾਪਤੀ ਲਈ ਨਿਰਮਲ ਪਟਵਾਰੀ (98726-67116), ਜਸਵੰਤ ਜੱਸ (93569-10856) ਅਤੇ ਅਸ਼ੋਕ ਰੋਪੜ (98881-44844) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਰੀਵਿਊਕਾਰ : ਅਵਤਾਰ ਗੋਂਦਾਰਾ

ਬਾਬੇ

ਲੋਕਾਂ ਨੂੰ ਅੰਧਵਿਸ਼ਵਾਸ ਵੱਲ ਲਿਜਾਈ ਜਾਂਦੇ ਨੇ ਬਾਬੇ,
ਦਿਖਾਕੇ ਜਾਦੂ, ਚਮਤਕਾਰ ਕਹਿ, ਬੁੱਧੂ ਬਣਾਈ ਜਾਂਦੇ ਨੇ ਬਾਬੇ।

ਲੋਕਾਂ ਦੀ ਸੋਚ ਨੂੰ ਅੱਗੇ, ਵਧਨ ਨਹੀਂ ਦਿੰਦੇ,
ਵਿੱਚ ਮੰਦਰਾਂ ਦੇ ਮੂਰਤੀਆਂ ਨੂੰ ਦੁੱਧ ਪਿਲਾਈ ਜਾਂਦੇ ਨੇ ਬਾਬੇ।

ਚਾਰ ਇੱਟਾਂ ਦੀ ਮਟੀ ਬਣਾ, ਆਖਣ ਇੱਥੇ ਪੀਰ ਦਾ ਵਾਸ,
ਇੰਝ ਹੀ ਜ਼ਮੀਨਾਂ ਤੇ ਕਬਜੇ ਜਮਾਈਂ ਜਾਂਦੇ ਨੇ ਬਾਬੇ।

-ਭੁਪਿੰਦਰ ਫੌਜੀ



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਜਨਵਰੀ-ਫਰਵਰੀ 2015 ਅੰਕ ਬਹੁਤ ਹੀ ਲੇਟ ਭਾਵ 20 ਜਨਵਰੀ ਨੂੰ ਮਿਲਿਆ। ਪੜ੍ਹਿਆ, ਵਿਚਾਰਿਆ। ਇਸ ਤਰ੍ਹਾਂ ਲੱਗਿਆ ਜਿਵੇਂ ਸਾਡਾ ਇਹ ਅੰਕ ਸਾਰਿਆਂ ਦਾ P.M. ਹੋਵੇ। ਧੰਨਵਾਦ, ਸ਼ਾਬਾਸ਼!! ਪਹਿਲਾਂ ਆਪਾਂ ਜਨਵਰੀ-ਫਰਵਰੀ ਅੰਕ ਵਿੱਚ ਨਵੇਂ ਸਾਲ ਦਾ ਕੈਲੰਡਰ ਛਾਪਿਆ ਕਰਦੇ ਸੀ, ਪਰ ਹੁਣ ਇਹ ਰਿਵਾਇਤ ਚੰਗੀ ਨਹੀਂ ਲੱਗ ਰਹੀ। ਸੰਪਾਦਕੀ ਤਿੰਨ ਵਾਰ ਪੜ੍ਹ ਕੇ ਮਨ ਨਹੀਂ ਰੱਜਿਆ। ਬਿਹਤਰੀਨ ਪੇਸ਼ਕਾਰੀ ਲਈ ਬਲਬੀਰ ਚੰਦ ਲੌਂਗੋਵਾਲ ਅਤੇ ਤਰਕਸ਼ੀਲ ਨੂੰ ਮੁਬਾਰਕਾਂ, ਸ਼ਾਬਾਸ਼। ਹੇਮਰਾਜ ਸਟੈਨੋ ਜੀ ਦਾ ਨਵਾਂ ਸਾਲ 2015 ਖਤਰੇ 'ਤੇ ਸੰਭਾਵਨਾਵਾਂ ਪੜ੍ਹ ਕੇ ਬਹੁਤ ਹੀ ਆਨੰਦ ਆਇਆ। ਖੋਜ ਖ਼ਬਰਾਂ (ਖਬਰ) ਪਰੋਸ ਕੇ ਕਮਾਲ ਕਰ ਦਿੱਤਾ। ਬਹੁਤ ਕੁੱਝ ਨਵਾਂ ਮਿਲਿਆ। ਖ਼ਬਰ ਹੈ ਕਿ 'ਆਪਣੇ ਮੂਹੋਂ ਆਪ ਬੋਲ ਕੇ ਸੁਣਾ ਰਿਹਾ' ਮਹਿਸੂਸ ਹੋਇਆ। ਹਵਾ 'ਚ ਲਿਖੇ ਹਰਫ਼ ਵਿੱਚ ਪੂਰੀ ਜਾਨ ਸੀ। ਸਾਰੇ ਹਰਫ਼ ਵਧਾਈ ਦੇ ਪਾਤਰ ਹਨ। 'ਮਨੋਰੋਗ ਮਾਹਿਰ ਦੀ ਕਲਮ ਤੋਂ' ਡਾ. ਬਲਵੰਤ ਸਿੱਧੂ ਜੀ ਨੇ ਤਰਕਸ਼ੀਲ ਨੂੰ ਚਾਰ ਚੰਨ ਲਾ ਦਿੱਤੇ, ਪਰ ਤੁਸੀਂ ਡਾ. ਸਾਹਿਬ ਦਾ ਫ਼ੋਨ ਨੰਬਰ ਨਾ ਦੇ ਕੇ ਸਾਰੇ ਚੰਨਾਂ ਨੂੰ ਗ੍ਰਹਿਣ ਲਾਉਣ ਵਿੱਚ ਕਸਰ ਨਹੀਂ ਛੱਡੀ। ਅੱਗੇ ਤੋਂ ਧਿਆਨ ਰੱਖਣਾ ਹੀ ਪਵੇਗਾ। 'ਮੈਂ ਤਰਕਸ਼ੀਲ ਕਿਵੇਂ ਬਣਿਆ' ਸੰਬੰਧੀ ਪੰਨਾ 24 ਵਾਲੀ ਸੂਚਨਾ ਦੋਵਾਰਾ ਪੜ੍ਹ ਕੇ ਦੇਖੋ, ਸੋਚੋ, ਇਹ ਤੁਸੀਂ ਕੀ ਕਰਨ ਜਾ ਰਹੇ ਹੋ? ਇਹ ਬਿਲਕੁੱਲ ਵੀ ਵਾਜਬ ਨਹੀਂ ਹੈ। ਇਸ ਕੁਰੀਤ ਪ੍ਰਥਾ ਤੋਂ ਬਚੋ।

ਜਰਨੈਲ ਸਿੰਘ ਖਹਿਰਾ, 98155-34220

ਹਵਾ 'ਚ ਲਿਖੇ ਹਰਫ਼ ਦੇ ਇੱਕ ਸ਼ੇਅਰ ਦੀ ਲਾਇਨ- 'ਲੱਗਿਆ ਕਹਿਣ ਕਹਾਣੀ ਰੂਹ ਦੇ ਪੱਚਰੇ ਉਡਦੇ ਨੇ' ਕੀ ਤਰਕਸ਼ੀਲ 'ਰੂਹ' ਨੂੰ ਮੰਨਦੇ ਹਨ। ਬਹੁਤ ਗੰਭੀਰ ਗਲਤੀ ਹੈ, ਪ੍ਰਵਾਨ ਨਹੀਂ। ਬੱਚਿਆਂ ਲਈ ਵਿਸ਼ੇਸ਼ ਕਾਲਮ 'ਦਸ ਸਵਾਲ' ਬੰਦ ਕਰਨਾ ਠੀਕ ਨਹੀਂ, ਮੁੜ ਸੋਚੋ। ਜਾਂ ਇਸ ਦੇ ਬਦਲ ਵਿੱਚ ਕੁੱਝ ਹੋਰ ਸ਼ੁਰੂ ਕਰੋ। ਮੈਗਜ਼ੀਨ ਦਾ ਮੁੱਖ ਵਿਚਾਰ-ਜੋ ਲਾਈਲੱਗ ਹੈ ਉਹ 'ਪੱਤਰਕਾਰ' ਨਹੀਂ ਅਖਵਾ ਸਕਦਾ। ਕੀ ਅਸੀਂ ਤਾਂ ਨਹੀਂ ਲਾਈਲੱਗ ਬਣ ਰਹੇ? (ਫੋਨ ਤੇ ਲਿਖਵਾਈ ਟਿੱਪਣੀ)

ਅੱਛਰ ਸਿੰਘ ਖਰਲਵੀਰ, ਇੰਗਲੈਂਡ

ਮਾਰਚ-ਅਪ੍ਰੈਲ ਅੰਕ ਦੀ ਸੰਪਾਦਕੀ ਬਹੁਤ ਪਸੰਦ ਆਈ। ਅਵਤਾਰ ਗੋਂਦਾਰਾ ਜੀ ਦੀ ਡਾ. ਤੁਲਸੀ ਨਾਲ ਮੁਲਾਕਾਤ ਬਹੁਤ ਪਸੰਦ ਆਈ। ਅਜਿਹੀਆਂ ਸਖਸ਼ੀਅਤਾਂ ਦਾ ਜੀਵਨ, ਵਿਚਾਰ ਪਾਠਕਾਂ ਲਈ ਪ੍ਰੇਰਣਾ ਸ੍ਰੋਤ ਬਣਦੇ ਹਨ। 'ਬ੍ਰਹਿਮੰਡ ਯਾਤਰਾ' ਨੂੰ ਵਿਦਿਆਰਥੀ ਬਹੁਤ ਚਾਅ, ਦਿਲਚਸਪੀ ਨਾਲ ਪੜ੍ਹਦੇ ਹਨ। ਸਰਗਰਮੀਆਂ ਦੇ ਪੰਨੇ ਘੱਟ ਕਰੋ। ਆਮ ਪਾਠਕ ਨੂੰ ਇਹਨਾਂ ਵਿੱਚ ਕੋਈ ਦਿਲਚਸਪੀ ਨਹੀਂ। ਖ਼ਬਰਾਂ ਪਹਿਲਾਂ ਅਖਬਾਰਾਂ ਵਿੱਚ ਛਪ ਤਾਂ ਜਾਂਦੀਆਂ ਹਨ। ਰਾਹੁਲ ਸੰਕ੍ਰਤਾਇਨ ਦੀ ਰਚਨਾ 'ਭੱਜੋ ਨਾ, ਦੁਨੀਆਂ ਨੂੰ ਬਦਲੋ' ਸਰਲ ਭਾਸ਼ਾ ਵਿੱਚ ਸਭ ਕੁੱਝ ਸਮਝਾ ਰਹੀ ਹੈ। ਇਸਨੂੰ ਕਦੇ ਵੀ ਮਿੱਸ ਨਾ ਕੀਤਾ ਜਾਵੇ। ਲਗਾਤਾਰਤਾ ਟੁੱਟ ਜਾਂਦੀ ਹੈ। ਪੂਰਾ ਮੈਗਜ਼ੀਨ ਕਾਬਲ-ਏ-ਤਾਰੀਫ਼ ਹੁੰਦਾ ਹੈ।

ਸਵਰਨਜੀਤ ਕੌਰ ਫਰੀਦਕੋਟ, 98152-30446

ਸਾਡੇ ਪਰਿਵਾਰਕ ਮੈਂਬਰਾਂ ਦਾ ਝੁਕਾਅ ਤਰਕਸ਼ੀਲ ਲਹਿਰ ਵੱਲ ਹੋਣ ਕਰਕੇ ਸਾਨੂੰ ਬਚਪਨ ਤੋਂ ਹੀ ਮੈਗਜ਼ੀਨ, ਕਿਤਾਬਾਂ ਪੜ੍ਹਣ ਨੂੰ ਮਿਲ ਰਹੇ ਹਨ। ਅਸੀਂ ਅੰਧ ਵਿਸਵਾਸਾਂ ਤੋਂ ਬਿਲਕੁਲ ਦੂਰ ਹਾਂ। ਵਿਸਾਖੀ ਵਾਲੇ ਦਿਨ ਅਸੀਂ ਤਰਕਸ਼ੀਲ ਮੇਲਾ ਵੇਖਿਆ। ਸਾਨੂੰ ਬਹੁਤ ਚੰਗਾ ਲੱਗਦਾ ਹੈ ਕਿ ਤੁਸੀਂ ਆਪਣੀ ਇਹਨੀ ਰੁਝੇਵੇਂ ਭਰੀ ਜ਼ਿੰਦਗੀ ਵਿੱਚੋਂ ਕੀਮਤੀ ਸਮਾਂ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿੱਚੋਂ ਕੱਢਣ ਲਈ ਲਗਾਉਂਦੇ ਹੋ। ਅਸੀਂ ਤੁਹਾਡੀ ਸੋਚ ਨੂੰ ਸਲਾਮ ਕਰਦੇ ਹਾਂ।

ਸੁਖਦੀਪ ਕੋਟ ਫੱਤਾ, ਮਨਦੀਪ ਕੌਰ ਢਿੱਲੋਂ, ਸੁਖਦੀਪ ਕੌਰ 78141-84146

ਤਰਕਸ਼ੀਲ ਵਿੱਚ ਛਪਦੀਆਂ ਕੇਸ ਰਿਪੋਰਟਾਂ ਬਹੁਤ ਦਿਲਚਸਪ ਅਤੇ ਮਾਰਗ ਦਰਸ਼ਕ ਹੁੰਦੀਆਂ ਹਨ। ਮਾਰਚ-ਅਪ੍ਰੈਲ ਅੰਕ ਦੀ ਕੇਸ ਰਿਪੋਰਟ 'ਹਜਰਾਇਤ ਵਾਲੀ ਖਰੈਤੀ ਮਾਈ ਦੇ ਛੇਨੇ ਵਿੱਚ' ਬਹੁਤ ਪਸੰਦ ਆਈ। ਹਵਾ ਚ ਲਿਖੇ ਹਰਫ਼

ਚਿਣ-ਚਿਣ ਕੇ ਧਰੇ ਹੁੰਦੇ ਹਨ। ਜਿੰਨੀ ਪ੍ਰਸੰਸਾ ਕੀਤੀ ਜਾਵੇ ਥੋੜ੍ਹੀ ਹੈ। ਹੇਮ ਰਾਜ ਸਟੈਨੋ ਜੀ ਦੇ ਦਾਰਸ਼ਨਿਕ ਵਿਚਾਰ ਪਾਠਕਾਂ ਦੀ ਮਹੱਤਵਪੂਰਨ ਅਗਵਾਈ ਕਰਦੇ ਹਨ। 'ਦਸ ਸਵਾਲ' ਕਾਲਮ ਬੰਦ ਨਾ ਕਰੋ। ਸਰਗਰਮੀ ਰਿਪੋਰਟਾਂ ਜੇ ਬੰਦ ਕਰ ਦਿੱਤੀਆਂ ਜਾਣ ਤਾਂ ਚੰਗਾ ਹੈ। ਜਿਗਿਆਸਾ, ਖ਼ੋਜ ਖਬਰ, ਖ਼ਬਰ ਹੈ ਕਿ, ਬ੍ਰਹਿਮੰਡ ਯਾਤਰਾ ਆਦਿ ਲੜੀਵਾਰ ਬਹੁਤ ਵਧੀਆ ਚੱਲ ਰਹੇ ਹਨ। ਪਾਠਕਾਂ ਨੂੰ ਬੰਨ੍ਹੀ ਰੱਖਦੇ ਹਨ। ਹਰ ਵਾਰ ਇੱਕ ਮੁਲਾਕਾਤ ਵੀ ਜਰੂਰ ਦੇਵੋ। ਪੁਸਤਕ ਰੀਵਿਊ ਸਿਰਫ ਇੱਕ ਪੰਨੇ ਦਾ ਦਿੱਤਾ ਜਾਵੇ, ਪੁਸਤਕ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੋਵੇ, ਕਿਤਾਬ ਪਾਠਕ ਆਪ ਪੜ੍ਹਣ। ਕਾਲਮ 'ਮਨੋਰੋਗ ਮਾਹਿਰ ਦੀ ਕਲਮ ਤੋਂ' ਨਿਰੰਤਰ ਅਮੁੱਲ ਗਿਆਨ ਪ੍ਰਦਾਨ ਕਰ ਰਿਹਾ ਹੈ। ਮਾਰਚ-ਅਪ੍ਰੈਲ ਅੰਕ ਦੀ ਸੰਪਾਦਕੀ ਅਤੇ ਵੰਨਗੀ ਬਹੁਤ ਵਧੀਆ ਸੀ। ਦਿਲਚਸਪ ਸੀ, ਟਕੋਰਾਂ ਮਾਰਦੀ ਸੀ। ਜਸਵੰਤ ਮੋਹਾਲੀ ਨੇ 'ਕਲਚਰਲ ਸੈਂਸਿਟਵਿਟੀ' ਰਾਹੀਂ ਸੂਖਮ ਗੱਲਾਂ ਕੀਤੀਆਂ ਹਨ।ਅਦਾਰਾ ਤਰਕਸ਼ੀਲ ਵਧੀਆ ਮੈਟਰ ਦੇਣ ਲਈ ਵਧਾਈ ਦਾ ਪਾਤਰ ਹੈ।

ਬੀਰਬਲ ਸਿੰਘ, ਸਮਰਾਲਾ (ਲੁਧਿਆਣਾ)

ਵਿਅਕਤੀਆਂ ਦੀਆਂ ਤਸਵੀਰਾਂ, ਜਿਹਨਾਂ ਨੇ ਮਨੁੱਖਤਾ ਦੇ ਭਲੇ ਲਈ ਅਤੇ ਸਮਾਜ ਦੇ ਲਈ ਆਪਣੀ ਸਾਰੀ ਜ਼ਿੰਦਗੀ ਲੇਖੇ ਲਾਈ, ਬਹੁਤ ਪ੍ਰਭਾਵਸ਼ਾਲੀ ਸਨ। ਇਹਨਾਂ ਨੂੰ ਸਲੂਟ ਹੈ। 'ਭਗਤ ਸਿੰਘ ਦੀ ਜੇਲ੍ਹ ਡਾਇਰੀ ਵਿੱਚੋਂ' ਬਹੁਤ ਵਧੀਆ ਲੱਗਾ। ਹੋਰ ਮਹਾਨ ਵਿਅਕਤੀਆਂ ਬਾਰੇ ਵੀ ਜਾਣਕਾਰੀ ਛਾਪਿਆ ਕਰੋ। 'ਜਿਗਿਆਸਾ' ਵਿੱਚ ਜੌੜੇ ਬੱਚਿਆਂ ਬਾਰੇ-'ਕਦੇ ਕਦਾਈ ਉਕਤ ਭਰੂਣ ਟੁੱਟ ਕਿ ਇੱਕ ਤੋਂ ਦੋ ਬਣ ਜਾਂਦਾ। ਦੋਨਾਂ ਸੈਲਾਂ ਵਿੱਚ ਇੱਕੋ ਜਿਹੇ ਜੀਨਜ ਹੁੰਦੇ ਹਨ, ਜਿੰਨ੍ਹਾਂ ਦੇ ਪ੍ਰਭਾਵ ਹੇਠ ਵਿਕਸਤ ਹੋਏ ਬੱਚੇ, ਇੱਕੋ ਜਿਹੀ ਸ਼ਕਲ ਵਾਲੇ ਹੁੰਦੇ ਹਨ। ਇਹ ਦੋਵੇਂ ਬੱਚੇ ਇੱਕੋ ਲਿੰਗ ਦੇ ਹੋਣਗੇ ਭਾਵ ਮੁੰਡੇ ਜਾਂ ਕੁੜੀਆਂ' ਬਾਰੇ ਦੁਬਿਧਾ ਹੈ। ਸਾਡੇ ਪਿੰਡ ਅਤੇ ਰਿਸ਼ਤੇਦਾਰੀਆਂ ਵਿੱਚ ਇਸਤੋਂ ਉਲਟ ਵਾਪਰਿਆ ਹੈ। ਦੋ ਬੱਚੇ ਅਲੱਗ-ਅਲੱਗ ਲਿੰਗ ਦੇ ਹਨ। ਇਕ ਹੀ ਨਹੀਂ, ਕਈ ਜਗ੍ਹਾ ਦੀ ਗੱਲ ਹੈ। ਇਸ ਬਾਰੇ ਸਪੱਸ਼ਟੀਕਰਨ ਦਿੱਤਾ ਜਾਵੇ। ਕਈ ਲੇਖਕਾਂ ਦੇ ਲੇਖ ਚਾਰ ਜਾਂ ਪੰਜ ਪੰਨਿਆਂ ਦੇ ਹੁੰਦੇ ਹਨ, ਉਹਨਾਂ ਨੂੰ ਦੋ ਵਾਰ ਵਿੱਚ ਛਾਪ ਦਿੱਤਾ ਜਾਵੇ। ਇਹ ਬਹੁਤ ਠੀਕ ਰਹੇਗਾ, ਉਸ ਜਗ੍ਹਾ ਹੋਰ ਮੈਟਰ ਛਾਪਿਆ ਜਾ ਸਕਦਾ ਹੈ।

ਲਖਵਿੰਦਰ ਸਰੀਂਹ ਵਾਲਾ

ਮਾਰਚ-ਅਪ੍ਰੈਲ 2015 ਅੰਕ ਦਾ ਮੁੱਖ ਪੰਨਾ ਵਧੀਆ ਲੱਗਾ ਲੇਕਿਨ ਇਸ ਪੰਨੇ ਤੇ ਮੈਗਜ਼ੀਨ ਦੀ ਕੀਮਤ 20/- ਰੁ: ਛਪਣੋਂ ਰਹਿ ਗਈ। ਇਸ ਪੰਨੇ ਦੇ ਹੇਠਲੇ ਪਾਸੇ ਗਰਿੱਸਵੌਲਡ ਦੀ ਕੁਟੇਸ਼ਨ ਘੱਟ ਉਘੜਦੀ ਸੀ। ਇਹ ਕਾਲੇ ਰੰਗ ਵਿੱਚ ਸਾਦੇ ਢੰਗ ਨਾਲ ਲਿਖੀ ਹੁੰਦੀ ਤਾਂ ਠੀਕ ਉਘੜਨੀ ਸੀ। ਮੁੱਖ ਪੰਨੇ ਤੇ ਵਿਗਿਆਨੀਆਂ ਅਤੇ ਯੁੱਗਪੁਰਸ਼ਾਂ ਦੀਆਂ ਤਸਵੀਰਾਂ ਦੇ ਨਾਂ ਇੱਥੇ ਹੀ (ਮੁੱਖ ਪੰਨੇ ਤੇ) ਲਿਖਣੇ ਚਾਹੀਦੇ ਸਨ ਜੋ ਕਿ ਸੰਭਵ ਸਨ। 'ਭਦੌੜ ਸੇਵਾ ਮੁਕਤ' ਨੇ ਤਰਕਸ਼ੀਲ ਲਹਿਰ ਨੂੰ ਹੁਲਾਰਾ ਦਿੱਤਾ ਹੈ ਅਤੇ ਕਾਰਕੁਨਾਂ ਲਈ ਮਾਰਗ ਦਰਸ਼ਕ ਬਣਿਆ ਹੈ। ਤਤਕਰੇ ਵਿੱਚ ਲਿਖਤਾਂ ਦੇ ਸਿਰਲੇਖ ਵੀ ਮੋਟੀ ਛਪਾਈ ਵਿੱਚ ਚਾਹੀਦੇ ਹਨ। ਇਸ ਅੰਕ ਦੀ ਸੰਪਾਦਕੀ ਅਤੇ ਧਰਮ ਤੇ ਵਿਗਿਆਨ ਸਭ ਤੋਂ ਵੱਧ ਪਸੰਦ ਆਇਆ । ਇਸ ਅੰਕ ਦੀਆਂ ਅਤੇ ਪਿਛਲੇ ਅੰਕਾਂ ਦੀਆਂ ਚੌਣਵੀਆਂ ਲਿਖਤਾਂ ਦੀਆਂ ਕਿਤਾਬਾਂ ਛਪਾਈਆ ਜਾ ਸਕਦੀਆਂ ਹਨ। ਲੋਕ ਕਵੀ ਸੰਤ ਰਾਮ ਉਦਾਸੀ, ਇੱਕ ਸ਼ਰਧਾਂਜਲੀ, ਸਨਮਾਨ ਅਤੇ ਵਧਦੇ ਕਦਮ ਨੇ ਵੀ ਉਤਸ਼ਾਹ ਵਧਾਇਆ ਹੈ। ਰੱਬ ਤੇ ਜੀਵਨ, ਗੈਲੀਲੀਓ, ਲਾਈਲਗਤਾ ਅਤੇ ਦੇਣ ਵਿਗਿਆਨ ਦੀ ਵੀ ਪ੍ਰੇਰਨਾਦਾਇਕ ਰਹੀਆਂ। ਅੰਕ ਦੀਆਂ ਬਾਕੀ ਲਿਖਤਾਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਚੰਗਾ ਅਸਰ ਛੱਡਦੀਆਂ ਹਨ। ਤਰਕਸ਼ੀਲ ਲਹਿਰ ਲਈ ਕੰਮ ਕਰਦੇ ਕਾਮਿਆਂ, ਹਮਦਰਦਾਂ ਅਤੇ ਲੇਖਕਾਂ ਨੂੰ ਸਲਾਮ ਅਤੇ ਇੱਕ ਸੁਨੇਹਾ, "ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ, ਅੰਗਾਰਾਂ ਤੇ ਕਦਮ ਰੱਖਣਾ ਜਦੋਂ ਤੱਕ ਵਾਟ ਬਾਕੀ ਹੈ।"

ਅਜੀਤ ਪ੍ਰਦੇਸੀ, ਰੋਪੜ, 9463366546

ਚਰਦੇ ਖੇਤ ਸਾਨ੍ਹ ਵਲੈਤੀ,
ਦੇਸੀ ਢੱਠੇ-ਝੋਟੇ।
ਤਰੱਕੀ ਤੇਰੀ ਦੀਆਂ ਮਾਰਨ ਬੜਕਾਂ,
ਮਨਸ਼ੇ ਇੰਨ੍ਹਾਂ ਦੇ ਖੋਟੇ।
ਰੱਤ ਤੇਰੀ ਨਿੱਤ ਚੂਸ ਚੂਸ ਕੇ,
ਹੁੰਦੇ ਜਾਵਣ ਮੋਟੇ।
ਲੋਕਾ ਹੋ ਤਕੜਾ,
ਛੇਕ ਇਹਨਾਂ ਦੇ ਲੋਟੇ।

-ਹਰੀ ਸਿੰਘ ਤਰਕ

ਪੇਸ਼ ਕਦਮੀਆਂ

ਉਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ : ਨਾਟਕਕਾਰ ਸੈਮੂਅਲ ਜੌਹਨ ਦਾ ਸਨਮਾਨ : ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ, ਵੱਲੋਂ ਬੀਤੇ ਐਤਵਾਰ ਰੰਗ ਮੰਚ ਦੀ ਦੁਨੀਆਂ ਵਿੱਚ ਜਾਣੇ ਪਹਿਚਾਣੇ ਨਾਟਕਕਾਰ ਸੈਮੂਅਲ ਜੋਹਨ ਨੂੰ ਉਨ੍ਹਾਂ ਦੇ ਰੂ-ਬ-ਰੂ ਪ੍ਰੋਗਰਾਮ ਦੌਰਾਨ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬੀ ਆਰਟਸ ਐਸੋ: ਵੱਲੋਂ ਵੀ ਉਨ੍ਹਾਂ ਨੂੰ ਪਲੈਕ ਦਿੱਤੀ ਗਈ। ਇਸ ਪ੍ਰੋਗਰਾਮ ਵਿੱਚ ਸੈਮੂਅਲ ਨੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਰੰਗ ਮੰਚ ਨਾਲ ਜੁੜੇ ਤਜਰਬਿਆਂ ਨੂੰ ਬੜੇ ਹੀ ਰੋਚਕ ਢੰਗ ਨਾਲ ਸਾਂਝਾ ਕੀਤਾ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸੁਸਾਇਟੀ ਦੇ ਕਾਰਜਕਰਨੀ ਮੈਂਬਰ ਬਲਦੇਵ ਰਹਿਪਾ ਨੇ ਮਾਰਚ ਮਹੀਨੇ ਦੇ ਮਹਾਨ ਸ਼ਹੀਦਾਂ, ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਦਿੰਦਿਆਂ, ਸ਼ਹੀਦਾਂ ਦੇ ਅਧੂਰੇ ਰਹਿ ਗਏ ਕਾਰਜ, ਇੱਕ ਚੰਗੇ, ਲੁੱਟ ਰਹਿਤ ਸਮਾਜ ਨੂੰ ਸਿਰਜਣ ਲਈ ਯਤਨ ਕਰਨ ਤੇ ਜ਼ੋਰ ਦਿੱਤਾ। ਇਸਤੋਂ ਬਾਅਦ ਬਲਜੀਤ ਸਿੰਘ ਨੇ ਆਪਣੀ ਮਧੁਰ ਆਵਾਜ ਵਿੱਚ ਜਗਤਾਰ ਦਾ ਲਿਖਿਆ ਇਨਕਲਾਬੀ ਗੀਤ ਸਾਂਝਾ ਕੀਤਾ। ਡਾ. ਬਲਜਿੰਦਰ ਸੇਖੋਂ ਨੇ ਗਦਰ ਲਹਿਰ ਦੇ ਕੈਨੇਡਾ ਵਿਚਲੇ ਸ਼ਹੀਦ ਸ. ਮੇਵਾ ਸਿੰਘ ਦੀ ਜੀਵਨੀ ਬਾਰੇ, ਜਿਸਨੂੰ ਇੱਕ ਬਦਨਾਮ, ਪੰਜਾਬੀਆਂ ਵਿੱਚ ਫੁੱਟ ਪਾਓ ਅੰਗਰੇਜ਼ ਪੁਲਸੀਏ ਵਿਲੀਅਮ ਹੌਪਕਿੰਨਸਨ ਦੇ ਕਤਲ ਦੇ ਦੋਸ਼ ਵਿੱਚ ਜਨਵਰੀ 1915 ਵਿੱਚ ਵੈਨਕੂਵਰ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਵਿਸਥਾਰ ਵਿੱਚ ਦੱਸਿਆ। ਸੈਮੂਅਲ ਜੋਹਨ ਨੇ ਆਪਣੀ ਗਲਬਾਤ ਬਚਪਨ ਤੋਂ ਸ਼ੁਰੂ ਕਰਦਿਆਂ, ਲੋਕ ਪੱਖੀ ਰੰਗ ਮੰਚ ਨੂੰ ਅਪਣਾਏ ਆਪਣੇ ਜੀਵਨ ਵਿੱਚ ਆਈਆਂ ਔਕੜਾਂ ਅਤੇ ਇੰਨ੍ਹਾਂ ਔਕੜਾਂ ਤੋਂ ਸਿੱਖੇ ਸਬਕਾਂ ਨੂੰ ਬੜੇ ਹੀ ਰੌਚਕ ਤਰੀਕੇ ਨਾਲ ਦਰਸ਼ਕਾਂ ਨਾਲ ਸਾਂਝਾ ਕੀਤਾ। ਸੈਮੂਅਲ ਨੇ ਦੱਸਿਆ ਕਿ ਗਰੀਬ ਕਿਸਾਨਾਂ ਤੇ ਖੇਤ ਮਜਦੂਰਾਂ ਦੀ ਇੱਕਜੁਟਤਾ ਦੀ ਕਹਾਣੀ ਕਹਿੰਦੇ ਉਨ੍ਹਾਂ ਨੇ ਨਾਟਕ ਪਿੰਡਾਂ ਵਿੱਚ ਕਾਫੀ ਪਸੰਦ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜਦ ਕਿਸੇ ਵੱਡੇ ਪ੍ਰੋਗਰਾਮ ਤੋਂ ਕੋਈ ਵੀ ਦਿਨ ਵਿਹਲਾ ਹੁੰਦਾ ਹੈ, ਉਹ ਆਪਣੀ ਛੋਟੀ ਜਿਹੀ ਟੀਮ ਲੈ ਕੇ ਪਿੰਡਾਂ ਵਿੱਚ ਨੁੱਕੜ ਨਾਟਕ ਕਰਦੇ ਹਨ। ਆਪਣੀ ਗੱਲਬਾਤ ਦੇ ਅੰਤ ਤੇ ਸੈਮੂਅਲ ਨੇ ਸਰੋਤਿਆਂ ਵੱਲੋਂ ਵੱਡੀ ਗਿਣਤੀ ਵਿੱਚ ਉਠਾਏ ਗਏ ਸਵਾਲਾਂ ਦੇ ਜਵਾਬ ਦਿੱਤੇ, ਜਿਸ ਉਪਰੰਤ ਉਨ੍ਹਾਂ ਨੂੰ ਤਰਕਸ਼ੀਲ ਸੁਸਾਇਟੀ ਅਤੇ ਪੰਜਾਬ ਆਰਟਸ ਐਸੋਸੀਏਸ਼ਨ ਵੱਲੋਂ ਸਨਮਾਨਿਤ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਬਲਦੇਵ ਰਹਿਪਾ (416 881 7202) ਜਾਂ ਡਾ. ਬਲਜਿੰਦਰ ਸੇਖੋਂ (9501 781 1197) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਤਰਕਸ਼ੀਲ ਮੇਲਾ : ਇਕਾਈ ਧਾਰੀਵਾਲ ਭੋਜਾ : 23 ਮਾਰਚ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਤਰਕਸ਼ੀਲ ਮੇਲਾ ਪਿੰਡ ਢੇਸੀਆਂ ਵਿਖੇ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਭਾਜੀ ਗੁਰਸ਼ਰਨ ਸਿੰਘ ਦੁਆਰਾ ਸਿਰਜਿਤ ਟੀਮ ਚੰਡੀਗੜ੍ਹ ਸਕੂਲ ਆਫ ਡਰਾਮਾ ਦੇ ਕਲਾਕਾਰਾਂ ਵੱਲੋਂ ਵਹਿਮਾਂ ਭਰਮਾਂ, ਸਮਾਜਿਕ ਬੁਰਾਈਆਂ, ਨਸ਼ਿਆਂ ਤੇ ਅਧਾਰਿਤ ਨਾਟਕ 'ਪੰਡਿਤ ਬਲਾਕੀ ਰਾਮ', 'ਮਿੱਟੀ ਰੁਦਨ ਕਰੇ' ਤੋਂ ਇਲਾਵਾ ਇਨਕਲਾਬੀ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਤਰਕਸ਼ੀਲ ਆਗੂ ਦੀਵਾਨ ਸਿੰਘ ਧਾਰੀਵਾਲ ਭੋਜਾ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਜੋਨ ਮੁੱਖੀ ਸੰਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ। ਉਨ੍ਹਾਂ ਇਲਾਕੇ ਭਰ ਦੇ ਪਾਖੰਡੀ ਸਾਧਾਂ ਸੰਤਾਂ ਨੂੰ ਖੁੱਲੀ ਚੁਣੌਤੀ ਦਿੱਤੀ ਕਿ ਜਾਂ ਤਾਂ ਉਹ ਸੁਸਾਇਟੀ ਦੀਆਂ 23 ਸ਼ਰਤਾਂ ਵਿੱਚੋਂ ਕੋਈ ਇੱਕ ਸ਼ਰਤ ਪੂਰੀ ਕਰਕੇ 5 ਲੱਖ ਦਾ ਨਕਦ ਇਨਾਮ ਜਿੱਤਣ ਜਾਂ ਫਿਰ ਆਮ ਜਨਤਾ ਦੀ ਸ਼ਰੀਰਕ, ਆਰਥਿਕ ਤੇ ਮਾਨਸਿਕ ਲੁੱਟ-ਖਸੁੱਟ ਕਰਨ ਵਾਲੀਆਂ ਦੁਕਾਨਦਾਰੀਆਂ ਖਤਮ ਕਰਨ। ਤਰਕਸ਼ੀਲ ਮੇਲੇ ਦੌਰਾਨ ਮਨਦੀਪ ਸਿੰਘ, ਗਗਨਦੀਪ ਸਿੰਘ, ਕਸ਼ਮੀਰ ਸਿੰਘ ਕਾਦੀਆਂ ਨੇ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ। ਇਸ ਮੌਕੇ ਬੇਅੰਤ ਡੇਹਰੀਵਾਲ, ਭੁਪਿੰਦਰ ਸਿੰਘ ਕਾਲਾ, ਗੁਰਮੀਤ ਸਿੰਘ ਪਾਹੜਾ, ਡਾ. ਕੁਲਦੀਪ ਸਿੰਘ ਸੁਸਾਇਟੀ ਮੈਂਬਰਾਂ ਤੋਂ ਇਲਾਵਾ ਸਰਪੰਚ ਮਨਜੀਤ ਸਿੰਘ, ਹਰਵਿੰਦਰ ਸਿੰਘ, ਨਿਸ਼ਾਨ ਸਿੰਘ, ਜਗਤਾਰ ਸਿੰਘ ਆਦਿ ਨੇ ਤਰਕਸ਼ੀਲ ਮੇਲੇ ਨੂੰ ਸਫਲਤਾਪੂਰਵਕ ਨੇਪੜੇ ਚਾੜ੍ਹਣ ਵਿੱਚ ਅਹਿਮ ਭੂਮਿਕਾ ਨਿਭਾਈ।

ਇਕਾਈ ਤਰਨਤਾਰਨ : ਜਿਲ੍ਹਾ ਤਰਨਤਾਰਨ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬਲਾਕ ਪੱਧਰੀ ਪ੍ਰੋਗਰਾਮ ਤਰਨਤਾਰਨ ਸ਼ਹਿਰ, ਝਬਾਲ, ਖਡੂਰ ਸਾਹਿਬ, ਗੋਇੰਦਵਾਲ, ਚੋਹਲਾ ਸਾਹਿਬ, ਅਲਾਦੀਨਪੁਰ, ਨੌਸਹਿਰਾ ਪੰਨੂਆਂ ਵਿਖੇ 'ਬੇਟੀ ਬਚਾਓ ਬੇਟੀ ਪੜਾਓ' ਕਰਵਾਏ ਗਏ, ਇੰਨ੍ਹਾਂ ਪ੍ਰੋਗਰਾਮਾਂ ਵਿੱਚ ਤਰਕਸ਼ੀਲ ਬੁਲਾਰੇ ਦੇ ਤੌਰ ਤੇ ਰਜਵੰਤ ਸਿੰਘ ਬਾਗੜੀਆ, ਮੁਖਵਿੰਦਰ ਚੌਹਲਾ ਅਤੇ ਨਰਿੰਦਰ ਸਿੰਘ ਸ਼ੇਖਚੱਕ ਨੇ ਭਾਗ ਲਿਆ। ਇੰਨ੍ਹਾਂ ਪ੍ਰੋਗਰਾਮਾਂ ਦੌਰਾਨ

ਬੁਲਾਰਿਆਂ ਨੇ ਦੱਸਿਆ ਕਿ ਸੁਸਾਇਟੀ ਦੀਆਂ ਵੱਖ-ਵੱਖ ਟੀਮਾਂ ਵੱਲੋਂ ਪਿਛਲੇ 10-15 ਸਾਲਾਂ ਤੋਂ ਕੁੱਖ ਵਿੱਚ ਨਾ ਕਤਲ ਕਰਾ ਨੀ ਮਾਏ ਮੇਰੀਏ, ਕੋਰੀਓਗ੍ਰਾਫੀ ਰਾਹੀਂ ਸਮਾਜ ਨੂੰ ਮਾਦਾ ਭਰੂਣ ਹੱਤਿਆ ਪ੍ਰਤੀ ਜਾਗ੍ਰਿਤ ਕਰਨ ਕਰਕੇ ਹੀ ਅੱਜ ਸਮਾਜ ਦਾ ਇੱਕ ਵੱਡਾ ਭਾਗ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਸਮਝਣ ਲੱਗਾ ਹੋਇਆ ਹੈ, ਇਸ ਵਿੱਚ ਸੁਸਾਇਟੀ ਦਾ ਬਹੁਤ ਵੱਡਾ ਰੋਲ ਰਿਹਾ ਹੈ। ਹਰ ਪ੍ਰੋਗਰਾਮ ਵਿੱਚ ਤਰਕਸ਼ੀਲ ਬੁਲਾਰੇ ਨੂੰ ਸ਼ਮੂਲੀਅਤ ਕਰਕੇ ਪ੍ਰੋਗਰਾਮ ਕਾਫੀ ਰੌਚਕ ਰਹੇ, ਜਿਸ ਨਾਲ ਤਰਕਸ਼ੀਲ ਪਹੁੰਚ ਵੱਡੀ ਗਿਣਤੀ ਵਿੱਚ ਆਮ ਜਨਤਾ ਨਾਲ ਰਾਬਤਾ ਕਾਇਮ ਹੋਣਾ ਇੱਕ ਸਾਰਥਕ ਕਦਮ ਸੀ।

ਮਾਝਾ ਜ਼ੋਨ : ਧਰਮ ਪ੍ਰਤੀ ਤਰਕਸ਼ੀਲ ਦ੍ਰਿਸ਼ਟੀਕੋਣ ਵਿਸ਼ੇ ਤੇ ਸੈਮੀਨਾਰ : ਇਹ ਸੈਮੀਨਾਰ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ, ਸੈਮੀਨਾਰ ਦੇ ਮੁੱਖ ਬੁਲਾਰੇ ਫੈਡਰੇਸ਼ਨ ਆਫ ਇੰਡੀਆ ਰੈਸ਼ਨੇਲਿਸਟ ਐਸੋਸੀਏਸ਼ਨ (ਫੀਰਾ) ਦੇ ਜਨਰਲ ਸਕੱਤਰ ਬਲਵਿੰਦਰ ਬਰਨਾਲਾ ਜੀ ਸਨ। ਸੈਮੀਨਾਰ ਦੀ ਪ੍ਰਧਾਨਗੀ ਸਾਥੀ ਅਮਰਜੀਤ ਬਾਈ ਅਤੇ ਮੁਖਵਿੰਦਰ ਸਿੰਘ ਚੋਹਲਾ ਨੇ ਕੀਤੀ। ਇਸ ਮੌਕੇ ਜੋਨ ਮੁੱਖੀ ਸੰਦੀਪ ਧਾਰੀਵਾਲ ਭੋਜਾ, ਮੁਖਤਾਰ ਗੋਪਾਲਪੁਰਾ, ਤਰਲੋਚਨ ਸਿੰਘ ਗੁਰਦਾਸਪੁਰ, ਰਣਜੀਤ ਕੌਰ ਗੋਗੋਮਾਹਲ, ਵਰਿੰਦਰ ਕੌਰ, ਕਾਮਰੇਡ ਬਲਕਾਰ ਦੁਧਾਲਾ, ਸਤਨਾਮ ਜੰਡਿਆਲਾ, ਸੁਖਚੈਨ ਖਾਰਾ, ਕਾਮਰੇਡ ਲਖਵਿੰਦਰ ਤਰਨਤਾਰਨ, ਮਾਸਟਰ ਸੁਰਜੀਤ ਸਿੰਘ ਖਿਲਰੀਆਂ, ਦੀਵਾਨ ਸਿੰਘ ਧਾਰੀਵਾਲ ਭੋਜਾ, ਤਰਕਸ਼ੀਲ ਜਾਦੂਗਰ ਸੇਵਾ ਸਿੰਘ, ਲਖਵਿੰਦਰ ਗੋਪਾਲਪੁਰ, ਸੁਰਜਨ ਸਿੰਘ ਅਦਲੀਵਾਲ, ਜਸਬੀਰ ਸਿੰਘ, ਜਸਪਾਲ ਬਾਸਰਕੇ, ਕਾਮਰੇਡ ਅਜੀਤ ਸਿੰਘ, ਕਾਮਰੇਡ ਬਲਵਿੰਦਰ ਦੁਧਾਨਾ ਤੋਂ ਇਲਾਵਾ ਵੱਖ ਵੱਖ ਇਕਾਈਆਂ ਦੇ ਮੈਂਬਰ ਮੌਜੂਦ ਸਨ।

ਇਕਾਈ ਤਰਨਤਾਰਨ : ਨਹਿਰੂ ਯੁਵਾ ਕੇਂਦਰ ਤਰਨਤਾਰਨ ਦੇ ਸਹਿਯੋਗ ਨਾਲ ਤਰਕਸ਼ੀਲ ਵਿਸ਼ੇ ਤੇ ਸੈਮੀਨਾਰ ਸਥਾਨਕ ਨਹਿਰੂ ਯੁਵਾ ਕੇਂਦਰ ਵਿਖੇ ਕਰਵਾਇਆ ਗਿਆ। ਇਸ ਮੌਕੇ ਨਰਿੰਦਰ ਸਿੰਘ ਸ਼ੇਖਚੱਕ ਅਤੇ ਰਜਵੰਤ ਸਿੰਘ ਬਾਗੜੀਆ ਨੇ ਵਾਲੰਟੀਅਰਾਂ ਨੂੰ ਸੰਬੋਧਨ ਕੀਤਾ। ਹਾਜਰ ਵਲੰਟੀਅਰਾਂ ਨੂੰ ਹੱਥ ਦੀ ਸਫਾਈ ਦੇ ਟ੍ਰਿਕ ਵਿਖਾਉਂਦੇ ਹੋਏ ਸਮਝਾਇਆ ਕਿ ਦੁਨੀਆਂ ਵਿੱਚ ਕਿਸੇ ਵੀ ਵਿਅਕਤੀ ਕੋਲ ਕੋਈ ਵੀ ਗੈਬੀ ਜਾਂ ਅਧਿਆਤਮਕ ਸ਼ਕਤੀ ਨਹੀਂ ਹੈ। ਟ੍ਰਿਕ ਸਿਰਫ ਹੱਥ ਦੀ ਸਫਾਈ ਤੇ ਹੇਰਾਫੇਰੀ ਹੁੰਦੀ ਹੈ। ਇਸ ਮੌਕੇ ਨਹਿਰੂ ਯੂਵਾ ਕੇਂਦਰ ਤਰਨਤਾਰਨ ਦੇ ਕੋਆਰਡੀਨੇਟਰ ਸ੍ਰ. ਬਿਕਰਮ ਸਿੰਘ ਗਿੱਲ ਅਤੇ ਗੁਰਪ੍ਰੀਤ ਸਿੰਘ ਨੇ ਵੀ ਸੰਬੋਧਨ ਕੀਤਾ। ਹਾਜਰ ਵਲੰਟੀਅਰਾਂ ਨੇ ਪ੍ਰਣ ਕੀਤਾ ਕਿ ਉਹ ਵਿਗਿਆਨਕ ਸੋਚ ਨੂੰ ਪਿੰਡ-ਪਿੰਡ ਪਹੁੰਚਾਉਣ ਦਾ ਪੂਰਾ ਯਤਨ ਕਰਨਗੇ।

ਰਜਵੰਤ ਸਿੰਘ ਬਾਗੜੀਆ, ਜੋਨ ਮੀਡੀਆ ਮੁਖੀ

ਇਕਾਈ ਲੌਂਗੋਵਾਲ : ਉਸਾਰੂ ਪ੍ਰੋਗਰਾਮਾਂ ਦੀ ਲੜੀ : ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫਲਾ ਵੱਲੋਂ 8 ਮਾਰਚ 2015 ਨੂੰ ਬਰਨਾਲਾ ਵਿਖੇ ਲੋਕ ਪੱਖੀ ਨਾਟਕਕਾਰ ਅਜਮੇਰ ਔਲਖ ਦੇ ਰੱਖੇ ਸਨਮਾਨ ਦੇ ਸੰਬੰਧ ਵਿੱਚ ਸਮਾਜ ਵਿੱਚ ਕਲਾ ਅਤੇ ਸਾਹਿਤ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕਾਈ ਲੌਂਗੋਵਾਲ ਵੱਲੋਂ ਇਕਾਈ ਮੁਖੀ ਜੁਝਾਰ ਲੌਂਗੋਵਾਲ ਦੀ ਅਗਵਾਈ ਹੇਠ, ਭਾਰਤੀ ਕਿਸਾਨ ਯੂਨੀਅਨਾਂ (ਉਗਰਾਹਾਂ) ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਨਾਲ ਸਾਂਝੀ ਸਰਗਰਮੀ ਦੇ ਰੂਪ ਵਿੱਚ ਦਸ ਪਿੰਡਾਂ/ਸਥਾਨਾਂ-ਕੁੰਨਰਾਂ, ਦੁੱਗਾ, ਕਿਲਾ ਭਰੀਆ, ਨਮੋਲ, ਸ਼ੇਰੋਂ, ਤੋਗਾਵਾਲ, ਪਿੰਡੀ ਕੇਹਰ ਸਿੰਘ ਵਾਲੀ, ਪੱਤੀ ਸੁਨਾਮੀ, ਪੱਤੀ ਦੁੱਲਟ, ਕਾਲਾ ਟੋਆ ਵਿਖੇ ਉਸਾਰੂ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਜਿੰਨ੍ਹਾਂ ਨੂੰ ਕਿਸਾਨ ਆਗੂ ਜਸਵਿੰਦਰ ਸਿੰਘ ਅਤੇ ਤਰਕਸ਼ੀਲ ਆਗੂ ਬਲਬੀਰ ਚੰਦ ਲੌਂਗੋਵਾਲ ਨੇ ਸੰਬੋਧਨ ਕੀਤਾ। ਆਵਾਮ ਰੰਗ ਮੰਚ, ਲੌਂਗੋਵਾਲ ਅਤੇ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਸਲਾਈਟ ਦੀਆਂ ਟੀਮਾਂ ਨੇ ਬਿਨਾਂ ਕੋਈ ਮਾਣ ਭੱਤਾ ਲਏ ਇਹਨਾਂ ਪ੍ਰੋਗਰਾਮਾਂ ਵਿੱਚ ਕ੍ਰਮਵਾਰ ਨਸ਼ਿਆਂ ਦੇ ਵਿਰੋਧ ਵਿੱਚ ਨਾਟਕ 'ਮਿੱਟੀ ਰੁਦਨ ਕਰੇ' ਅਤੇ ਅੰਧ ਵਿਸ਼ਵਾਸਾਂ ਤੇ ਚੋਟ ਕਰਦਾ ਨਾਟਕ 'ਜਬੈ-ਬਾਣ ਲਾਗਯੋ' ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ। ਸਾਰੇ ਥਾਵਾਂ ਤੇ ਸਟੇਜ ਸੰਚਾਲਨ ਜੁਝਾਰ ਸਿੰਘ ਲੌਂਗੋਵਾਲ ਨੇ ਕੀਤਾ ਅਤੇ ਪ੍ਰੋਗਰਾਮਾਂ ਦੀ ਅਗਵਾਈ ਤਰਕਸ਼ੀਲ ਆਗੂਆਂ ਕਮਲਜੀਤ ਸਿੰਘ, ਬੀਰਬਲ ਸਿੰਘ, ਗੁਰਜੀਤ ਸਿੰਘ, ਹਰਜੀਤ ਸਿੰਘ, ਗੋਬਿੰਦ ਸਿੰਘ, ਰਣਜੀਤ ਸਿੰਘ, ਗਗਨਦੀਪ ਸਿੰਘ, ਕਿਸਾਨ ਆਗੂਆਂ ਰੂਪ ਸਿੰਘ, ਗੁਰਮੇਲ ਸਿੰਘ, ਰਣਜੀਤ ਸਿੰਘ, ਨਿਰਮਲ ਸਿੰਘ, ਭਾਗ ਸਿੰਘ, ਬੂਟਾ ਸਿੰਘ, ਦਰਬਾਰਾ ਸਿੰਘ, ਗੁਰਬਾਜ ਸਿੰਘ ਆਦਿ ਨੇ ਕੀਤੀ। ਟੀਮ ਡਾਇਰੈਕਟਰਾਂ ਸੁਖਪਾਲ ਸਿੰਘ, ਲਖਵੀਰ ਲੱਖੀ, ਕਲਾਕਾਰਾਂ ਮਨਜੀਤ ਬੰਟੀ, ਮਨਪ੍ਰੀਤ ਮੋਨੀ, ਗਗਨਦੀਪ ਕੌਰ, ਗਗਨਦੀਪ ਸਿੰਘ, ਰਮਨਦੀਪ ਕੌਰ, ਦਿਲਜੋਤ ਸਿੰਘ, ਰੁਪਿੰਦਰ ਕੌਰ ਦਾ ਪੂਰਾ ਸਹਿਯੋਗ ਰਿਹਾ। ਇਹ ਮੁਹਿਮ 21 ਫਰਵਰੀ ਤੋਂ 1 ਮਾਰਚ ਤੱਕ ਚਲਾਈ ਗਈ।

ਤਰਕਸ਼ੀਲ ਪ੍ਰੋਗਰਾਮ : ਇਕਾਈ ਲੌਂਗੋਵਾਲ ਵੱਲੋਂ ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਸਲਾਈਟ (ਲੌਂਗੋਵਾਲ) ਦੇ ਸਹਿਯੋਗ ਨਾਲ

ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਖੇ 16 ਮਾਰਚ 2015 ਨੂੰ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਨਾਟਕ ਦੇ ਲੇਖਕ ਅਤੇ ਡਾਇਰੈਕਟਰ ਜੁਝਾਰ ਸਿੰਘ ਲੌਂਗੋਵਾਲ ਦੀ ਨਿਰਦੇਸ਼ਨਾਂ ਹੇਠ ਅੰਧਵਿਸ਼ਵਾਸਾਂ ਤੇ ਸਖਤ ਚੋਟ ਕਰਦਾ ਨਾਟਕ 'ਜਬੈ ਬਾਣ ਲਾਗਯੋ' ਖੇਡਿਆ ਗਿਆ। ਇਸ ਮੌਕੇ ਇਕਾਈ ਮੁਖੀ ਜੁਝਾਰ ਲੌਂਗੋਵਾਲ ਨੇ ਸੰਬੋਧਨ ਵੀ ਕੀਤਾ। ਸਲਾਈਟ ਦੇ ਵਿਦਿਆਰਥੀਆਂ ਅਤੇ ਮੰਚ ਦੇ ਕਾਰਕੁੰਨਾਂ ਜੋਗਾ ਸਿੰਘ, ਰਾਜ ਕੁਮਾਰ, ਬੂਟਾ ਸਿੰਘ, ਕੁਲਦੀਪ ਸਿੰਘ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਜਸਕਰਨ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਬਾਖੂਬੀ ਨਾਟਕ ਵਿੱਚ ਆਪਣੀ ਅਦਾਕਾਰੀ ਨਿਭਾਈ।

ਭਗਤ ਸਿੰਘ ਦੇ ਵਿਚਾਰਾਂ ਤੇ ਅਧਾਰਿਤ ਦੋ ਵਰਕੀ : ਇਕਾਈ ਵੱਲੋਂ ਇਹ ਦੋ ਵਰਕੀ, ਸ਼ਹੀਦ ਭਗਤ ਸਿੰਘ ਵਿਚਾਰ ਮੰਚ ਸਲਾਈਟ ਨਾਲ ਸਾਂਝੇ ਤੌਰ ਤੇ ਛਪਵਾ ਕੇ 1000 ਦੀ ਗਿਣਤੀ ਵਿੱਚ ਸਿੱਖਿਆ ਸੰਸਥਾਵਾਂ ਵਿੱਚ ਅਤੇ ਜਨਤਕ ਸਥਾਨਾਂ ਤੇ 23 ਮਾਰਚ ਨੂੰ ਵੰਡੀ ਗਈ। **ਬੀਰਬਲ ਸਿੰਘ (ਮੀਡੀਆ ਮੁਖੀ)**

ਇਕਾਈ ਖਰੜ : ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ ਨੂੰ ਵਿਦਿਆਰਥੀਆਂ ਤੱਕ ਪਹੁੰਚਾਣ ਲਈ ਸਰਕਾਰੀ ਮਾਡਲ ਸੀਨੀ. ਸੈਕੰਡਰੀ ਸਕੂਲ ਖਰੜ ਵਿਖੇ ਐੱਨ. ਐੱਸ.ਐੱਸ. ਕੈਂਪ ਵਿੱਚ ਵਲੰਟੀਅਰਾਂ ਨਾਲ ਵਿਚਾਰ-ਚਰਚਾ ਪ੍ਰੋਗਰਾਮ ਕੀਤਾ ਗਿਆ। ਵਿਚਾਰ ਚਰਚਾ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਜੋਨ ਮੁਖੀ ਲੈਕਚਰਾਰ ਗੁਰਮੀਤ ਖਰੜ ਨੇ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਇਸ ਵਿਚਾਰ ਚਰਚਾ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਦਿਖਾਇਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਵਾਸਤੇ ਤਰਕਸ਼ੀਲ ਕਾਮਿਆਂ ਕਰਮਜੀਤ ਸਕਰੁਲਾਂਪੁਰੀ, ਕੁਲਵਿੰਦਰ ਨਗਾਰੀ, ਬਿਕਰਮਜੀਤ ਸੋਨੀ, ਜਗਵਿੰਦਰ ਸਿੰਬਲਮਾਜਰਾ, ਭੁਪਿੰਦਰ ਮਦਨਹੇੜੀ, ਸੁਰਿੰਦਰ ਸਿੰਬਲਮਾਜਰਾ, ਲੈਕਚਰਾਰ ਸੁਖਵਿੰਦਰਜੀਤ ਸਿੰਘ, ਨਵਦੀਪ ਚੌਧਰੀ ਨੇ ਭਰਪੂਰ ਸਹਿਯੋਗ ਦਿੱਤਾ। **ਕੁਲਵਿੰਦਰ ਨਗਾਰੀ (ਮੀਡੀਆ ਮੁਖੀ)**

ਇਕਾਈ ਅੰਮ੍ਰਿਤਸਰ : ਪਿੰਡ ਅਦਲੀਵਾਲ ਦੀ ਸਮੁੱਚੀ ਪੰਚਾਇਤ ਵਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਦੇ ਸਹਿਯੋਗ ਨਾਲ ਤਰਕਸ਼ੀਲ ਮੇਲਾ ਕਰਾਇਆ ਗਿਆ, ਜਿਸ ਵਿਚ ਆਰਟ ਨਾਟ ਮੰਚ ਵੇਰਕਾ ਵਲੋਂ ਅਗਾਂਹਵਧੂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਜਥੇਬੰਦਕ ਮੁਖੀ ਸੁਮੀਤ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਮਾਸਟਰ ਕੁਲੀਜਤ ਵੇਰਕਾ ਦੀ ਨਿਰਦੇਸ਼ਨਾ ਹੇਠ ਤਰਕਸ਼ੀਲ ਨਾਟਕ-ਦੇਵ ਪੁਰਸ਼ ਹਾਰ ਗਏ ਅਤੇ ਸਿਰਜਣਾ ਤੋਂ ਇਲਾਵਾ ਕੋਰੀਓਗ੍ਰਾਫੀ-ਧੀ ਦੀ ਪੁਕਾਰ ਦੀ ਪੇਸ਼ਕਾਰੀ ਕੀਤੀ ਗਈ। ਪ੍ਰਸਿੱਧ ਜਾਦੂਗਰ ਸੇਵਾ ਸਿੰਘ ਗੁਪਾਲਪੁਰਾ ਵਲੋਂ ਜਾਦੂ ਦੇ ਟਰਿਕ ਵਿਖਾ ਕੇ ਪਾਖੰਡੀਆਂ, ਸਾਧਾਂ ਦੀ ਲੁੱਟ ਤੋਂ ਬਚਣ ਦਾ ਸੁਨੇਹਾ ਦਿੱਤਾ ਗਿਆ। ਉੱਘੇ ਗੀਤਕਾਰ ਲਖਵਿੰਦਰ ਗੋਪਾਲਪੁਰਾ ਵਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ ਅਤੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਾਈ ਗਈ। ਇਸ ਤਰਕਸ਼ੀਲ ਮੇਲੇ ਦੇ ਸੰਯੋਜਕ ਅਤੇ ਤਰਕਸ਼ੀਲ ਜਾਦੂਗਰ ਸੁਰਜਨ ਸਿੰਘ ਅਦਲੀਵਾਲ ਵਲੋਂ ਅੰਤ ਵਿਚ ਸਮੁੱਚੀ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ ਗਿਆ। ਸਟੇਜ ਸਕੱਤਰ ਦੀ ਸਮੁੱਚੀ ਕਾਰਵਾਈ ਤਰਕਸ਼ੀਲ ਆਗੂ ਜੋਗਿੰਦਰ ਗੋਪਾਲਪੁਰਾ ਵਲੋਂ ਨਿਭਾਈ ਗਈ।

ਇਕਾਈ ਭਦੌੜ : ਵਿਸਾਖੀ ਮੇਲੇ ਦੇ ਮੌਕੇ ਤੇ ਤਰਕਸ਼ੀਲ ਮੇਲਾ ਕਰਵਾਇਆ ਗਿਆ। ਜਿਸ ਨੂੰ ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਾਦੂ ਦੇ ਟ੍ਰਿਕ ਹਰਬੰਸ ਸੰਧੂ ਕਲਾਂ, ਨਿੱਕਾ ਸਿੰਘ ਸੰਧੂ ਕਲਾਂ ਨੇ ਵਿਖਾਏ। ਹਰ ਸਾਲ ਦੀ ਤਰ੍ਹਾਂ ਟੈਂਟ ਦੀ ਸੇਵਾ ਪੰਮਾ ਸੰਧੂ ਕਲਾਂ ਨੇ ਕੀਤੀ। ਵੈਨ ਡਿਊਟੀ ਜਸਵੰਤ ਬੋਪਾਰਾਏ, ਗੁਰਪ੍ਰੀਤ ਭਦੌੜ, ਰਣਜੀਤ ਭਦੌੜ ਨੇ ਨਿਭਾਈ। ਸਮੁੱਚੇ ਮੇਲੇ ਦੀ ਦੇਖ ਰੇਖ ਗੁਰਪ੍ਰੀਤ ਸਹਿਣਾ ਨੇ ਕੀਤੀ। ਸ੍ਰੀਮਤੀ ਹਰਪ੍ਰਕਾਸ਼ ਕੌਰ, ਡਾ. ਵਿਪਨ ਅਤੇ ਹੋਰ ਇਕਾਈ ਮੈਂਬਰਾਂ ਦਾ ਪੂਰਾ ਸਹਿਯੋਗ ਰਿਹਾ। **ਗੁਰਪ੍ਰੀਤ ਸਹਿਣਾ**

ਇਕਾਈ ਬਠਿੰਡਾ :

1. ਤਰਕਸ਼ੀਲ ਸੱਭਿਆਚਾਰਕ ਨਾਟਕ ਮੇਲਾ : ਪਿੰਡ ਕਾਲ ਝਰਾਣੀ (ਬਠਿੰਡਾ) ਵਿਖੇ ਸਮੂਹ ਨਗਰ, ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਗ਼ਦਰ ਲਹਿਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਨਾਟਕ ਮੇਲੇ ਵਿੱਚ ਹਰਵਿੰਦਰ ਦੀਵਾਨਾ ਦੀ ਟੀਮ ਵੱਲੋਂ – ਤੇ ਦੇਵ ਪੁਰਸ਼ ਹਾਰ ਗਏ ਅਤੇ ਮੈਂ ਫੇਰ ਆਵਾਂਗਾ, ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਮੈਜ਼ਿਕ ਸ਼ੋਅ ਸੁਖਦੇਵ ਮਲੂਕਪੁਰੀ ਅਤੇ ਗੀਤ ਸੰਗੀਤ ਜਗਸੀਰ ਜੀਦਾ ਨੇ ਪੇਸ਼ ਕੀਤਾ। ਤਰਕਸ਼ੀਲ ਸਾਹਿਤ ਦੀ ਸਟਾਲ ਮਾਸਟਰ ਗਿਆਨ ਸਿੰਘ, ਹਰਿੰਦਰ, ਸੁਖਵਿੰਦਰਪਾਲ, ਮਾ. ਗਮਦੂਰ ਸਿੰਘ, ਜੋਗਿੰਦਰ ਸਿੰਘ, ਸਿਮਰਨਜੀਤ ਸਿੰਘ ਐਡਵੋਕੇਟ ਅਤੇ ਜੁਗਿੰਦਰ ਸਿੰਘ ਬਠਿੰਡਾ ਨੇ ਲਗਾਈ। ਸਟੇਜ ਸੰਚਾਲਨ ਰਾਮ ਸਿੰਘ ਨਿਰਮਾਣ ਨੇ ਕੀਤਾ।

ਸ. ਬਲੌਰ ਸਿੰਘ ਪੱਪਾ (ਕਾਲ ਝਰਾਣੀ) ਦਾ ਵਧੀਆ ਪ੍ਰਬੰਧਕ ਵਜੋਂ ਅਤੇ ਸਰਪੰਚ ਅਮਰਜੀਤ ਮਿੰਟੂ ਦਾ ਸਹਿਯੋਗ ਲਈ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

2. ਸ਼ਹੀਦ ਭਗਤ ਸਿੰਘ ਯੁਵਕ ਕਲੱਬ ਚੁੱਘੇ ਕਲਾਂ ਵੱਲੋਂ ਕਰਵਾਏ ਨਾਟਕ ਮੇਲੇ ਵਿੱਚ ਪੁਸਤਕ ਸਟਾਲ ਬਿਕਰਮਜੀਤ, ਹਰਨੇਕ, ਕੁਲਵੰਤ ਅਤੇ ਸੁਰਿੰਦਰ ਬਠਿੰਡਾ ਨੇ ਲਾਈ।

3. ਤਰਕਸ਼ੀਲ ਮੈਂਬਰ ਸੁਖਵਿੰਦਰਪਾਲ ਵਿਰਕ ਖੁਰਦ ਨੇ ਬੇਟੀ ਨਵਰੀਤ ਦਾ ਦੂਸਰਾ ਜਨਮ ਦਿਨ ਅੱਖਾਂ ਦਾ ਚੈੱਕਅਪ ਕੈਂਪ ਅਤੇ ਤਰਕਸ਼ੀਲ ਮੈਜਿਕ ਸ਼ੋਅ ਕਰਵਾ ਕੇ ਮਨਾਇਆ। ਮੈਜਿਕ ਕੁਲਵੰਤ ਸਿੰਘ, ਵਿਚਾਰ ਰਾਮ ਸਿੰਘ ਨਿਰਮਾਣ ਅਤੇ ਗੀਤ ਸੰਗੀਤ ਜਗਸੀਰ ਜੀਦਾ ਨੇ ਪੇਸ਼ ਕੀਤਾ।

4. ਪਿੰਡ ਬੜਾ ਗੁੜਾ (ਸਿਰਸਾ) ਦੇ ਨਾਟਕ ਮੇਲੇ ਤੇ ਮਾਸਟਰ ਗਿਆਨ ਸਿੰਘ ਨੇ ਇਕੱਲੇ ਹੀ ਸਟਾਲ ਲਗਾ ਕੇ 6 ਹਜਾਰ ਰੁਪਏ ਦਾ ਸਾਹਿਤ ਵੇਚਿਆ।

5. ਕੋਠੇ ਅਮਰਪੁਰਾ (ਬਠਿੰਡਾ) ਅਤੇ ਲੋਕ ਮੋਰਚਾ ਬਠਿੰਡਾ ਵੱਲੋਂ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਸ਼ਰਧਾਂਜਲੀ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਮਾ. ਗਿਆਨ ਸਿੰਘ, ਬਿਕਰਮਜੀਤ, ਬਖਸ਼ੀਸ਼ ਸਿੰਘ, ਜੋਗਿੰਦਰ ਸਿੰਘ ਜਿਲ੍ਹੇਦਾਰ ਬਠਿੰਡਾ ਨੇ ਪੁਸਤਕ ਸਟਾਲ ਲਗਾਈ।

6. ਪਿੰਡ ਨਥਾਣਾ ਦੇ 3 ਦਿਨਾਂ ਪੇਂਡੂ ਸੱਭਿਆਚਾਰਕ ਮੇਲੇ ਤੇ ਮਾਸਟਰ ਸੁਖਚੈਨ ਸਿੰਘ, ਹਰਪ੍ਰੀਤ, ਮਾ. ਦੇਸਾ ਸਿੰਘ ਅਤੇ ਹੋਰ ਸਮਰਥਕਾਂ ਨੇ ਪੁਸਤਕ ਪ੍ਰਦਰਸ਼ਨੀ ਲਗਾਈ।

7. ਕਿਸਾਨ ਮੇਲਾ ਖੇਤਰੀ ਖੋਜ ਕੇਂਦਰ ਬਠਿੰਡਾ ਵਿਖੇ ਮਾ. ਗਿਆਨ ਸਿੰਘ, ਜੋਗਿੰਦਰ ਸਿੰਘ, ਰਾਮ ਸਿੰਘ ਨਿਰਮਾਣ ਅਤੇ ਜੋਗਿੰਦਰ ਸਿੰਘ ਸਾਬਕਾ ਜਿਲ੍ਹੇਦਾਰ ਨੇ ਪੁਸਤਕ ਸਟਾਲ ਲਗਾਈ।

8. ਪਿੰਡ ਰਾਏ ਕੇ ਕਲਾਂ ਵਿਖੇ ਬੀ.ਕੇ.ਯੂ. ਵੱਲੋਂ ਰੱਖੇ ਅਜਮੇਰ ਔਲਖ ਦੇ ਸਨਮਾਨ ਸਮਾਗਮ, ਆਂਗਣਵਾੜੀ ਟ੍ਰੇਨਿੰਗ ਬਠਿੰਡਾ ਵਿਖੇ ਔਰਤਾਂ ਦੇ ਕੈਂਪ ਵਿੱਚ ਤਰਕਸ਼ੀਲ ਮੈਜਿਕ ਸ਼ੋਅ ਅਤੇ ਤਰਕਸ਼ੀਲ ਸਟਾਲਾਂ ਲਗਾਈਆਂ। **ਰਾਮ ਸਿੰਘ ਨਿਰਮਾਣ**

ਇਕਾਈ ਸੰਗਰੂਰ : ਅਕਾਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਫਤਿਹਗੜ੍ਹ ਛੰਨਾ ਵੱਲੋਂ ਪ੍ਰਿੰਸੀਪਲ ਡਾ. ਸੁਮਨ ਮਿੱਤਲ, ਪ੍ਰੋਗਰਾਮ ਅਫਸਰ ਪ੍ਰਦੀਪ ਕੁਮਾਰ, ਪ੍ਰੋ. ਨਵਦੀਪ ਕੌਰ, ਪ੍ਰੋ. ਲੁਕੇਸ਼ ਕੁਮਾਰ, ਪ੍ਰੋ. ਅਮਨਦੀਪ ਸਿੰਘ, ਪ੍ਰੋ. ਸਤਿੰਦਰ ਕੌਰ, ਪ੍ਰੋ. ਪ੍ਰਭਦੀਪ ਕੌਰ ਅਤੇ ਮੈਡਮ ਕੁਲਦੀਪ ਕੌਰ ਦੀ ਅਗਵਾਈ ਵਿੱਚ ਦੇਹ ਕਲਾਂ ਵਿਖੇ ਲਗਾਏ ਸਤ ਰੋਜ਼ਾ ਐਨ.ਐਸ.ਐਸ. ਕੈਂਪ ਦੇ 6ਵੇਂ ਦਿਨ ਇਕਾਈ ਸੰਗਰੂਰ ਨੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ। ਇਕਾਈ ਮੁਖੀ ਪਰਮਵੇਦ ਨੇ ਸੰਬੋਧਨ ਕੀਤਾ। ਚਮਕੌਰ ਸਿੰਘ ਅਤੇ ਧਰਮਵੀਰ ਸਿੰਘ ਨੇ ਜਾਦੂ ਸ਼ੋਅ ਪੇਸ਼ ਕੀਤਾ। ਗਰੁੱਪ ਲੀਡਰ (ਵਲੰਟੀਅਰ) ਹਰਪ੍ਰੀਤ ਕੌਰ, ਸੁਮਨਦੀਪ ਕੌਰ, ਨੇਹਾ, ਪ੍ਰਭ ਸ਼ਰਨ ਕੌਰ ਅਤੇ ਸਤਿੰਦਰ ਕੌਰ ਨੇ ਅਨੁਸ਼ਾਸਨ ਬਣਾਈ ਰੱਖਣ ਵਿੱਚ ਪੂਰਨ ਸਹਿਯੋਗ ਦਿੱਤਾ। ਅਨੀਸ਼ਾ ਮਿੱਤਲ ਤੇ ਰਮਣੀਕ ਕੌਰ ਨੇ ਪੂਰਾ ਸਾਥ ਦਿੱਤਾ। ਸਟੇਜ ਸੰਚਾਲਨ ਰਾਜਵਿੰਦਰ ਕੌਰ ਨੇ ਕੀਤਾ।

ਤਰਕਸ਼ੀਲ ਸਾਹਿਤ ਵੈਨ ਦਾ ਸਫਰ

ਇਕਾਈ ਭਦੌੜ : 17 ਫਰਵਰੀ ਨੂੰ ਵੈਨ ਤਿੰਨ ਜ਼ੋਨਾਂ ਬਠਿੰਡਾ, ਮਾਨਸਾ ਅਤੇ ਫਾਜ਼ਿਲਕਾ ਦੇ ਸਾਂਝੇ ਸੈਮੀਨਾਰ ਤੇ ਲਗਾਈ ਗਈ ਅਤੇ 24 ਫਰਵਰੀ ਸ.ਸ.ਸ.ਸ. (ਲੜਕੇ) ਭਦੌੜ ਵਿਖੇ ਪੁਸਤਕ ਵੈਨ ਲਗਾ ਕੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ।

ਸ. ਹਾਈ ਸਕੂਲ ਧੌਲਾ : 27 ਫਰਵਰੀ ਨੂੰ ਇਸ ਸਕੂਲ ਵਿਖੇ ਦਿੱਤੇ ਪ੍ਰੋਗਰਾਮ ਵਿੱਚ ਜਰਨੈਲ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ। ਭਦੌੜ ਤੇ ਧੌਲਾ ਵਿਖੇ ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ।

ਪਿੰਡ ਲਖਮੀਰਵਾਲਾ : ਇਸ ਪਿੰਡ ਵਿਖੇ 28 ਫਰਵਰੀ ਨੂੰ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਵੈਨ ਨੇ ਸ਼ਿਰਕਤ ਕੀਤੀ। ਭੁਪਿੰਦਰ ਫੌਜੀ ਨੇ ਵੈਨ ਡਿਊਟੀ ਨਿਭਾਈ।

ਪਿੰਡ ਜੋਗਾ : 2 ਮਾਰਚ ਨੂੰ ਜੋਗਾ ਬੱਸ ਸਟੈਂਡ ਤੇ ਵੈਨ ਲਗਾ ਕੇ ਭੁਪਿੰਦਰ ਫੌਜੀ, ਜਸਪਾਲ ਅਤਲਾ, ਗ੍ਰਿਸ਼ੂਪਾਲ ਬਾਂਸਲ, ਮੋਂਟੀ ਬਾਂਸਲ ਦੇ ਸਹਿਯੋਗ ਨਾਲ ਵਿਕਰੀ ਕੀਤੀ ਗਈ।

ਇਕਾਈ ਜੋਗਾ : ਇਸ ਇਕਾਈ ਦੇ ਸਹਿਯੋਗ ਨਾਲ 3 ਮਾਰਚ ਨੂੰ ਸ.ਸ.ਸ.ਸ. ਭੋਪਾਲ ਵਿਖੇ ਕਰਵਾਏ ਪ੍ਰੋਗਰਾਮ ਨੂੰ ਰਜਿੰਦਰ ਭਦੌੜ ਦੇ ਸੰਬੋਧਨ ਕਰਨ ਦੇ ਨਾਲ-ਨਾਲ, ਭੁਪਿੰਦਰ ਫੌਜੀ ਵੱਲੋਂ ਜਾਦੂ ਦੇ ਟ੍ਰਿਕ ਵੀ ਵਿਖਾਏ ਗਏ। ਇਸੇ ਟੀਮ ਨੇ ਇਸਤੋਂ ਬਾਅਦ ਯੂਨੀਵਰਸਿਟੀ ਕੈਂਪਸ ਵਿੱਚ ਪ੍ਰੋਗਰਾਮ ਦਿੱਤਾ। ਮੇਨ ਬਾਜਾਰ ਭੀਖੀ ਵਿਖੇ ਵੀ ਵੈਨ ਲਗਾਈ ਗਈ। ਸੁਖਪਾਲ ਜੋਗਾ, ਭੁਪਿੰਦਰ ਫੌਜੀ, ਜਸਪਾਲ ਅਤਲਾ ਦਾ ਪੂਰਾ ਸਹਿਯੋਗ ਰਿਹਾ।

ਮਾਈ ਭਾਗੋ ਡਿਗਰੀ ਕਾਲਜ : ਇਕਾਈ ਜੋਗਾ ਦੇ ਸਹਿਯੋਗ ਨਾਲ ਇੱਥੇ 4 ਮਾਰਚ ਨੂੰ ਪ੍ਰੋਗਰਾਮ ਦਿੱਤਾ ਗਿਆ। ਜਿਸ ਨੂੰ ਸੂਬਾ ਆਗੂ ਬਲਵਿੰਦਰ ਬਰਨਾਲਾ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਤੇ ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਫਿਰ ਵੈਨ ਬਸ ਸਟੈਂਡ ਭੀਖੀ ਵਿਖੇ ਲਗਾਈ ਗਈ। ਸੁਖਪਾਲ ਜੋਗਾ, ਜਸਪਾਲ ਅਤਲਾ

ਨੇ ਸਹਿਯੋਗ ਦਿੱਤਾ।

ਨਵੋਦਿਆ ਵਿਦਿਆਲਯ, ਫਫੜੇ ਭਾਈ ਕੇ : ਮਾਨਸਾ ਜ਼ਿਲ੍ਹੇ ਦੇ ਇਸ ਸਕੂਲ ਵਿੱਚ ਇਕਾਈ ਭੀਖੀ ਦੇ ਸਹਿਯੋਗ ਨਾਲ 5 ਮਾਰਚ ਨੂੰ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਇਕਾਈ ਦੇ ਜਥੇਬੰਦਕ ਮੁਖੀ ਭੁਪਿੰਦਰ ਫੌਜੀ ਨੇ ਜਾਦੂ ਦੇ ਟ੍ਰਿਕ ਵਿਖਾਏ। **ਸਕੂਲ ਦੇ ਪ੍ਰਿੰਸੀਪਲ ਬਲਬੀਰ ਸਿੰਘ ਧਾਲੀਵਾਲ ਨੇ ਪੂਰਨ ਸਹਿਯੋਗ ਦਿੱਤਾ। ਇੱਥੇ 13000 ਦਾ ਸਾਹਿਤ ਵਿਕਿਆ।**

ਇਕਾਈ ਮਾਨਸਾ : ਇਸ ਇਕਾਈ ਦੇ ਸਹਿਯੋਗ ਨਾਲ ਐੱਸ.ਡੀ. ਗਰਲਜ ਕਾਲਜ ਮਾਨਸਾ ਵਿਖੇ 7 ਮਾਰਚ ਨੂੰ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਜਿਸ ਨੂੰ ਸੂਬਾਈ ਆਗੂ ਹਰਿੰਦਰ ਲਾਲੀ ਅਤੇ ਵੈਨ ਇੰਚਾਰਜ ਜਸਵੀਰ ਸੋਨੀ ਨੇ ਸੰਬੋਧਨ ਕੀਤਾ। ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ।

ਲੋਕ-ਨਾਟਕਕਾਰ ਅਜਮੇਰ ਔਲਖ ਸਨਮਾਨ ਸਮਾਰੋਹ : 8 ਮਾਰਚ ਨੂੰ ਸਲਾਮ ਕਾਫਲਾ ਵੱਲੋਂ ਕਰਵਾਏ ਇਸ ਸਾਂਝੇ ਜਨਤਕ ਸਨਮਾਨ ਸਮਾਰੋਹ ਸਮੇਂ ਵੈਨ ਤੇ ਸਾਹਿਤ ਵਿਕਰੀ ਦੀ ਡਿਊਟੀ ਜਸਵੀਰ ਸੋਨੀ, ਜਸ਼ਨਪ੍ਰੀਤ ਅਤੇ ਗੁਰਪ੍ਰੀਤ ਸਹਿਣਾ ਨੇ ਬਹੁਤ ਮਿਹਨਤ ਨਾਲ ਨਿਭਾਈ।

ਸ.ਸ.ਸ.ਸ. ਬੀਰ ਹੋਡਲਾ ਕਲਾਂ : ਇਕਾਈ ਭੀਖੀ ਦੇ ਸਹਿਯੋਗ ਨਾਲ 9 ਮਾਰਚ ਨੂੰ ਕਰਵਾਏ ਇਸ ਪ੍ਰੋਗਰਾਮ ਨੂੰ ਜਸਵੀਰ ਸੋਨੀ ਨੇ ਸੰਬੋਧਨ ਕੀਤਾ ਅਤੇ ਭੁਪਿੰਦਰ ਫੌਜੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸਟਾਫ ਦਾ ਪੂਰਾ ਸਹਿਯੋਗ ਰਿਹਾ। ਬਾਅਦ ਦੁਪਹਿਰ ਬਸ ਸਟੈਂਡ ਭੀਖੀ ਵਿਖੇ ਲਗਾਈ ਵੈਨ ਤੇ ਹਰਵਿੰਦਰ ਭੀਖੀ ਨੇ ਡਿਊਟੀ ਨਿਭਾਈ। 10 ਮਾਰਚ ਨੂੰ ਨਵੋਦਿਆ ਵਿਦਿਆਲਯ, ਫਫੜੇ ਭਾਈ ਕੇ ਵਿਖੇ ਮੁੜ ਵੈਨ ਲਗਾਈ। ਜਸਵੀਰ ਸੋਨੀ ਨੇ ਸੰਬੋਧਨ ਕੀਤਾ, ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਜਸਪਾਲ ਅਤਲਾ ਦਾ ਪੂਰਾ ਸਹਿਯੋਗ ਰਿਹਾ।

ਇਕਾਈ ਲਾਲੇਆਣਾ : 11 ਮਾਰਚ ਨੂੰ ਇਸ ਇਕਾਈ ਨੇ ਸ.ਸ.ਸ.ਸ. ਫੱਤਾ ਮਾਲੋਕੇ ਵਿਖੇ ਪ੍ਰੋਗਰਾਮ ਦਿੱਤਾ। ਜਸਵੀਰ ਸੋਨੀ ਦੇ ਸੰਬੋਧਨ ਦੇ ਨਾਲ ਭੁਪਿੰਦਰ ਫੌਜੀ ਨੇ ਜਾਦੂ ਦੇ ਟ੍ਰਿਕ ਵਿਖਾਏ। ਗੁਰਦੀਪ ਲਾਲੇਆਣਾ ਦਾ ਭਰਪੂਰ ਸਹਿਯੋਗ ਰਿਹਾ।

ਗੁਰੂ ਤੇਗ ਬਹਾਦਰ ਕਾਲਜ, ਦਲੇਲ ਸਿੰਘ ਵਾਲਾ : 12 ਮਾਰਚ ਨੂੰ ਇਕਾਈ ਭੀਖੀ ਦੇ ਸਹਿਯੋਗ ਨਾਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਨੂੰ ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਬਾਅਦ ਵਿੱਚ ਸ.ਸ.ਸ.ਸ. ਅੱਕਾਂਵਾਲੀ ਵਿਖੇ ਪ੍ਰੋਗਰਾਮ ਦਿੱਤਾ।

ਇਕਾਈ ਬੁਢਲਾਡਾ : 13 ਮਾਰਚ ਨੂੰ ਇਸ ਇਕਾਈ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਵੂਮਨ ਕਾਲਜ ਲੇਹਲ ਖੁਰਦ ਵਿਖੇ ਪ੍ਰੋਗਰਾਮ ਦਿੱਤਾ ਗਿਆ। ਜਸਵੀਰ ਸੋਨੀ ਨੇ ਸੰਬੋਧਨ ਕੀਤਾ, ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਬਲਜੀਤ ਦਿਆਲਪੁਰਾ, ਹਰਵਿੰਦਰ ਭੀਖੀ ਦਾ ਪੂਰਾ ਸਹਿਯੋਗ ਰਿਹਾ।

ਪੀ.ਟੀ.ਯੂ. ਸੈਂਟਰ, ਬੁਢਲਾਡਾ : 14 ਮਾਰਚ ਨੂੰ ਇਕਾਈ ਬੁਢਲਾਡਾ ਦੇ ਸਹਿਯੋਗ ਨਾਲ ਹੋਏ ਇਸ ਪ੍ਰੋਗਰਾਮ ਨੂੰ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ, ਜਸਵੀਰ ਸੋਨੀ ਤੇ ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਬਲਜੀਤ ਸਿੰਘ, ਨਛੱਤਰ ਨੀਰ ਅਤੇ ਸੁਰਜੀਤ ਸੈਣੀ ਦਾ ਵਿਸ਼ੇਸ਼ ਯੋਗਦਾਨ ਰਿਹਾ।

ਪਿੰਡ ਚੱਠਾ : 15 ਮਾਰਚ ਨੂੰ ਹੋਏ ਇਸ ਪ੍ਰੋਗਰਾਮ ਨੂੰ ਮਾਸਟਰ ਰਜਿੰਦਰ ਭਦੌੜ ਅਤੇ ਜਸਵੀਰ ਸੋਨੀ ਨੇ ਸੰਬੋਧਨ ਕੀਤਾ ਅਤੇ ਜਾਦੂ ਟ੍ਰਿਕ ਵਿਖਾਏ। ਇਸ ਪ੍ਰੋਗਰਾਮ ਦੀ ਸਫਲਤਾ ਵਿੱਚ ਲੋਕ ਭਲਾਈ ਕਲੱਬ ਦੇ ਮੈਂਬਰਾਂ ਕਰਨੈਲ ਸਿੰਘ, ਜਰਨੈਲ ਸਿੰਘ, ਬਲਬੀਰ ਸਿੰਘ, ਜਗਸੀਰ ਸਿੰਘ, ਨਸੀਬ ਸਿੰਘ, ਪ੍ਰਦੀਪ ਸ਼ਰਮਾ, ਮਾਸਟਰ ਬਲਜੀਤ, ਜਗਤਾਰ ਸਿੰਘ, ਮਾਸਟਰ ਜਗਸੀਰ ਦਾ ਬਹੁਤ ਯੋਗਦਾਨ ਰਿਹਾ। ਪਿੰਡ ਅਨਦਾਨਾ ਵਿਖੇ ਬਲਬੀਰ ਸਿੰਘ ਅਤੇ ਸਤੀਸ਼ ਕੁਮਾਰ ਦੇ ਸਹਿਯੋਗ ਨਾਲ ਪ੍ਰੋਗਰਾਮ ਕੀਤਾ ਗਿਆ। ਸ਼ਾਮ ਨੂੰ ਵੈਨ ਇਕਾਈ ਸੁਨਾਮ ਵੱਲੋਂ ਬਾਜ਼ਾਰ ਵਿਖੇ ਲਾਈ ਗਈ। ਜਿਸ ਵਿੱਚ ਸਤੀਸ਼ ਕੁਮਾਰ, ਹਰਿੰਦਰ ਲਾਲੀ ਨੇ ਯੋਗਦਾਨ ਪਾਇਆ।

ਇਕਾਈ ਮਾਖਾ : 1. ਇਸ ਇਕਾਈ ਵੱਲੋਂ 16 ਮਾਰਚ ਨੂੰ ਮੀਰਾ ਗਰਲਜ ਕਾਲਜ ਸਰਦੂਲਗੜ੍ਹ ਅਤੇ ਮਾਲਵਾ ਕਾਲਜ ਸਰਦੂਲਗੜ੍ਹ ਵਿਖੇ ਪ੍ਰੋਗਰਾਮ ਦਿੱਤਾ ਗਿਆ। ਜਿਸ ਨੂੰ ਸੂਬਾਈ ਆਗੂ ਹਰਿੰਦਰ ਲਾਲੀ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਨਰਿੰਦਰ ਮਾਖਾ ਅਤੇ ਜ਼ੋਨ ਆਗੂ ਅੰਮ੍ਰਿਤ ਰਿਸ਼ੀ ਦੀ ਮੁੱਖ ਭੂਮਿਕਾ ਰਹੀ।

2. 17 ਮਾਰਚ ਨੂੰ ਭਗਤ ਗਰੁੱਪ ਕਾਲਜ ਸਰਦੂਲਗੜ੍ਹ ਵਿਖੇ ਪ੍ਰੋਗਰਾਮ ਕੀਤਾ ਗਿਆ ਜਿਸ ਨੂੰ ਮਾਸਟਰ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ, ਜਸਵੀਰ ਸੋਨੀ ਨੇ ਜਾਦੂ ਟ੍ਰਿਕ ਵਿਖਾਏ। ਪਿੰਡ ਮੌਜੀਆਂ ਵਿਖੇ ਵੀ ਧਰਮਸ਼ਾਲਾ ਵਿੱਚ ਲੋਕ ਭਲਾਈ ਕਲੱਬ, ਮੌਜੀਆਂ ਦੇ ਸਹਿਯੋਗ ਨਾਲ ਪ੍ਰੋਗਰਾਮ ਕੀਤਾ ਗਿਆ। ਪ੍ਰੋਗਰਾਮ ਦੀ ਸਫਲਤਾ ਵਿੱਚ ਕ੍ਰਿਸ਼ਨ ਮਾਨ, ਮਾ. ਨਰਿੰਦਰ ਸਿੰਘ, ਕਲੱਬ ਮੈਂਬਰ ਨਿਰਮਲ ਸਿੰਘ ਦਾ ਬਹੁਮੁੱਲਾ ਯੋਗਦਾਨ ਰਿਹਾ।

ਇਕਾਈ ਬੁਢਲਾਡਾ : 18 ਮਾਰਚ ਨੂੰ ਕ੍ਰਿਸ਼ਨਾ ਕਾਲਜ, ਰੱਲੀ

ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਜਸਵੀਰ ਸੋਨੀ ਨੇ ਵਿਚਾਰ ਸਾਂਝੇ ਕੀਤੇ, ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਬਲਜੀਤ ਦਿਆਲਪੁਰਾ ਦਾ ਪੂਰਾ ਸਹਿਯੋਗ ਰਿਹਾ।

ਆਈ.ਟੀ.ਆਈ. ਬੁਢਲਾਡਾ : 19 ਮਾਰਚ ਨੂੰ ਇਕਾਈ ਵੱਲੋਂ ਇੱਥੇ ਪ੍ਰੋਗਰਾਮ ਦਿੱਤਾ ਗਿਆ। ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਭੁਪਿੰਦਰ ਫੌਜੀ ਨੇ ਜਾਦੂ ਦੇ ਟ੍ਰਿਕ ਵਿਖਾਏ। ਇਸੇ ਦਿਨ ਇਸੇ ਟੀਮ ਵੱਲੋਂ ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਵੀ ਪ੍ਰੋਗਰਾਮ ਦਿੱਤਾ ਗਿਆ। ਜਸਵੀਰ ਸੋਨੀ, ਬਲਜੀਤ ਦਿਆਲਪੁਰਾ ਦਾ ਪੂਰਾ ਸਹਿਯੋਗ ਰਿਹਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ : 20-21 ਮਾਰਚ ਨੂੰ ਕਿਸਾਨ ਮੇਲੇ ਤੇ ਤਰਕਸ਼ੀਲ ਸਾਹਿਤ ਵੈਨ ਨੇ ਆਮਦ ਕੀਤੀ। ਰਜਿੰਦਰ ਭਦੌੜ, ਜਸਵੀਰ ਸੋਨੀ, ਮੋਹਨਜੀਤ, ਹਰਚੰਦ ਸਿੰਘ, ਸਤੀਸ਼ ਕੁਮਾਰ, ਪ੍ਰਿੰਸੀਪਲ ਹਰਭਜਨ ਸਿੰਘ, ਸੁਖਵਿੰਦਰ ਲੀਲ੍ਹ, ਹਰੀਸ਼ ਮੌਦਗਿੱਲ ਨੇ ਭਰਪੂਰ ਸਹਿਯੋਗ ਦਿੱਤਾ। ਜਰਨੈਲ ਧੌਲਾ, ਕੁਲਦੀਪ ਧੌਲਾ ਅਤੇ ਗੁਰਪ੍ਰੀਤ ਸਹਿਣਾ ਨੇ ਵੀ ਵਿਸ਼ੇਸ਼ ਸਹਿਯੋਗ ਪਾਇਆ।

ਇਕਾਈ ਮਾਨਸਾ : 23 ਮਾਰਚ ਨੂੰ ਵੈਨ ਪਿੰਡ ਲੋਹਗੜ੍ਹ ਵਿਖੇ ਤਰਕਸ਼ੀਲ ਮੇਲੇ ਵਿੱਚ ਪੁੱਜੀ। ਜਸਵੀਰ ਸੋਨੀ ਨੇ ਸੰਬੋਧਨ ਕੀਤਾ, ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ।

ਇਕਾਈ ਭੀਖੀ : 24 ਮਾਰਚ ਨੂੰ ਐੱਸ.ਐੱਸ. ਨਰਸਿੰਗ ਕਾਲਜ ਵਿਖੇ ਕੀਤੇ ਪ੍ਰੋਗਰਾਮ ਨੂੰ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਤੇ ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਜਸਪਾਲ ਅਤਲਾ, ਅਵਤਾਰ ਸਿੰਘ ਨੇ ਸਹਿਯੋਗ ਦਿੱਤਾ।

ਇਕਾਈ ਕੁਲਰੀਆਂ : 25 ਮਾਰਚ ਨੂੰ ਮਾਤਾ ਗੁਰਦੇਵ ਕੌਰ ਐਜੂਕੇਸ਼ਨ ਗਰਲਜ਼ ਕਾਲਜ ਵਿਖੇ ਆਯੋਜਿਤ ਤਰਕਸ਼ੀਲ ਪ੍ਰੋਗਰਾਮ ਨੂੰ ਜਸਵੀਰ ਸੋਨੀ ਨੇ ਸੰਬੋਧਨ ਕੀਤਾ। ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਛੋਟੀ ਬੱਚੀ ਜਸ਼ਨਪ੍ਰੀਤ ਨੇ ਗਣਿਤ ਦੀ ਇੱਕ ਖੇਲ ਪੇਸ਼ ਕੀਤੀ। ਇਸਤੋਂ ਬਾਅਦ ਵੈਨ ਮੇਨ ਬਜ਼ਾਰ ਬਰੇਟਾ, ਬਸ ਅੱਡਾ ਕੁਲਰੀਆਂ ਵਿਖੇ ਖੜ੍ਹੀ ਕੀਤੀ ਗਈ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਦਰਸ਼ਨ ਅਜ਼ਾਦ, ਅਮਨ ਕੁਲਰੀਆਂ, ਕਾਲਾ ਟੇਲਰ, ਲਾਭ ਸਿੰਘ ਬੱਪੀਆਣਾ, ਜਸਵੀਰ ਰਘੜਿਆਲ, ਵਧਾਵਾ ਸਿੰਘ, ਹਰਚਰਨ ਸਿੰਘ, ਦਰਸ਼ਨ ਸਿੰਘ, ਕ੍ਰਿਸ਼ਨ ਨੇ ਸਹਿਯੋਗ ਦਿੱਤਾ।

ਕਰਨਲ ਬੀ.ਐੱਡ. ਐਂਡ ਨਰਸਿੰਗ ਕਾਲਜ, ਚੂੜਲ ਕਲਾਂ : 26 ਮਾਰਚ ਨੂੰ ਇਕਾਈ ਕੁਲਰੀਆਂ ਦੇ ਸਹਿਯੋਗ ਨਾਲ ਇੱਥੇ ਰੱਖੇ ਵਿਗਿਆਨਕ ਪ੍ਰੋਗਰਾਮ ਸਮੇਂ ਜਸਵੀਰ ਸੋਨੀ ਨੇ ਆਪਣੇ ਵਿਚਾਰ ਸਾਂਝੇ ਕੀਤੇ। ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਕਾਲਜ ਮੈਨੇਜਮੈਂਟ ਅਤੇ ਸਟਾਫ ਨੇ ਭਰਪੂਰ ਸਹਿਯੋਗ ਦਿੱਤਾ। ਦਰਸ਼ਨ ਆਜ਼ਾਦ, ਜਸਵੀਰ ਰੰਘੜਿਆਲ, ਕਾਲਾ ਟੇਲਰ ਦਾ ਸਹਿਯੋਗ ਪ੍ਰਸ਼ੰਸਾਯੋਗ ਰਿਹਾ।

ਤਰਕਸ਼ੀਲ ਮੇਲਾ, ਮਾਨਸਾ : ਇਕਾਈ ਭੀਖੀ ਵੱਲੋਂ 27 ਅਤੇ 29 ਮਾਰਚ ਨੂੰ ਮੇਲੇ ਵਿੱਚ ਲਗਾਈ ਤਰਕਸ਼ੀਲ ਸਾਹਿਤ ਵੈਨ ਪ੍ਰਦਰਸ਼ਨੀ ਦੌਰਾਨ ਭੁਪਿੰਦਰ ਫੌਜੀ ਨੇ ਵੈਨ ਡਿਊਟੀ ਨਿਭਾਈ।

ਮਾਡਰਨ ਕਾਲਜ, ਬੀਰ ਕਲਾਂ : 31 ਮਾਰਚ ਨੂੰ ਇਕਾਈ ਭੀਖੀ ਵੱਲੋਂ ਇਸ ਸੰਸਥਾ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਜਿਸ ਨੂੰ ਸੂਬਾ ਆਗੂ ਹਰਿੰਦਰ ਲਾਲੀ ਅਤੇ ਜਸਵੀਰ ਸੋਨੀ ਨੇ ਸੰਬੋਧਨ ਕੀਤਾ, ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਵਿਖਾਏ। ਇਸ ਪ੍ਰੋਗਰਾਮ ਵਿੱਚ ਸੁਖਵਿੰਦਰ ਬੀਰ, ਬੂਟਾ ਸਿੰਘ, ਡਾ. ਜੁਗਰਾਜ, ਗੁਰਜੀਤ ਸਿੰਘ ਢੈਪਈ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਇਕਾਈ ਮਹਿਲ ਕਲਾਂ : 4 ਅਪ੍ਰੈਲ ਨੂੰ ਇਸ ਇਕਾਈ ਵੱਲੋਂ 'ਜੋਤਿਸ਼' ਵਿਸ਼ੇ ਤੇ ਕਰਵਾਏ ਸੈਮੀਨਾਰ, ਜਿਸ ਦੇ ਮੁੱਖ ਬੁਲਾਰੇ ਤਰਕਸ਼ੀਲ ਆਗੂ ਸੁਰਜੀਤ ਦੌਧਰ ਅਤੇ ਰਜਿੰਦਰ ਭਦੌੜ ਸਨ, ਸਮੇਂ ਤਰਕਸ਼ੀਲ ਸਾਹਿਤ ਵੈਨ ਪੁੱਜੀ। ਜਸਵੀਰ ਸੋਨੀ ਨੇ ਵੈਨ ਡਿਊਟੀ ਲਗਾਈ।

ਧੰਨਵਾਦ : ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:), ਇੰਨ੍ਹਾਂ ਪ੍ਰੋਗਰਾਮਾਂ ਵਿੱਚ ਸਹਿਯੋਗ ਦੇਣ ਵਾਲੇ ਸਕੂਲ / ਕਾਲਜ ਪ੍ਰਬੰਧਕਾਂ, ਮੁਖੀਆਂ, ਕਰਮਚਾਰੀਆਂ, ਮਾਪਿਆਂ, ਕਲੱਬਾਂ, ਵਿਦਿਆਰਥੀਆਂ ਅਤੇ ਹੋਰ ਸਮਾਜਿਕ ਸੰਸਥਾਵਾਂ ਦਾ ਉਸਾਰੂ ਸਾਹਿਤ ਘਰ-ਘਰ ਪਹੁੰਚਾਉਣ ਲਈ ਦਿੱਤੇ ਸਹਿਯੋਗ ਦਾ ਧੰਨਵਾਦ ਕਰਦੀ, ਭਵਿੱਖ ਵਿੱਖ ਹੋਰ ਭਰਵੇਂ ਸਹਿਯੋਗ ਦੀ ਆਸ ਕਰਦੀ ਹੈ।

ਮੇਰੀਆਂ ਨਜ਼ਰਾਂ 'ਚ...

ਦੋਸਤ ਤੂੰ, ਮੇਰੀਆਂ ਨਜ਼ਰਾਂ 'ਚ
ਉਦੋਂ ਪੜ੍ਹਿਆ ਲਿਖਿਆ ਹੋਵੇਂਗਾ
ਜਦੋਂ ਤੇਰੀਆਂ ਸੋਚਾਂ,
ਨਜਰਾਂ 'ਚ ਭਗਤ ਸਿੰਘ,
ਕਾਵੂਰ ਵਾਂਗ
ਵਿਗਿਆਨਕ ਦ੍ਰਿਸ਼ਟੀਕੋਣ ਹੋਵੇਗਾ।

-ਗੋਰਾ ਹੁਸ਼ਿਆਰਪੁਰੀ
97793-32761

ਸੂਬਾ ਕਮੇਟੀ ਮੈਂਬਰਾਂ ਦੀ ਲਿਸਟ

ਜਥੇਬੰਦਕ ਵਿਭਾਗ ਮੁਖੀ: ਰਜਿੰਦਰ ਭਦੌੜ,
ਪਿੰਡ ਤੇ ਡਾਕ .ਭਦੌੜ, ਜ਼ਿਲਾ ਬਰਨਾਲਾ, 98728-72620

ਵਿਤ ਵਿਭਾਗ ਮੁਖੀ: ਹੇਮ ਰਾਜ ਸਟੈਨੋ
ਤਰਕਸ਼ੀਲ ਭਵਨ, ਬਰਨਾਲਾ, 98769-53561

ਮੈਗਜ਼ੀਨ ਸੰਪਾਦਕ : ਬਲਬੀਰ ਚੰਦ ਲੌਂਗੋਵਾਲ
ਪੱਤੀ ਬਟੂਹਾ, ਲੌਂਗੋਵਾਲ, ਜ਼ਿਲਾ ਸੰਗਰੂਰ, 98153-17028

ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਮੁਖੀ:
ਬਲਵਿੰਦਰ ਬਰਨਾਲਾ, ਗਲੀ ਨੰ:2, ਨਾਨਕਸਰ ਬਸਤੀ,
ਬਰਨਾਲਾ, 98147-32122

ਮਾਨਸਿਕ ਸਿਹਤ ਚੇਤਨਾ ਵਿਭਾਗ ਮੁਖੀ: ਚੰਨਣ ਵਾਂਦਰ
ਪਿੰਡ ਵਾਂਦਰ, ਡਾਕ .ਬਰਗਾੜੀ, ਜ਼ਿਲਾ ਮੋਗਾ-151208
98143-37522

ਸਭਿਆਚਾਰਕ ਵਿਭਾਗ ਮੁਖੀ: ਮਾਸਟਰ ਤਰਲੋਚਨ ਸਿੰਘ
ਵਾਰਡ ਨੰ:11, ਭਗਵਾਨਪੁਰਾ ਰੋਡ, ਸਮਰਾਲਾ,
ਜ਼ਿਲਾ ਲੁਧਿਆਣਾ-141114, 94632-03360

ਮੀਡੀਆ ਵਿਭਾਗ ਮੁਖੀ: ਰਾਮ ਸਵਰਨ ਲੱਖੇਵਾਲੀ
ਭਾਈ ਮਹਾਂ ਸਿੰਘ ਨਗਰ, ਗਲੀ :1, ਬਠਿੰਡਾ-ਬਰਕੰਦੀ ਬਾਈਪਾਸ, ਮੁਕਤਸਰ-152026, 94173-62085

ਸਾਹਿਤ ਵਿਭਾਗ ਮੁਖੀ : ਭੂਰਾ ਸਿੰਘ ਮਹਿਮਾ ਸਰਜਾ
ਪਿੰਡ ਤੇ ਡਾਕ. ਮਹਿਮਾ ਸਰਜਾ , ਵਾਇਆ ਗੋਨਿਆਣਾ, ਜ਼ਿਲਾ ਬਠਿੰਡਾ, 98761-14445

ਪ੍ਰਿੰਟਿੰਗ ਵਿਭਾਗ ਮੁਖੀ: ਸੁਖਵਿੰਦਰ ਬਾਗਪੁਰ
ਪਿੰਡ ਬਾਗਪੁਰ, ਡਾਕ .ਕਾਂਗਣਾ, ਤਹਿ .ਨਕੋਦਰ,
ਜ਼ਿਲਾ ਜਲੰਧਰ, 94174-27538

ਕਾਨੂੰਨ ਵਿਭਾਗ ਮੁਖੀ : ਹਰਿੰਦਰ ਲਾਲੀ ਐਡਵੋਕੇਟ, ਸਿਵਲ ਕੋਰਟ, ਸੁਨਾਮ, ਜ਼ਿਲਾ ਸੰਗਰੂਰ 97792-11000

ਜੋਨਾਂ ਦੇ ਜਥੇਬੰਦਕ ਅਤੇ ਵਿਤ ਮੁਖੀਆਂ ਦੀ ਲਿਸਟ

ਅੰਮ੍ਰਿਤਸਰ ਜੋਨ : ਜਥੇਬੰਦਕ ਮੁਖੀ: ਸੰਦੀਪ ਕੁਮਾਰ ਪੁੱਤਰ ਸ੍ਰੀ ਸੁਰਿੰਦਰਪਾਲ, ਪਿੰਡ ਧਾਰੀਵਾਲ ਭੋਜਾ, ਡਾਕ .ਸ਼ੇਖਵਾਂ, ਜ਼ਿਲਾ ਗੁਰਦਾਸਪੁਰ - 143518, 98155-46700

ਵਿਤ ਮੁਖੀ: ਮੁਖਤਿਆਰ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ,
ਪਿੰਡ ਗੋਪਾਲਪੁਰ ਮੱਝਵਿੰਡ, ਡਾਕ .ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ, 94179-49818

ਬਰਨਾਲਾ ਜੋਨ: ਜਥੇਬੰਦਕ ਮੁਖੀ: ਗੁਰਪ੍ਰੀਤ ਸ਼ਹਿਣਾ, ਪਿੰਡ ਤੇ ਡਾਕ .ਸ਼ਹਿਣਾ, ਤਹਿ. ਤਪਾ, ਜ਼ਿਲਾ ਬਰਨਾਲਾ, 98150-14532

ਵਿਤ ਮੁਖੀ: ਜੁਝਾਰ ਲੌਂਗੋਵਾਲ, ਬਡਬਰ ਰੋਡ, ਲੌਂਗੋਵਾਲ (ਸੰਗਰੂਰ), 94654-30016

ਬਠਿੰਡਾ ਜੋਨ: ਜਥੇਬੰਦਕ ਮੁਖੀ: ਰਣਜੀਤ ਸਿੰਘ, ਐਲ-42, ਸਟਾਫ ਕਲੋਨੀ, ਗਿ. ਜ਼ੈਲ ਸਿੰਘ ਕਾਲਜ ਆਫ ਇੰਜ: ਅਤੇ ਤਕਨਾਲੋਜੀ, ਡੱਬਵਾਲੀ ਰੋਡ, ਬਠਿੰਡਾ, 88725-00252

ਵਿਤ ਮੁਖੀ: ਜੰਟਾ ਸਿੰਘ, ਗਲੀ ਨੰ:2, ਪੁਰਾਣੀ ਰਾਧਾ ਸਆਮੀ ਕਲੋਨੀ, ਰਾਮਪੁਰ, ਜ਼ਿਲਾ ਬਠਿੰਡਾ, 94173-40253

ਚੰਡੀਗੜ੍ਹ ਜੋਨ: ਜਥੇਬੰਦਕ ਮੁਖੀ: ਗੁਰਮੀਤ ਖਰੜ, ਮਕਾਨ ਨੰ:115, ਸੈਕਟਰ-4, ਨੇੜੇ ਬਾਂਸਾਂ ਵਾਲੀ ਚੁੰਗੀ, ਖਰੜ, ਜ਼ਿਲਾ ਮੁਹਾਲੀ, 94634-10877

ਵਿਤ ਮੁਖੀ: ਅਜੀਤ ਪ੍ਰਦੇਸੀ, ਮਕਾਨ ਨੰ:3397, ਗਲੀ ਨੰ:4, ਆਦਰਸ਼ ਨਗਰ, ਰੋਪੜ, 94633-66546

ਫਾਜ਼ਿਲਕਾ ਜੋਨ: ਜਥੇਬੰਦਕ ਮੁਖੀ: ਮਾਸਟਰ ਕੁਲਜੀਤ ਸਿੰਘ, ਪਿੰਡ ਤੇ ਡਾਕ: ਡੰਗਰ ਖੇੜਾ, ਤਹਿ ਤੇ ਜ਼ਿਲਾ ਫਾਜ਼ਿਲਕਾ-152122, 97819-25569

ਵਿਤ ਮੁਖੀ: ਮਾਸਟਰ ਪ੍ਰਵੀਨ ਕੁਮਾਰ ਪੁੱਤਰ ਸ੍ਰੀ ਮਿਲਖ ਰਾਜ, ਪਿੰਡ ਤੇ ਡਾਕ .ਜੰਡਵਾਲਾ, ਤਹਿ .ਜਲਾਲਾਬਾਦ ਪੱਛਮੀ, 98157-30432

ਮਾਨਸਾ ਜੋਨ: ਜਥੇਬੰਦਕ ਮੁਖੀ: ਅੰਮ੍ਰਿਤ ਰਿਸ਼ੀ, ਪਿੰਡ ਤੇ ਡਾਕ. ਖੀਵਾ ਕਲਾਂ, ਜ਼ਿਲਾ ਮਾਨਸਾ - 151504, 94630-23216

ਵਿਤ ਮੁਖੀ: ਰਾਜੇਸ਼ ਕੁਮਾਰ ਪੁੱਤਰ ਸ੍ਰੀ ਹੇਮ ਰਾਜ, ਪਿੰਡ ਤੇ ਡਾਕ. ਅਕਲੀਆ, ਜ਼ਿਲਾ ਮਾਨਸਾ, 98156-70725

ਨਵਾਂ ਸ਼ਹਿਰ ਜੋਨ: ਜਥੇਬੰਦਕ ਮੁਖੀ: ਜੋਗਿੰਦਰ ਕੁੱਲੇਵਾਲ, ਪਿੰਡ ਕੁੱਲੇਵਾਲ, ਡਾਕ .ਗੋਗੋਂ, ਤਹਿ .ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ- 144527, 94786-75576

ਵਿਤ ਮੁਖੀ: ਜਸਵੀਰ ਮੋਰੋਂ, ਪਿੰਡ ਤੇ ਡਾਕ .ਮੋਰੋਂ, ਜ਼ਿਲਾ ਜਲੰਧਰ, 94172-62838

ਪਟਿਆਲਾ ਜੋਨ: ਜਥੇਬੰਦਕ ਮੁਖੀ: ਰਾਮ ਕੁਮਾਰ ਢਕਡੱਬਾ, ਮਕਾਨ ਨੰ: 87, ਗਲੀ ਨੰ: 1-ਏ/3, ਗੁਰੂ ਨਾਨਕ ਨਗਰ, ਪਟਿਆਲਾ, 98156-49407

ਵਿਤ ਮੁਖੀ: ਹਰਚੰਦ ਭਿੰਡਰ, 8336, ਟਾਈਪ-3, ਡੀ .ਐਮ .ਡਵਲਯੂ ਕਲੋਨੀ, ਪਟਿਆਲਾ, 94179-23785

ਜਲੰਧਰ ਜੋਨ : ਜਥੇਬੰਦਕ ਮੁਖੀ: ਮਾਸਟਰ ਸੁਖਦੇਵ ਸਿੰਘ, ਗਰੀਨ ਪਾਰਕ, ਫਗਵਾੜਾ, 98726-36037

ਵਿਤ ਮੁਖੀ: ਬਿੱਟੂ ਰੁਪੇਵਾਲੀ, ਪਿੰਡ ਰੁਪੇਵਾਲ, ਜ਼ਿਲਾ ਜਲੰਧਰ, 94177-11161

ਲੁਧਿਆਣਾ ਜੋਨ : ਜਥੇਬੰਦਕ ਮੁਖੀ: ਜਸਵੰਤ ਜ਼ੀਰਖ, 295-ਐਲ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ, 98151-69825

ਵਿਤ ਮੁਖੀ : ਆਤਮਾ ਸਿੰਘ, 226 ਸ਼ਹੀਦ ਕਰਨੈਲ ਸਿੰਘ ਨਗਰ, ਫੇਜ਼-3, ਪੱਖੋਵਾਲ ਰੋਡ, ਲੁਧਿਆਣਾ, 94172-91426

ਜ਼ੁਰਮ ਹੈ ਜੇ ਜਗਮਗਾਉਣਾ, ਗੁਣਗੁਣਾਉਣਾ, ਮਹਿਕਣਾ, ਮਾਣ ਹੈ, ਮੁਜ਼ਰਿਮ ਹਾਂ, ਮੈਨੂੰ ਹਰ ਸਜ਼ਾ ਮਨਜ਼ੂਰ ਹੈ ... ਹਰਦਿਆਲ ਸਾਗਰ

ਆਹ ! ਅਵੀਜੀਤ



ਬੰਗਲਾਦੇਸ਼ੀ ਮੂਲ ਦਾ ਲੇਖਕ , ਅਲੋਚਕ, ਕਾਲਮਨਵੀਸ ਤੇ ਬਲੌਗਰ ਅਵੀਜੀਤ ਨਹੀ ਰਿਹਾ। ਉਸਨੂੰ ਫਿਰਕੂ ਜ਼ਹਿਨੀਅਤ ਵਾਲੇ ਜਨੂੰਨੀਆਂ ਨੇ ਨਿਗਲ ਲਿਆ। ਉਸ ਨੇ ਇੰਜਨੀਅਰਿਗ ਕਰਨ ਉਪਰੰਤ ਬਾਇਓ ਮੈਡੀਕਲ ਵਿੱਚ ਪੀ. ਐੱਚ. ਡੀ. ਕੀਤੀ। 'ਵਿਸ਼ਵਾਸ ਤੇ ਵਿਗਿਆਨ', 'ਨਾਸਤਿਕਤਾ ਦੀ ਫਿਲਾਸਫ਼ੀ' ਤੇ 'ਵਿਚਾਰਾਂ ਦੀ ਆਜ਼ਾਦੀ' ਜਿਹੀਆਂ 10 ਅਹਿਮ ਪੁਸਤਕਾਂ ਦਾ ਲੇਖਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਮੁਦੱਈ ਸੀ। ਉਹ ਸੰਸਾਰ ਪੱਧਰ ਤੇ ਮਨੁੱਖੀ ਅਧਿਕਾਰਾਂ ਦਾ ਵੀ ਹਾਮੀ ਸੀ।ਉਹ ਆਪਣੇ ਵਿਗਿਆਨਕ ਵਿਚਾਰਾਂ ਦੇ ਪਸਾਰੇ ਲਈ 'ਮੁਕਤੋਂ ਮੋਨਾ' ਨਾਂ ਦਾ ਬਲੋਗ ਚਲਾਇਆ। ਉਸ ਦੇ ਨਾਸਤਿਕ ਵਿਚਾਰਾਂ ਕਾਰਨ ਜਿੱਥੇ ਦੁਨੀਆਂ ਭਰ 'ਚ ਉਸਦੇ ਹਜ਼ਾਰਾਂ ਪ੍ਰਸ਼ੰਸਕ ਸਨ। ਉੱਥੇ ਧਰਮ 'ਚ ਅੰਨ੍ਹੀ ਆਸਥਾ ਰੱਖਣ ਵਾਲੇ, ਕੱਟੜਵਾਦੀ ਤੇ ਫਿਰਕਾਪ੍ਰਸਤ ਉਸਦੇ ਵਿਰੋਧੀਆਂ 'ਚ ਸ਼ਾਮਲ ਸਨ। ਅਜਿਹੇ ਜਨੂੰਨੀ ਲੋਕ ਅਕਸਰ ਹੀ ਉਸਨੂੰ ਧਮਕੀਆਂ ਦਿੰਦੇ ਰਹਿੰਦੇ ਸਨ।26 ਫਰਵਰੀ 2015 ਨੂੰ ਜਦੋਂ ਉਹ ਆਪਣੀ ਪੁਸਤਕ ਦੇ ਸਬੰਧ 'ਚ ਬੰਗਲਾ ਦੇਸ਼ ਅਇਆ ਤਾਂ ਫਿਰਕਾਪ੍ਰਸਤੀ ਦੇ ਡੰਗੇ ਜ਼ਹਿਰੀਆਂ ਨੇ ਉਸਨੂੰ ਤੇਜ਼ ਹਥਿਆਰਾਂ ਨਾਲ ਸ਼ਹੀਦ ਕਰ ਦਿੱਤਾ ਤੇ ਉਸ ਦੀ ਜੀਵਨ ਸਾਥਣ ਨੂੰ ਗੰਭੀਰ ਰੂਪ ਵਿੱਚ ਜਖ਼ਮੀ। ਅਵੀਜੀਤ 'ਤੇ ਲੁਕ ਕੇ ਹਮਲਾ ਕਰਨ ਤੇ ਕਤਲ ਕਰਨ ਦੀ ਜ਼ਿੰਮੇਵਾਰੀ ਬੰਗਲਾ ਦੇਸ਼ੀ ਮੌਲਾਣਿਆਂ ਨੇ ਯੂਨੀਵਰਸਿਟੀ 'ਚ ਪੋਸਟਰ ਲਗਾ ਕੇ ਲਈ। ਅਵੀਜੀਤ ਵਿਗਿਆਨਕ, ਨਾਸਤਿਕ ਤੇ ਮਾਨਵਵਾਦੀ ਸੋਚ ਦਾ ਅਹਿਮ ਕਾਰਜ ਕਰ ਰਿਹਾ ਸੀ। ਜਿਸ ਨੂੰ ਕਤਲ ਕਰਕੇ ਫ਼ਿਰਕੂ ਅਨਸਰਾਂ ਨੇ ਉਸ ਦੇ ਵਿਚਾਰਾਂ ਨੂੰ ਮਾਰਨ ਦਾ ਭਰਮ ਪਾਲਿਆ ਹੈ। ਅਵੀਜੀਤ ਦੇ ਫਿਰਕੂ ਕਾਤਲਾਂ ਨੂੰ ਲਾਹਨਤ ਪਾਉਣ ਲਈ ਸੰਸਾਰ ਪੱਧਰ ਤੇ ਪ੍ਰਦਰਸ਼ਨ ਹੋਏ ਤੇ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ 'ਚ ਅਗਾਂਹਵਧੂ ਸੋਚ ਦੇ ਲੋਕਾਂ ਨੇ ਮਸ਼ਾਲ ਮਾਰਚ ਕਰਕੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਜ਼ਿੰਦਗੀ ਤੇ ਸਮਾਜ ਨੂੰ ਅੰਧਵਿਸਵਾਸ਼ਾਂ ਤੇ ਆਸਥਾ ਤੋਂ ਮੁਕਤ ਕਰਨਾ ਲੋਚਦੇ ਅਵੀਜੀਤ ਦੀ ਜੰਗ ਜਾਰੀ ਰਹੇਗੀ। ਇਹੋ ਹੀ ਰੁਸ਼ਨਾਈ ਦੇ ਪ੍ਰਤੀਕ ਅਵੀਜੀਤ ਨੂੰ ਸਤਿਕਾਰ ਹੈ।



ਅਵੀਜੀਤ ਦੀ ਸ਼ਹਾਦਤ ਉਪਰੰਤ ਫਿਰਕਾਪਸਤ ਤਾਕਤਾਂ ਖਿਲਾਫ ਢਾਕਾ ਵਿਖੇ ਕੀਤੇ ਗਏ ਮਸ਼ਾਲ ਮਾਰਚ ਦਾ ਦ੍ਰਿਸ਼

ਸਲਾਮ ਫ਼ਰਖੰਦਾ !



ਏਸ਼ੀਆ ਖਿੱਤੇ ਵਿੱਚ ਭਾਰਤ ਦੇ ਡਾ. ਨਰੇਂਦਰ ਦਾਭੋਲਕਰ, ਗੋਵਿੰਦ ਪੰਸਾਰੇ ਤੇ ਬੰਗਲਾ ਦੇਸ਼ 'ਚ ਢਾਕਾ ਵਿਖੇ ਲੇਖਕ ਅਵੀਜੀਤ ਦੀ ਸ਼ਾਹਦਤ ਤੋਂ ਬਾਅਦ ਅੰਧਵਿਸ਼ਵਾਸਾਂ ਤੇ ਪਿਛਾਂਹਖਿਚੂ ਕਦਰਾਂ ਕੀਮਤਾਂ ਖਿਲਾਫ਼ ਖੁੱਲ੍ਹ ਕੇ ਬੋਲਣ ਵਾਲੀ ਅਫ਼ਗਾਨ ਨੌਜਵਾਨ ਔਰਤ ਨੂੰ ਲੋਕਾਂ ਵੱਲੋਂ ਪੱਥਰ ਮਾਰ ਕੇ ਮਾਰਨ ਦੀ ਹਿਰਦੇਵਰਧਕ ਘਟਨਾ ਨੇ ਸੰਸਾਰ ਭਰ ਦੇ ਪ੍ਰਗਤੀਵਾਦੀਆਂ ਨੂੰ ਮੁੜ ਸੋਚਣ ਲਈ ਮਜ਼ਬੂਰ ਕੀਤਾ ਹੈ।27 ਸਾਲਾਂ ਇਹ ਅਫ਼ਗਾਨ ਔਰਤ ਇਸਲਾਮਕ ਸਟੱਡੀ ਵਿੱਚ ਗਰੈਜੂਏਟ ਹੋਣ ਦੇ ਨਾਲ ਨਾਲ ਅੰਧਵਿਸ਼ਵਾਸਾਂ ਦੇ ਵਪਾਰੀਆਂ ਨੂੰ ਫਿਟਕਾਰ ਲਗਾਉਂਦੀ ਸੀ। ਉਸ ਦੇ ਪ੍ਰਚਾਰ ਦੇ ਚਲਦਿਆਂ ਤਾਂਤਰਿਕਾਂ ਤੇ ਤਾਵੀਜ਼ ਵੇਚਣ ਵਾਲਿਆਂ ਦੇ ਗ੍ਰਾਹਕ ਦਿਨੋਂ ਦਿਨ ਘਟ ਰਹੇ ਸਨ। ਇਨ੍ਹਾਂ ਵਪਾਰੀਆਂ ਨੇ ਧਰਮ ਦੀ ਓਟ 'ਚ ਫ਼ਰਖੰਦਾ 'ਤੇ ਕੁਫ਼ਰ ਤੋਲਣ ਦਾ ਦੋਸ਼ ਲਾਇਆ। ਸਿੱਟੇ ਵਜੋਂ ਧਰਮ ਦੇ ਨਸ਼ੇ 'ਚ ਅੰਨ੍ਹੇ ਹੋਏ ਫਿਰਕਾਪ੍ਰਸਤ ਜਨੂੰਨੀਆਂ ਨੇ ਪੱਥਰ ਮਾਰ-ਮਾਰ ਕੇ ਫਰਖੰਦਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਕਾਬਲ ਨਦੀ ਦੇ ਕਿਨਾਰੇ ਉਸ ਨੂੰ ਅੱਗ ਲਾ ਦਿੱਤੀ। ਬੀ.ਬੀ.ਸੀ. ਦੀ ਇੱਕ ਰਿਪੋਰਟ ਅਨੁਸਾਰ ਫ਼ਰਖੰਦਾ ਦੀ ਮੌਤ ਉਪਰੰਤ ਅਫ਼ਗਾਨੀ ਔਰਤਾਂ ਨੇ ਧਰਮ ਦੀਆਂ ਰਵਾਇਤਾਂ ਤੋੜ ਕੇ ਉਸ ਦੇ ਜਨਾਜ਼ੇ ਨੂੰ ਮੋਢਾ ਦਿੱਤਾ। ਕਾਬੁਲ ਵਿੱਚ ਫ਼ਰਖੰਦਾ ਲਈ ਨਿਆਂ ਹਾਸਲ ਕਰਨ ਵਾਸਤੇ ਵਿਸ਼ਾਲ ਰੋਸ ਮਾਰਚ 'ਤੇ ਮੁਜ਼ਾਹਰੇ ਹੋਏ ਤੇ ਲੋਕਾਂ ਨੇ ਫ਼ਰਖੰਦਾ ਦੀ ਮੌਤ ਲਈ ਜਿੰਮੇਵਾਰ ਤਾਵੀਜ਼ ਵੇਚਣ ਵਾਲੇ, ਜਾਦੂ ਟੂਣਾ ਕਰਨ ਵਾਲੇ ਤਾਂਤਰਿਕਾਂ ਖਿਲਾਫ਼ ਵੀ ਲਾਮਬੰਦ ਹੋਣਾ ਸ਼ੁਰੂ ਕਰ ਦਿੱਤਾ ਹੈ। ਅੰਧਵਿਸ਼ਵਾਸਾਂ ਖਿਲਾਫ਼ ਸੰਘਰਸ਼ ਕਰਦਿਆਂ ਸੱਚ ਦੇ ਰਸਤੇ ਤੁਰੀ ਵਾਲੀ 'ਤੇ ਸ਼ਹਾਦਤ ਪਾਉਣ ਵਾਲੀ ਫਰਖੰਦਾ ਨੂੰ ਸਲਾਮ ਹੈ। ਉਸਦਾ ਰਾਹ ਸਾਡਾ ਰਾਹ ਹੈ।



ਕਾਬੁਲ 'ਚ ਕਾਤਲਾਂ ਖਿਲਾਫ ਹੋਏ ਰੋਸ ਪ੍ਰਦਰਸ਼ਨ ਦਾ ਦ੍ਰਿਸ਼

ਜਿਲਦ ਨੰ : 12 ਰਜਿ ਨੰ: PUNPUN/2002/5393 ਅੰਕ : 3

ਸੂਬਾਈ ਡੈਲੀਗੇਟ ਇਜਲਾਸ ਬਰਨਾਲਾ



ਇਜਲਾਸ ਦੌਰਾਨ ਪੁਸਤਕਾਂ ਰਿਲੀਜ਼ ਕਰਨ ਦਾ ਦ੍ਰਿਸ਼



ਨਵੀਂ ਚੁਣੀ ਗਈ ਕਾਰਜਕਾਰਨੀ ਕਮੇਟੀ ਦੇ ਮੈਂਬਰ

ਪੇਸ਼ਕਦਮੀਆਂ



ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਕਿਸਾਨ ਮੇਲੇ 'ਚ ਪਾਣੀ ਵਾਲੀ ਗਾਗਰ ਦਾ ਰਹੱਸ ਉਜਾਗਰ ਕਰਦੇ ਹੋਏ ਰਾਜਿੰਦਰ ਭਦੌੜ

ਤਸਵੀਰ : ਸੁਖਵਿੰਦਰ ਲੀਲ੍ਹ





ਇਜਲਾਸ ਵਿੱਚ ਹਾਜ਼ਰ ਡੈਲੀਗੇਟ

ਤਸਵੀਰਾਂ : ਕੁਲਵਿੰਦਰ ਨਗਾਰੀ

If undelivered please return to :

Tarksheel

Tarksheel Bhawan, Tarksheel Chowk, Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....